@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 5 October 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 5 ਅਕਤੂਬਰ 2025, 21 ਅੱਸੂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 326, qpatrika@gmail.com ਫੋਨ : 9971359517 www.qaumipatrika.org




# ਗ੍ਰੈਜੂਏਟ ਨੌਜਵਾਨਾਂ ਦੇ ਖਾਤਿਆਂ 'ਚ ਆਉਣਗੇ 1000-1000 ਰੁਪਏ, ਪ੍ਰਧਾਨ ਮੰਤਰੀ ਮੋਦੀ ਨੇ ਕੀਤਾ ਐਲਾਨ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 4 ਅਕਤੂਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਿਹਾਰ ਦੇ ਨੌਜਵਾਨਾਂ ਨੂੰ ਆਕਰਸ਼ਿਤ ਕਰਨ ਲਈ ਇੱਕ ਵੱਡੀ ਯੋਜਨਾ ਦਾ ਐਲਾਨ ਕੀਤਾ ਹੈ। ਅੱਜ ਪ੍ਰਧਾਨ ਮੰਤਰੀ ਨੇ ਬਿਹਾਰ ਦੇ ਨੌਜਵਾਨਾਂ ਲਈ 62,000 ਕਰੋੜ ਰੁਪਏ ਦੀਆਂ ਯੋਜਨਾਵਾਂ ਦਾ ਤੋਹਫ਼ਾ ਦਿੱਤਾ, ਜਿਸ ਵਿੱਚ 5 ਲੱਖ ਗ੍ਰੈਜੂਏਟ ਵਿਦਿਆਰਥੀਆਂ ਨੂੰ ਹਰ ਮਹੀਨੇ ਭੱਤਾ ਦੇਣਾ ਸ਼ਾਮਲ ਹੈ। ਸਰੋਤਾਂ ਮੁਤਾਬਕ ਇਹ ਯੋਜਨਾ ਅਜਿਹੇ ਸਮੇਂ ਸ਼ੁਰੂ ਕੀਤੀ ਗਈ ਹੈ ਜਦੋਂ ਬਿਹਾਰ ਵਿੱਚ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ ਅਤੇ ਰਾਜਨੀਤਿਕ ਪਾਰਟੀਆਂ ਵੱਲੋਂ ਵੋਟਰਾਂ ਨੂੰ ਲੁਭਾਉਣ ਲਈ ਕਈ ਯੋਜਨਾਵਾਂ ਪੇਸ਼ ਕੀਤੀਆਂ ਜਾ ਰਹੀਆਂ ਹਨ। ਇਸ ਯੋਜਨਾ ਦਾ ਮੁੱਖ ਉਦੇਸ਼ ਖਾਸ ਕੋਰਸਾਂ ਵਿੱਚ ਗ੍ਰੈਜੂਏਸ਼ਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਆਰਥਿਕ ਸਹਾਇਤਾ ਪ੍ਰਦਾਨ ਕਰਨਾ ਹੈ। ਪ੍ਰਧਾਨ ਮੰਤਰੀ ਮੋਦੀ ਵੱਲੋਂ ਐਲਾਨੀ ਗਈ ਇਸ ਯੋਜਨਾ ਤਹਿਤ: ਗ੍ਰੈਜੂਏਟ ਵਿਦਿਆਰਥੀਆਂ ਨੂੰ ਹਰ ਮਹੀਨੇ 1000 ਰੁਪਏ ਦੀ



ਸਹਾਇਤਾ ਰਾਸ਼ੀ ਦਿੱਤੀ ਜਾਵੇਗੀ। ਇਹ ਮਹੀਨਾਵਾਰ ਭੱਤਾ ਕੋਰਸ ਖਤਮ ਹੋਣ ਤੋਂ ਬਾਅਦ 2 ਸਾਲਾਂ ਤੱਕ ਦਿੱਤਾ ਜਾਵੇਗਾ, ਤਾਂ ਜੋ ਬੇਰੋਜ਼ਗਾਰੀ ਦੌਰਾਨ ਉਨ੍ਹਾਂ ਨੂੰ ਆਰਥਿਕ ਸਹਾਇਤਾ ਮਿਲ ਸਕੇ। ਇਹ ਰਾਸ਼ੀ ਸਿੱਧੇ ਵਿਦਿਆਰਥੀਆਂ ਦੇ ਖਾਤਿਆਂ ਵਿੱਚ ਟ?ਰਾਂਸਫਰ ਕੀਤੀ ਜਾਵੇਗੀ। ਪ੍ਰਧਾਨ ਮੰਤਰੀ ਮੋਦੀ ਨੇ ਇਸ ਪ੍ਰੋਜੈਕਟ ਦੀ ਸ਼ੁਰੂਆਤ ਕਰਦਿਆਂ ਬਿਹਾਰ ਵਿੱਚ ਇੱਕ ਨਵੀਂ ਸਕਿੱਲ ਯੂਨੀਵਰਸਿਟੀ ਦਾ ਵੀ ਉਦਘਾਟਨ ਕੀਤਾ ਹੈ। ਇਹ ਯੂਨੀਵਰਸਿਟੀ ਨੌਜਵਾਨਾਂ ਨੂੰ ਉਦਯੋਗ-ਆਧਾਰਿਤ ਕੋਰਸ ਪ੍ਰਦਾਨ ਕਰੇਗੀ, ਜਿਸ ਨਾਲ ਉਹ ਰੁਜ਼ਗਾਰ ਲਈ ਤਿਆਰ ਹੋ ਸਕਣਗੇ। ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਨੇ ਸਟੂਡੈਂਟ ਕ੍ਰੈਡਿਟ ਕਾਰਡ ਯੋਜਨਾ ਨੂੰ ਵੀ ਨਵੇਂ ਰੂਪ ਵਿੱਚ ਲਾਂਚ ਕੀਤਾ ਹੈ। ਇਸ ਯੋਜਨਾ ਤਹਿਤ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਵਿਦਿਆਰਥੀਆਂ ਨੂੰ ਸਿੱਖਿਆ ਲੋਨ (Education Loan) ਮੁਹੱਈਆ ਕਰਵਾਇਆ ਜਾਵੇਗਾ। ਇਸ ਯੋਜਨਾ ਦੇ ਤਹਿਤ ਪਹਿਲਾਂ ਹੀ 3.92 ਲੱਖ ਤੋਂ ਵੱਧ ਵਿਦਿਆਰਥੀਆਂ ਨੂੰ 7,880 ਕਰੋੜ ਤੋਂ ਵੱਧ ਦਾ ਲੋਨ ਦਿੱਤਾ ਜਾ ਚੁੱਕਾ ਹੈ। ਨਾਲ ਹੀ, ਬਿਹਾਰ ਦੇ ਨੌਜਵਾਨਾਂ ਦੀ ਸਮਰੱਥਾ ਦਾ ਮੁਲਾਂਕਣ ਕਰਨ ਲਈ ਬਿਹਾਰ ਯੁਵਾ ਆਯੋਗ ਦਾ ਵੀ ਉਦਘਾਟਨ ਕੀਤਾ ਗਿਆ ਹੈ, ਜਿਸ ਵਿੱਚ 18 ਤੋਂ 45 ਸਾਲ ਦੀ ਉਮਰ ਦੇ ਲੋਕ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਇਸ ਯੋਜਨਾ ਦਾ ਐਲਾਨ ਪਹਿਲਾਂ ਰਾਜ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਕੀਤਾ ਸੀ। ਉਨ੍ਹਾਂ ਨੇ ਦੱਸਿਆ ਸੀ ਕਿ ਲਗਭਗ 60 ਹਜ਼ਾਰ ਕਰੋੜ ਰੁਪਏ ਦੇ ਨਿਵੇਸ਼ ਨਾਲ ਦੇਸ਼ ਭਰ ਦੇ 1000 ਸਰਕਾਰੀ ਆਈ.ਟੀ.ਆਈ. ਦਾ ਵਿਕਾਸ ਕੀਤਾ ਜਾਵੇਗਾ ਅਤੇ ਇਸ ਨਾਲ ਪੀਐਮ ਸੇਤੂ ਯੋਜਨਾ ਦੀ ਸ਼ੁਰੂਆਤ ਕੀਤੀ ਜਾਵੇਗੀ।

## ਆਦਿੱਤਿਆ ਸਾਹੂ ਝਾਰਖੰਡ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਨਿਯੁਕਤ

**ਕੌਮੀ ਪਤ੍ਰਿਕਾ**
**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 4 ਅਕਤੂਬਰ। ਭਾਜਪਾ ਨੇ ਰਾਜ ਸਭਾ ਦੇ ਮੈਂਬਰ ਆਦਿੱਤਿਆ ਸਾਹੂ ਨੂੰ ਝਾਰਖੰਡ ਦੀ ਸੂਬਾਈ ਇਕਾਈ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ। ਇਕ ਬਿਆਨ 'ਚ ਕਿਹਾ ਗਿਆ ਹੈ ਕਿ ਇਹ ਨਿਯੁਕਤੀ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਜੇ. ਪੀ. ਨੱਡਾ ਵੱਲੋਂ ਕੀਤੀ ਗਈ ਹੈ। ਸਾਹੂ ਸਾਬਕਾ ਸੰਸਦ ਮੈਂਬਰ ਰਵਿੰਦਰ ਕੁਮਾਰ ਦੀ ਥਾਂ ਲੈਣਗੇ, ਜਿਨ੍ਹਾਂ ਨੂੰ ਪਿਛਲੇ ਸਾਲ ਅਕਤੂਬਰ 'ਚ ਸੂਬਾਈ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਇਹ ਅਹੁਦਾ ਦਿੱਤਾ ਗਿਆ ਸੀ। ਭਾਜਪਾ ਸੱਤਾਧਾਰੀ ਝਾਰਖੰਡ ਮੁਕਤੀ ਮੋਰਚਾ ਤੋਂ ਚੋਣਾਂ ਹਾਰ ਗਈ ਸੀ। ਆਦਿੱਤਿਆ ਰਾਏ ਨੂੰ ਉਨ੍ਹਾਂ ਦੀ ਨਿਯੁਕਤੀ ਤੋਂ ਇਕ ਸਾਲ ਅੰਦਰ ਬਦਲਣ ਦਾ ਪਾਰਟੀ ਦਾ ਫੈਸਲਾ ਸੂਬਾਈ ਇਕਾਈ ਨੂੰ ਮੁੜ ਗਠਿਤ ਕਰਨ ਤੇ ਪੂਰਬੀ ਸੂਬੇ 'ਚ ਇਸ ਦੇ ਸੰਗਠਨਾਤਮਕ ਢਾਂਚੇ ਨੂੰ ਮਜ਼ਬੂਤ ਕਰਨ ਦੇ ਯਤਨਾਂ ਨੂੰ ਦਰਸਾਉਂਦਾ ਹੈ।

## ਫਾਜ਼ਿਲਕਾ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਦੌਰੇ 'ਤੇ ਸੁਖਬੀਰ ਬਾਦਲ

ਫਾਜ਼ਿਲਕਾ 4 ਅਕਤੂਬਰ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅੱਜ ਫਾਜ਼ਿਲਕਾ ਜ਼ਿਲ੍ਹੇ ਦੇ ਦੌਰੇ 'ਤੇ ਹਨ। ਇਸ ਦੌਰਾਨ ਉਨ੍ਹਾਂ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਜਾ ਰਿਹਾ ਹੈ। ਇੰਨਾ ਹੀ ਨਹੀਂ, ਬਰਸਾਤਾਂ ਕਾਰਨ ਟੁੱਟੀਆਂ ਡਰੇਨਾਂ ਕਰਕੇ ਪ੍ਰਭਾਵਿਤ ਹੋਏ ਇਲਾਕੇ ਸਾਬੂਆਣਾ 'ਚ ਵੀ ਸੁਖਬੀਰ ਸਿੰਘ ਬਾਦਲ ਪਹੁੰਚੇ, ਜਿੱਥੇ ਉਨ੍ਹਾਂ ਨੇ ਇਲਾਕੇ ਦੇ ਲੋਕਾਂ ਨੂੰ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ ਹੈ।

# ਸੀਐਮ ਰੇਖਾ ਗੁਪਤਾ ਨੇ ਪੱਲਾ ਤੋਂ ਆਈਟੀਓ ਤੱਕ ਯਮੁਨਾ ਦਾ ਨਿਰੀਖਣ ਕੀਤਾ

**ਕੌਮੀ ਪਤ੍ਰਿਕਾ**
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ, 4 ਅਕਤੂਬਰ: ਦਿੱਲੀ ਦੀ ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਨੇ ਕੱਲ੍ਹ ਯਮੁਨਾ ਦੇ ਕੰਢੇ ਬਣੇ ਘਾਟਾਂ ਦਾ ਨਿਰੀਖਣ ਕੀਤਾ, ਜੋ ਕਿ ਆਸਥਾ ਦਾ ਮਹਾਨ ਤਿਉਹਾਰ ਹੈ, ਛੱਠ ਪੂਜਾ ਦੀਆਂ ਤਿਆਰੀਆਂ ਹਨ। ਮੁੱਖ ਮੰਤਰੀ ਨੇ ਕਿਸ਼ਤੀ 'ਤੇ ਸਵਾਰ ਹੋ ਕੇ ਯਮੁਨਾ ਦੇ ਪ੍ਰਵੇਸ਼ ਦੁਆਰ ਪੱਲਾ ਤੋਂ ਆਈਟੀਓ ਤੱਕ ਛੱਠ ਪੂਜਾ ਦੇ ਪ੍ਰਬੰਧਾਂ ਨਾਲ ਸਬੰਧਤ ਘਾਟਾਂ ਦੀ ਸਥਿਤੀ ਦਾ ਜਾਇਜ਼ਾ ਲਿਆ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਦੇ ਯਤਨਾਂ ਸਦਕਾ, ਇਸ ਵਾਰ ਛੱਠ ਤਿਉਹਾਰ ਪਹਿਲਾਂ ਨਾਲੋਂ ਵੀ ਜ਼ਿਆਦਾ ਸ਼ਾਨਦਾਰ ਅਤੇ ਸੁਵਿਧਾਜਨਕ ਢੰਗ ਨਾਲ ਮਨਾਇਆ ਜਾਵੇਗਾ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਦਿੱਲੀ ਸਰਕਾਰ ਸ਼ਹਿਰ ਦੇ ਅੰਦਰ ਬਣਾਏ ਜਾ ਰਹੇ ਸੈਂਕੜੇ ਛੱਠ ਘਾਟਾਂ 'ਤੇ ਹਰ ਤਰ੍ਹਾਂ ਦੀਆਂ ਤਿਆਰੀਆਂ ਨੂੰ ਯਕੀਨੀ ਬਣਾ ਰਹੀ ਹੈ। ਇਸ ਦੌਰੇ 'ਤੇ ਮੁੱਖ ਮੰਤਰੀ ਦੇ ਨਾਲ ਦਿੱਲੀ ਸਰਕਾਰ ਦੇ ਕੈਬਨਿਟ ਮੰਤਰੀ ਸ੍ਰੀ ਪਰਵੇਸ਼ ਸਾਹਿਬ ਸਿੰਘ, ਸ੍ਰੀ ਕਪਿਲ ਮਿਸ਼ਰਾ, ਵਿਧਾਇਕ ਸ੍ਰੀ ਅਭੈ ਵਰਮਾ ਅਤੇ ਸਬੰਧਤ ਵਿਭਾਗਾਂ ਦੇ ਅਧਿਕਾਰੀ ਸਨ। ਮੁੱਖ ਮੰਤਰੀ ਨੇ ਪੱਲਾ ਨੇੜੇ ਘਾਟ ਤੋਂ ਆਪਣਾ ਨਿਰੀਖਣ ਸ਼ੁਰੂ ਕੀਤਾ ਅਤੇ ਸ਼ਿਆਮ ਘਾਟ, ਗੀਤਾ ਕਲੋਨੀ, ਸੋਨੀਆ ਵਿਹਾਰ, ਬੋਟ ਕਲੱਬ ਅਤੇ ਹਾਥੀ



ਘਾਟ ਵਿਖੇ ਛੱਠ ਪੂਜਾ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ। ਆਈਟੀਓ ਨੇੜੇ ਹਾਥੀ ਘਾਟ 'ਤੇ ਪਹੁੰਚਣ 'ਤੇ, ਯਮੁਨਾ ਘਾਟ 'ਤੇ ਮੌਜੂਦ ਔਰਤਾਂ ਨੇ ਰਵਾਇਤੀ ਛੱਠ ਪੂਜਾ ਗੀਤਾਂ ਅਤੇ ਰਸਮਾਂ ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਉਨ੍ਹਾਂ ਮੁੱਖ ਮੰਤਰੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸਰਕਾਰ ਦੇ ਯਤਨਾਂ ਸਦਕਾ, ਇਸ ਸਾਲ ਦਾ ਛੱਠ ਤਿਉਹਾਰ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਸ਼ਾਨਦਾਰ ਅਤੇ ਸੁਵਿਧਾਜਨਕ ਢੰਗ ਨਾਲ ਮਨਾਇਆ ਜਾਵੇਗਾ। ਔਰਤਾਂ ਦੇ ਆਸ਼ੀਰਵਾਦ ਨੂੰ ਸਵੀਕਾਰ ਕਰਦੇ ਹੋਏ, ਮੁੱਖ ਮੰਤਰੀ ਨੇ ਕਿਹਾ ਕਿ ਇਹ ਤਿਉਹਾਰ ਮਾਂ ਸ਼ਕਤੀ ਪ੍ਰਤੀ ਵਿਸ਼ਵਾਸ ਅਤੇ ਕੁਦਰਤ ਪ੍ਰਤੀ ਸ਼ਰਧਾ ਦਾ ਪ੍ਰਤੀਕ ਹੈ, ਅਤੇ ਦਿੱਲੀ ਸਰਕਾਰ ਇਸਨੂੰ ਬਹੁਤ ਸਤਿਕਾਰ ਅਤੇ ਸ਼ਾਨ ਨਾਲ ਆਯੋਜਿਤ ਕਰਨ ਲਈ ਵਚਨਬੱਧ ਹੈ। ਨਿਰੀਖਣ ਦੌਰਾਨ, ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਨੇ ਕਿਹਾ ਕਿ ਇਸ ਸਾਲ ਦਿੱਲੀ ਸਰਕਾਰ ਦਾ ਟੀਚਾ ਰਾਜਧਾਨੀ ਦੇ ਵਸਨੀਕਾਂ ਨੂੰ ਇੱਕ ਸ਼ਾਨਦਾਰ, ਸਾਫ਼ ਅਤੇ ਇਤਿਹਾਸਕ ਛਠ ਤਿਉਹਾਰ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਛਠ ਘਾਟ ਯਮੁਨਾ ਨਦੀ ਦੇ ਨਾਲ-ਨਾਲ ਪੱਲਾ ਤੋਂ ਓਖਲਾ ਤੱਕ, ਜਿੱਥੇ ਵੀ ਆਬਾਦੀ ਵਾਲੇ ਖੇਤਰ ਹਨ, ਬਣਾਏ ਜਾਣਗੇ, ਜਿਸ ਨਾਲ ਸ਼ਰਧਾਲੂ ਨੇੜਲੇ ਸਥਾਨ 'ਤੇ ਪੂਜਾ ਕਰ ਸਕਣਗੇ। ਇਸ ਤੋਂ ਇਲਾਵਾ, ਦਿੱਲੀ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਸ਼ਹਿਰ ਦੇ ਅੰਦਰ ਸੈਂਕੜੇ ਛਠ ਘਾਟਾਂ 'ਤੇ ਸਾਰੀਆਂ ਤਿਆਰੀਆਂ ਪੂਰੀਆਂ ਹੋਣ।

Contd............page-3

## ਇਲਾਹਾਬਾਦ ਹਾਈ ਕੋਰਟ ਨੇ ਸੰਭਲ 'ਚ ਮਸਜਿਦ ਢਾਹੁਣ ਵਿਰੁੱਧ ਪਟੀਸ਼ਨ ਕਰ 'ਤੀ ਖਾਰਜ

ਪ੍ਰਯਾਗਰਾਜ 4 ਅਕਤੂਬਰ। ਇਲਾਹਾਬਾਦ ਹਾਈਕੋਰਟ ਨੇ ਸ਼ਨੀਵਾਰ ਨੂੰ ਸੰਭਲ ਜ਼ਿਲ੍ਹੇ ਵਿਚ ਕਥਿਤ ਤੌਰ 'ਤੇ ਤਾਲਾਬ ਦੀ ਜ਼ਮੀਨ 'ਤੇ ਬਣੀ ਇਕ ਮਸਜਿਦ ਨੂੰ ਢਾਹੇ ਜਾਣ ਦੇ ਵਿਰੁੱਧ ਦਾਇਰ ਕੀਤੀ ਇਕ ਪਟੀਸ਼ਨ ਸ਼ਨੀਵਾਰ ਨੂੰ ਖਾਰਿਜ ਕਰ ਦਿੱਤੀ ਗਈ ਹੈ। ਜਸਟਿਸ ਦਿਨੇਸ਼ ਪਾਠਕ ਨੇ ਇਹ ਹੁਕਮ ਮਸਜਿਦ ਕਮੇਟੀ ਵਲੋਂ ਦਾਇਰ ਕੀਤੀ ਪਟੀਸ਼ਨ 'ਤੇ ਦਿੱਤਾ ਹੈ। ਪਟੀਸ਼ਨਕਰਤਾ ਨੇ ਕਿਹਾ ਕਿ ਸਥਾਨਕ ਮੁਸਲਿਮ ਭਾਈਚਾਰਾ 2009 ਤੋਂ ਜ਼ਿਲ੍ਹੇ ਦੇ ਗੋਸੁਲਬਾਰਾ ਰਾਵਣ ਬੁਜ਼ੁਰਗ ਇਲਾਕੇ ਵਿਚ ਸਥਿਤ ਮਸਜਿਦ ਵਿਚ ਸ਼ਾਂਤੀਪੂਰਵਕ ਨਮਾਜ਼ ਅਦਾ ਕਰਨ ਰਿਹਾ ਸੀ। ਮਸਜਿਦ ਨੂੰ ਢਾਹੁਣ ਦੇ ਪ੍ਰਸ਼ਾਸਨਿਕ ਆਦੇਸ਼ ਪਾਸ ਹੋਣ ਤੋਂ ਪਹਿਲਾਂ ਉਹਨਾਂ ਨੂੰ ਸਹੀ ਨੋਟਿਸ ਜਾਂ ਸੁਣਵਾਈ ਦਾ ਮੌਕਾ ਨਹੀਂ ਦਿੱਤਾ ਗਿਆ ਸੀ। ਇਸ ਮਾਮਲੇ ਦੀ ਸੁਣਵਾਈ ਤੁਰੰਤ ਕੀਤੀ ਗਈ, ਕਿਉਂਕਿ ਪਟੀਸ਼ਨ ਵਿੱਚ ਜ਼ੋਰ ਦਿੱਤਾ ਗਿਆ ਸੀ ਕਿ ਮਸਜਿਦ ਨੂੰ ਢਾਹੁਣ ਦੇ ਪ੍ਰਸ਼ਾਸਨਿਕ ਹੁਕਮ ਦੇ ਮੱਦੇਨਜ਼ਰ ਦੁਸਹਿਰੇ ਦੀਆਂ ਛੁੱਟੀਆਂ ਦੌਰਾਨ ਸੁਣਵਾਈ ਜ਼ਰੂਰੀ ਸੀ। ਪਟੀਸ਼ਨ ਵਿੱਚ ਦੋਸ਼ ਲਗਾਇਆ ਗਿਆ ਹੈ ਕਿ 2 ਸਤੰਬਰ ਨੂੰ ਅਧਿਕਾਰੀਆਂ ਨੇ ਕਥਿਤ ਤੌਰ 'ਤੇ ਮਸਜਿਦ ਨੂੰ ਢਾਹੁਣ ਦਾ ਹੁਕਮ ਦਿੱਤਾ ਸੀ। ਪਟੀਸ਼ਨ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਪਟੀਸ਼ਨਕਰਤਾ ਨੂੰ 2 ਅਕਤੂਬਰ ਤੱਕ ਹੁਕਮ ਦੀ ਕਾਪੀ ਨਹੀਂ ਦਿੱਤੀ ਗਈ ਸੀ।

# ਦਿੱਲੀ ਦੀ ਅਦਾਲਤ ਨੇ ਚੈਤਨਿਆਨੰਦ ਸਰਸਵਤੀ ਨੂੰ 14 ਦਿਨਾਂ ਲਈ ਭੇਜਿਆ ਜੇਲ੍ਹ

**ਕੌਮੀ ਪਤ੍ਰਿਕਾ**
**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 4 ਅਕਤੂਬਰ। ਦਿੱਲੀ ਦੀ ਇੱਕ ਅਦਾਲਤ ਨੇ ਸਵੈ-ਘੋਸ਼ਿਤ ਧਰਮਗੁਰੂ ਚੈਤਨਿਆਨੰਦ ਸਰਸਵਤੀ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ। ਦਿੱਲੀ ਪੁਲਸ ਨੇ ਉਸਨੂੰ ਪੰਜ ਦਿਨਾਂ ਦੀ ਪੁਲਸ ਹਿਰਾਸਤ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਪਟਿਆਲਾ ਹਾਊਸ ਕੋਰਟ ਵਿੱਚ ਜੁਡੀਸ਼ੀਅਲ ਮੈਜਿਸਟਰੇਟ ਅਨੀਮੇਸ਼ ਕੁਮਾਰ ਦੇ ਸਾਹਮਣੇ ਪੇਸ਼ ਕੀਤਾ। ਪੁਲਸ ਨੇ ਚੈਤਨਿਆਨੰਦ ਲਈ ਨਿਆਂਇਕ ਹਿਰਾਸਤ ਦੀ ਮੰਗ ਕੀਤੀ ਸੀ, ਜਿਸ 'ਤੇ ਇੱਥੇ ਇੱਕ ਨਿੱਜੀ ਪ੍ਰਬੰਧਨ ਸੰਸਥਾ ਵਿੱਚ 17 ਵਿਦਿਆਰਥਣਾਂ ਨਾਲ ਛੇੜਛਾੜ ਕਰਨ ਦਾ ਦੋਸ਼ ਹੈ। ਉਸਦੇ ਵਕੀਲ ਨੇ ਜ਼ਬਤ ਮੀਮੋ ਅਤੇ ਕੇਸ ਡਾਇਰੀ ਦੀ ਮੰਗ ਕਰਨ ਲਈ ਇੱਕ ਅਰਜ਼ੀ ਦਾਇਰ ਕੀਤੀ, ਜਿਸਨੂੰ ਅਦਾਲਤ ਨੇ ਸਵੀਕਾਰ ਕਰ ਲਿਆ। ਅਦਾਲਤ ਨੇ ਭਿਕਸ਼ੂ ਦੇ ਚੋਗੇ ਪਹਿਨਣ, ਦਵਾਈਆਂ ਅਤੇ ਸੰਨਿਆਸੀ ਭੋਜਨ ਪ੍ਰਦਾਨ ਕਰਨ ਦੀ ਇਜਾਜ਼ਤ ਮੰਗਣ ਵਾਲੀਆਂ ਹੋਰ ਅਰਜ਼ੀਆਂ 'ਤੇ ਵੀ ਪੁਲਸ ਤੋਂ ਜਵਾਬ ਮੰਗਿਆ। ਚੈਤਨਿਆਨੰਦ (62) ਨੂੰ 28 ਸਤੰਬਰ ਨੂੰ ਆਗਰਾ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਤੋਂ ਪਹਿਲਾਂ, ਪੁਲਸ ਨੇ ਸਰਸਵਤੀ ਨਾਲ ਜੁੜੇ ਕਈ ਬੈਂਕ ਖਾਤਿਆਂ ਅਤੇ ਫਿਕਸਡ



ਡਿਪਾਜ਼ਿਟ ਵਿੱਚ ਜਮ?ਹਾ 8 ਕਰੋੜ ਰੁਪਏ ਜ਼ਬਤ ਕੀਤੇ ਸਨ। ਐਫਆਈਆਰ ਦੇ ਅਨੁਸਾਰ, ਦੱਖਣ-ਪੱਛਮੀ ਦਿੱਲੀ ਦੇ ਇੱਕ ਮੈਨੇਜਮੈਂਟ ਇੰਸਟੀਚਿਊਟ ਦੇ ਸਾਬਕਾ ਚੇਅਰਮੈਨ, ਸਰਸਵਤੀ, ਨੇ ਕਥਿਤ ਤੌਰ 'ਤੇ ਦੇਰ ਰਾਤ ਨੂੰ ਵਿਦਿਆਰਥਣਾਂ ਨੂੰ ਆਪਣੇ ਕੁਆਰਟਰਾਂ ਵਿੱਚ ਆਉਣ ਲਈ ਮਜਬੂਰ ਕੀਤਾ ਅਤੇ ਉਨ੍ਹਾਂ ਨੂੰ ਅਣਉਚਿਤ ਸਮੇਂ 'ਤੇ ਅਣਉਚਿਤ ਸੰਦੇਸ਼ ਭੇਜੇ। ਉਸਨੇ ਕਥਿਤ ਤੌਰ 'ਤੇ ਆਪਣੇ ਫੋਨ 'ਤੇ ਸਥਾਪਤ ਇੱਕ ਸੀਸੀਟੀਵੀ ਨਿਗਰਾਨੀ ਐਪ ਰਾਹੀਂ ਉਨ੍ਹਾਂ ਦੀਆਂ ਗਤੀਵਿਧੀਆਂ ਦੀ ਨਿਗਰਾਨੀ ਕੀਤੀ। ਜਾਂਚ ਦੌਰਾਨ, ਇਹ ਖੁਲਾਸਾ ਹੋਇਆ ਕਿ ਦੋਸ਼ੀ ਨੇ ਕਥਿਤ ਤੌਰ 'ਤੇ ਵੱਖ-ਵੱਖ ਨਾਵਾਂ ਅਤੇ ਵੇਰਵਿਆਂ ਦੀ ਵਰਤੋਂ ਕਰਕੇ ਕਈ ਬੈਂਕ ਖਾਤੇ ਚਲਾਏ ਅਤੇ ਆਪਣੇ ਵਿਰੁੱਧ ਐਫਆਈਆਰ ਦਰਜ ਹੋਣ ਤੋਂ ਬਾਅਦ 50 ਲੱਖ ਤੋਂ ਵੱਧ ਕਢਵਾ ਲਏ। ਉਸਨੇ ਖਾਤੇ ਖੋਲ੍ਹਣ ਸਮੇਂ ਕਥਿਤ ਤੌਰ 'ਤੇ ਵੱਖ-ਵੱਖ ਵੇਰਵਿਆਂ ਵਾਲੇ ਦਸਤਾਵੇਜ਼ ਪੇਸ਼ ਕੀਤੇ। ਪੁਲਸ ਨੇ ਉਸ ਤੋਂ ਜਾਅਲੀ ਵਿਜ਼ਿਟਿੰਗ ਕਾਰਡ ਵੀ ਬਰਾਮਦ ਕੀਤੇ, ਜਿਸ ਵਿੱਚ ਉਸਨੂੰ ਸੰਯੁਕਤ ਰਾਸ਼ਟਰ ਅਤੇ ਬ੍ਰਿਕਸ ਨਾਲ ਜੁੜਿਆ ਦਿਖਾਇਆ ਗਿਆ ਸੀ।




# ਸ਼ੇਖ ਬਾਬਾ ਫਰੀਦ ਜੀ ਦੇ 58ਵੇ ਆਗਮਨ ਪੁਰਬ ਨੂੰ ਸਮਰਪਿਤ 9 ਰੋਜ਼ਾ ਖੂਨਦਾਨ ਕੈਂਪ ਸ਼ੁਰੂ ।

**ਕੌਮੀ ਪੱਤ੍ਰਿਕਾ**

ਫ਼ਰੀਦਕੋਟ 4 ਅਕਤੂਬਰ। ਸ਼ੇਖ ਬਾਬਾ ਫ਼ਰੀਦ ਜੀ ਦੇ 58ਵੇਂ ਆਗਮਨ ਪੁਰਬ ਨੂੰ ਸਮਰਪਿਤ ਬਾਬਾ ਫਰੀਦ ਜੀ ਬਲੱਡ ਸੇਵਾ ਸੁਸਾਇਟੀ ਰਜਿ. ਫ਼ਰੀਦਕੋਟ ਵੱਲੋਂ ਮਹਾਂਕਾਲ ਸਵਰਗ ਧਾਮ ਸੇਵਾ ਸੋਸਾਇਟੀ ਦੇ ਸਹਿਯੋਗ ਨਾਲ ਵਿਸ਼ਾਲ 9 ਰੋਜ਼ਾ ਖੂਨਦਾਨ ਕੈਂਪ ਸਥਾਨਕ ਕਿਲਾ ਮੁਬਾਰਕ ਚੌਂਕ ਵਿਖੇ ਲਗਾਇਆ ਗਿਆ। ਅੱਜ ਕੈਂਪ ਦੀ ਸ਼ੁਰੂਆਤ ਸਮੇਂ ਮੁੱਖ ਮਹਿਮਾਨ ਵਜੋਂ ਡਾਕਟਰ ਚੰਦਰ ਸ਼ੇਖਰ ਕੱਕੜ ਸਿਵਲ ਸਰਜਨ ਫ਼ਰੀਦਕੋਟ ਅਤੇ ਵਿਸ਼ੇਸ਼ ਮਹਿਮਾਨ ਵਜੋਂ ਡਾਕਟਰ ਵਿਸ਼ਵਦੀਪ ਗੋਇਲ ਡਿਪਟੀ ਮੈਡੀਕਲ ਕਮਿਸ਼ਨਰ ਅਤੇ ਅਮਨਦੀਪ ਸਿੰਘ ਬਾਬਾ,ਚੇਅਰਮੈਨ ਮਾਰਕੀਟ ਕਮੇਟੀ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਮੌਕੇ ਤੇ ਬੋਲਦਿਆਂ ਡਾਕਟਰ ਚੰਦਰ ਸ਼ੇਖਰ ਕੱਕੜ ਨੇ ਕਿਹਾ ਕਿ ਇਹਨਾਂ ਨੌਜਵਾਨਾਂ ਵੱਲੋਂ ਕੀਤਾ ਜਾਂਦਾ ਇਹ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ ਅਤੇ ਮਨੁੱਖਤਾ ਨੂੰ ਸਮਰਪਿਤ ਨੇਕ ਕਾਰਜ ਹੈ , ਕਿਉਂਕਿ ਜਰੂਰਤ ਸਮੇਂ ਕਿਸੇ ਵੀ ਮਰੀਜ਼ ਨੂੰ ਦਿੱਤਾ ਜਾਣ ਵਾਲਾ ਖੂਨ ਸਿਰਫ ਮਨੁੱਖ ਦੁਆਰਾ ਹੀ ਦਿੱਤਾ ਜਾ ਸਕਦਾ ਹੈ। ਜਿਸ ਨੂੰ ਮਨਸੂਈ ਤੌਰ ਤੇ ਨਹੀਂ ਬਣਾਇਆ ਜਾ ਸਕਦਾ ਅਤੇ ਇਹ ਨੌਜੁਆਨ ਆਪਣਾ ਖੂਨਦਾਨ ਕਰਨ ਦੇ ਨਾਲ ਨਾਲ, ਇਸ ਤਰਾਂ ਦੇ ਕੈਂਪ ਲਗਾ ਕੇ ਆਮ ਲੋਕਾਂ ਨੂੰ ਵੀ ਖੂਨਦਾਨ ਸਬੰਧੀ ਜਾਗਰੂਕ ਕਰ ਰਹੇ ਹਨ। ਇਸ ਮੌਕੇ ਤੇ ਬੋਲਦੇ ਹੋਏ ਡਿਪਟੀ ਮੈਡੀਕਲ ਕਮਿਸ਼ਨਰ ਡਾਕਟਰ ਵਿਸ਼ਵਦੀਪ ਗੋਇਲ ਅਤੇ ਚੇਅਰਮੈਨ ਮਾਰਕੀਟ ਕਮੇਟੀ ਫ਼ਰੀਦਕੋਟ ਅਮਨਦੀਪ ਸਿੰਘ ਬਾਬਾ ਨੇ ਸੋਸਾਇਟੀ ਮੈਂਬਰਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅੱਜ ਦੀ ਨੌਜਵਾਨ ਪੀੜੀ ਨੂੰ , ਇਹਨਾਂ ਸਮਾਜ ਸੇਵੀਆਂ ਤੋਂ ਸੇਧ ਲੈਂਦੇ ਹੋਏ ਵੱਧ ਤੋਂ ਵੱਧ ਖੂਨਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਪਹੁੰਚੇ ਮਹਿਮਾਨਾਂ ਨੂੰ ਜੀ ਆਇਆਂ ਕਹਿੰਦੇ ਹੋਏ , ਮਹਾਂ ਕਾਲ ਸਵਰਗ ਧਾਮ ਸੇਵਾ ਸੁਸਾਇਟੀ ਦੇ ਪ੍ਰਧਾਨ ਡਾਕਟਰ ਬਲਜੀਤ ਸ਼ਰਮਾ ਗੋਲੇਵਾਲਾ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ , ਸੋਸਾਇਟੀ ਦੀਆਂ ਸੇਵਾਵਾਂ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਵੱਲੋਂ ਇਹਨਾਂ ਨੂੰ ਪਿਛਲੇ ਦੋ ਸਾਲ ਤੋਂ ਲਗਾਤਾਰ ਸਟੇਟ ਅਵਾਰਡ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ, ਅਤੇ ਪਿਛਲੇ ਸਾਲ ਸ਼ੁਰੂ ਹੋਇਆ ਸਵ ਸਰਦਾਰ ਇੰਦਰਜੀਤ ਸਿੰਘ ਖਾਲਸਾ ਅਵਾਰਡ ਵੀ ਇਸੇ ਸੁਸਾਇਟੀ ਨੂੰ ਦਿੱਤਾ ਗਿਆ ਸੀ। ਸੁਸਾਇਟੀ ਵੱਲੋਂ ਸਾਲ 2023 ਵਿੱਚ 2500 ਯੂਨਿਟ ਅਤੇ 2024 ਵਿੱਚ 3500 ਯੂਨਿਟ ਅਤੇ ਹੁਣ 2025 ਵਿੱਚ 5000 ਤੋਂ ਵੱਧ ਯੂਨਿਟ ਦੀ ਸੇਵਾ ਪੰਜਾਬ ਦੇ ਸਰਕਾਰੀ ਬਲੱਡ ਬੈਂਕਾਂ ਨੂੰ ਦਿੱਤੀ ਜਾ ਚੁੱਕੀ ਹੈ। ਬਾਬਾ ਫ਼ਰੀਦ ਆਗਮਨ ਪੁਰਬ ਦੀ ਸ਼ੁਰੂਆਤ ਸਮੇਂ 11 ਸਤੰਬਰ ਨੂੰ 405 ਯੂਨਿਟ ਸਥਾਨਕ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਦੀ ਟੀਮ ਦੁਆਰਾ ਇਕੱਠੇ ਕੀਤੇ ਗਏ ਸਨ ਅਤੇ ਅੱਜ ਦੇ ਕੈਂਪ ਵਿੱਚ 100 ਤੋਂ ਉੱਪਰ ਯੂਨਿਟ ਸ਼੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਅਤੇ ਹਸਪਤਾਲ ਸ਼੍ਰੀ ਅੰਮ੍ਰਿਤਸਰ ਸਾਹਿਬ ਦੀ ਟੀਮ ਵੱਲੋਂ ਇਕੱਤਰ ਕੀਤੇ ਗਏ ਹਨ ਅਤੇ ਇਹ ਕੈਂਪ ਲਗਾਤਾਰ 9 ਦਿਨ 4 ਅਕਤੂਬਰ ਤੱਕ ਸਥਾਨਕ ਕਿਲਾ ਮੁਬਾਰਕ ਚੌਂਕ ਵਿਖੇ ਜਾਰੀ ਰਹੇਗਾ ਅਤੇ 4 ਅਕਤੂਬਰ ਤੋਂ 4 ਅਕਤੂਬਰ ਤੱਕ ਗੋਦੜੀ ਸਾਹਿਬ ਵਿਖੇ ਵੀ ਤਿੰਨ ਦਿਨਾਂ ਖੂਨ ਦਾਨ ਕੈਂਪ ਲਗਾਇਆ ਜਾ ਰਿਹਾ। ਇਸ ਮੌਕੇ ਤੇ ਸਹਾਰਾ ਸੇਵਾ ਸੋਸਾਇਟੀ ਦੇ ਪ੍ਰਧਾਨ ਅਸ਼ੋਕ ਭਟਨਾਗਰ, ਚੇਅਰਮੈਨ ਪ੍ਰਵੀਨ ਕਾਲਾ, ਮੁਸਲਿਮ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਦਿਲਾਵਰ ਹੁਸੈਨ, ਮਹਾਂ ਕਾਲ ਸਵਰਗ ਧਾਮ ਸੇਵਾ ਸੁਸਾਇਟੀ ਦੇ ਸਕੱਤਰ ਪ੍ਰਿੰਸੀਪਲ ਡਾਕਟਰ ਪਰਮਿੰਦਰ ਸਿੰਘ,ਬਾਬਾ ਇੰਦਰਜੀਤ ਸਿੰਘ ਬਰਾੜ ,ਗੁਰਮੀਤ ਸਿੰਘ, ਕਰਮਜੀਤ ਸਿੰਘ ਕਾਕਾ, ਗੁਰਮੀਤ ਸਿੰਘ ਬੱਗੂ, ਸੁਰਿੰਦਰ ਸਿੰਘ ਕੋਹਲੀ ਅਤੇ ਬਾਬਾ ਫਰੀਦ ਬਲੱਡ ਸੇਵਾ ਸੁਸਾਇਟੀ ਦੇ ਪ੍ਰਧਾਨ ਰਾਜਵੀਰ ਸਿੰਘ ਗੋਲੇਵਾਲਾ ਅਤੇ ਸਕੱਤਰ ਸੁਖਬੀਰ ਸਿੰਘ ਰੱਤੀ ਰੋੜੀ ਦੀ ਅਗਵਾਈ ਹੇਠ ਸਮੁੱਚੀ ਟੀਮ ਜਿਹਨਾਂ ਵਿੱਚ ਮੀਤ ਪ੍ਰਧਾਨ ਗੁਰਦੇਵ ਸਿੰਘ, ਸਲਾਹਕਾਰ ਗੁਰਸੇਵਕ ਸਿੰਘ ਥਾੜਾ, ਸਤਨਾਮ ਸਿੰਘ ਖ਼ਜਾਨਚੀ, ਸ਼ਿਵਨਾਥ ਦਰਦੀ ਪ੍ਰੈੱਸ ਸਕੱਤਰ, ਵਿਸ਼ਾਲ ਸਹਾਇਕ ਪ੍ਰੈੱਸ ਸਕੱਤਰ, ਪ੍ਰੋਫੈਸਰ ਭੁਪਿੰਦਰ ਸਿੰਘ, ਸਤਨਾਮ ਸਿੰਘ, ਡਾਕਟਰ ਦਲਜੀਤ ਸਿੰਘ ਡੱਲੇਵਾਲਾ,ਮੈਨੇਜਰ ਜੱਸੀ ਥਾੜਾ, ਅਮਨ ਨਵਾਂ ਕਿਲਾ, ਜਸਕਰਨ ਸਿੰਘ ਢਿੱਡੇ, ਸਾਗਰ,ਬਿੱਲਾ, ਪਾਲਾ ਰੋਮਾਣਾ, ਸੀਨੀਅਰ ਸਲਾਹਕਾਰ ਕਾਕਾ ਖਾਰਾ, ਡਾਕਟਰ ਭਲਿੰਦਰ ਸਿੰਘ, ਸਟਾਕ ਮੈਨੇਜਰ ਸਵਰਾਜ ਸਿੰਘ,ਅਰਸ਼ ਕੋਠੇ ਧਾਲੀਵਾਲ, ਮਨਪ੍ਰੀਤ ਸੰਧੂ, ਵਿੱਕੀ ਗਿੱਲ, ਕਾਕਾ ਘੁਗਿਆਣਾ,ਜੈਦੀਪ, ਸੁਖਚੈਨ ਕਾਬਲਵਾਲਾ, ਮਾਸਟਰ ਹਰਜੀਤ ਸਿੰਘ ਢੀਮਾਂ ਵਾਲੀ, ਹਰਪ੍ਰੀਤ ਸਿੰਘ ਢਿਲਵਾਂ, ਸਾਹਿਲ, ਕਾਕਾ ਘੁਗਿਆਣਾ,ਕਾਲਾ ਡੋਡ, ਗੁਰਨੂਰ ਸਿੰਘ, ਅਰਮਾਨ ਸਿੰਘ,ਕਰਨ ਸਿੰਘ, ਗਗਨਦੀਪ ਦਾਨਾ ਰੋਮਾਣਾ, ਕੁਲਵੰਤ ਸਿੰਘ,ਹਰਮਨ ਔਲਖ, ਹੈਰੀ, ਆਕਾਸ਼ ਦੀਪ,ਬਿੰਦਰ ਮਿਸ਼ਰੀ ਵਾਲਾ, ਤਜਿੰਦਰ ਸੁੱਖਣ ਵਾਲਾ, ਅਰਸ਼ ਗੋਲੇਵਾਲਾ, ਪਾਰਸ, ਮੀਤੀ,ਸੁੱਖਾ, ਮਨਤਾਰ, ਆਦਿ ਮੈਂਬਰਾਂ ਦਾ ਇਸ ਕੈਂਪ ਦੀ ਸਫਲਤਾ ਵਿੱਚ ਅਹਿਮ ਯੋਗਦਾਨ ਰਿਹਾ।

## ਠਾਕੁਰ ਕਾਲੋਨੀ 'ਚ ਫ਼ਿਰ ਚੋਰੀ ਦੀ ਕੋਸ਼ਿਸ਼

ਲੁਧਿਆਣਾ 4 ਅਕਤੂਬਰ। ਪੱਖੋਵਾਲ ਰੋਡ ਠਾਕੁਰ ਕਾਲੋਨੀ ਸਥਿਤ ਸ਼?ਰੀ ਰਾਮਸਟਾ ਪ੍ਰਾਈਵੇਟ ਲਿਮਿਟਡ ਫ਼ਰਮ ਵਿਚ ਬੀਤੀ ਰਾਤ ਚੋਰਾਂ ਨੇ ਤਾਰ ਕੱਟ ਕੇ ਸਮਰਸਿਬਲ ਚੋਰੀ ਕਰਨ ਦੀ ਕੋਸ਼ਿਸ਼ ਕੀਤੀ। ਆਲੇ-ਦੁਆਲੇ ਲਾਈਟ ਜਗਣ ਅਤੇ ਹਲਚਲ ਹੋਣ ਨਾਲ ਚੋਰ ਮੌਕੇ ਤੋਂ ਫ਼ਰਾਰ ਹੋ ਗਏ। ਗਨੀਮਤ ਰਹੀ ਕਿ ਕੋਈ ਵੱਡਾ ਨੁਕਸਾਨ ਨਹੀਂ ਹੋਇਆ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਠਾਕੁਰ ਕਾਲੋਨੀ ਵਿਚ ਇਸ ਤੋਂ ਪਹਿਲਾਂ ਵੀ ਕਈ ਵਾਰ ਵਾਰਦਾਤਾਂ ਹੋ ਚੁੱਕੀਆਂ ਹਨ, ਪਰ ਕਾਲੋਨਾਈਜ਼ਰ ਤੇ ਡੀਲਰ ਕਾਲੋਨੀ ਨੂੰ ਰੱਬ ਆਸਰੇ ਹੀ ਚਲਾ ਰਹੇ ਹਨ। ਇਸ ਵਜ੍ਹਾ ਨਾਲ ਇਲਾਕੇ ਵਿਚ ਚੋਰੀ ਜਿਹੀਆਂ ਘਟਨਾਵਾਂ ਲਗਾਤਾਰ ਸਾਹਮਣੇ ਆ ਰਹੀਆਂ ਹਨ। ਜਦੋਂ ਇਸ ਬਾਰੇ ਥਾਣਾ ਮੁਖੀ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਸਾਡੇ ਕੋਲ ਸਟਾਫ਼ ਦੀ ਕਮੀ ਹੈ, ਜੇ ਲੋੜੀਂਦੀ ਗਿਣਤੀ ਵਿਚ ਸਟਾਫ਼ ਹੋਵੇ ਤਾਂ ਕਾਰਵਾਈ ਸੁਖਾਲੀ ਹੋ ਜਾਵੇਗੀ।

## ਸਕੂਲ ਤੋਂ ਘਰ ਆ ਰਹੀ ਅਧਿਆਪਕ 'ਤੇ ਤੇਜ਼ਾਬ ਹਮਲਾ, ਝੁਲਸਿਆ ਚਿਹਰਾ, ਦੋ ਮਹੀਨੇ ਬਾਅਦ ਹੋਣਾ ਸੀ ਵਿਆਹ

**ਕੌਮੀ ਪੱਤ੍ਰਿਕਾ**

ਸੰਭਲ 4 ਅਕਤੂਬਰ। ਉੱਤਰ ਪ੍ਰਦੇਸ਼ ਦੇ ਸੰਭਲ ਜ਼ਿਲ੍ਹੇ ਵਿੱਚ ਇੱਕ ਦਿਲ ਨੂੰ ਦਹਿਲਾ ਦੇਣ ਵਾਲੀ ਘਟਨਾ ਵਾਪਰੀ ਹੈ, ਜਿੱਥੇ ਸਕੂਟਰ ਸਵਾਰ ਇੱਕ ਨੌਜਵਾਨ ਨੇ ਸਕੂਲ ਤੋਂ ਘਰ ਪਰਤ ਰਹੀ ਇੱਕ ਮਹਿਲਾ ਅਧਿਆਪਕਾ 'ਤੇ ਤੇਜ਼ਾਬ ਸੁੱਟ ਦਿੱਤਾ। ਇਸ ਘਟਨਾ ਨਾਲ ਅਧਿਆਪਕਾ ਬੁਰੀ ਤਰ੍ਹਾਂ ਝੁਲਸ ਗਈ ਅਤੇ ਉਸਨੂੰ ਤੁਰੰਤ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਇਹ ਘਟਨਾ ਨਖਾਸਾ ਥਾਣਾ ਖੇਤਰ ਵਿੱਚ ਵਾਪਰੀ ਹੈ। ਰਿਪੋਰਟ ਅਨੁਸਾਰ ਪੀੜਤ ਮਹਿਲਾ ਅਧਿਆਪਕ ਨਖਾਸਾ ਥਾਣਾ ਖੇਤਰ ਦੇ ਇੱਕ ਪਿੰਡ ਦੀ ਰਹਿਣ ਵਾਲੀ ਹੈ। ਉਹ ਰੋਜ਼ਾਨਾ ਦੇ ਵਾਂਗ ਅੱਜ ਵੀ ਬੀਐਲ ਪਬਲਿਕ ਸਕੂਲ ਵਿੱਚ ਬੱਚਿਆਂ ਨੂੰ ਪੜ੍ਹਾਉਣ ਤੋਂ ਬਾਅਦ ਆਪਣੇ ਘਰ ਵਾਪਸ ਆ ਰਹੀ ਸੀ। ਇਸ ਦੌਰਾਨ ਜਿਵੇਂ ਹੀ ਉਹ ਸਿੰਘਪੁਰ ਸਾਹਨੀ ਤੋਂ ਕੱਚੇ ਜਾਣ ਵਾਲੀ ਸੜਕ 'ਤੇ ਪਹੁੰਚੀ, ਤਾਂ ਸਕੂਟਰ 'ਤੇ ਹੈਲਮੇਟ ਪਹਿਨੇ ਇੱਕ ਨੌਜਵਾਨ ਨੇ ਅਚਾਨਕ ਉਸਦੇ ਚਿਹਰੇ ਅਤੇ ਸਿਰ 'ਤੇ ਤੇਜ਼ਾਬ ਸੁੱਟ ਦਿੱਤਾ। ਤੇਜ਼ਾਬੀ ਹਮਲਾ ਹੁੰਦੇ ਸਾਰ ਹੀ ਮਹਿਲਾ ਅਧਿਆਪਕ ਭਾਵਨਾ ਮੌਕੇ 'ਤੇ ਡਿੱਗ ਪਈ। ਉਦੋਂ ਆਸ-ਪਾਸ ਦੇ ਲੋਕਾਂ ਨੇ ਰੌਲਾ ਪਾਇਆ ਤਾਂ ਦੋਸ਼ੀ ਭੱਜ ਗਿਆ। ਇੱਕ ਸਥਾਨਕ ਬਜ਼ੁਰਗ ਵਿਅਕਤੀ ਭਾਵਨਾ ਨੂੰ ਚੁੱਕ ਕੇ ਘਰ ਲੈ ਗਿਆ, ਜਿੱਥੇ ਉਸਨੇ ਆਪਣੇ ਪਰਿਵਾਰ ਨੂੰ ਦੱਸਿਆ ਕਿ ਕੀ ਹੋਇਆ ਸੀ। ਫਿਰ ਉਸਦਾ ਪਰਿਵਾਰ ਉਸਨੂੰ ਸੰਭਲ ਜ਼ਿਲ੍ਹਾ ਹਸਪਤਾਲ ਲੈ ਗਿਆ। ਘਟਨਾ ਦੀ ਜਾਣਕਾਰੀ ਮਿਲਣ 'ਤੇ ਨਖਾਸਾ ਥਾਣੇ ਦੀ ਪੁਲਸ ਹਸਪਤਾਲ ਪਹੁੰਚ ਗਈ, ਜਿਸ ਨੇ ਪੀੜਤ ਅੱਗੇ ਤੋਂ ਬਿਆਨ ਦਰਜ ਕਰਕੇ ਇਸ ਮਾਮਲੇ ਦੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ। ਉਸਦੀ ਨਾਜ਼ੁਕ ਹਾਲਤ ਕਾਰਨ ਡਾਕਟਰਾਂ ਨੇ ਉਸਨੂੰ ਉੱਚ ਕੇਂਦਰ ਵਿੱਚ ਰੈਫਰ ਕਰ ਦਿੱਤਾ। ਪੁਲਸ ਦਾ ਕਹਿਣਾ ਹੈ ਕਿ ਦੋਸ਼ੀ ਨੌਜਵਾਨ ਦੀ ਪਛਾਣ ਕਰ ਲਈ ਗਈ ਹੈ ਅਤੇ ਜਲਦੀ ਹੀ ਉਸਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਪੀੜਤ ਨੇ ਕਿਹਾ ਕਿ ਉਸਨੇ ਪਹਿਲਾਂ ਕਦੇ ਤੇਜ਼ਾਬ ਸੁੱਟਣ ਵਾਲੇ ਨੂੰ ਨਹੀਂ ਦੇਖਿਆ ਅਤੇ ਨਾ ਹੀ ਉਹ ਉਸ ਨੂੰ ਪਛਾਣਦੀ ਹੈ। ਜਦੋਂ ਹਮਲਾ ਹੋਇਆ ਤਾਂ ਉਹ ਸਕੂਲ ਤੋਂ ਵਾਪਸ ਆ ਰਹੀ ਸੀ। ਸਭ ਤੋਂ ਦੁਖਦਾਈ ਗੱਲ ਇਹ ਹੈ ਕਿ ਭਾਵਨਾ ਦਾ ਵਿਆਹ ਸਿਰਫ਼ ਦੋ ਮਹੀਨਿਆਂ ਵਿੱਚ ਹੋਣ ਵਾਲਾ ਸੀ ਅਤੇ ਇਸ ਘਟਨਾ ਨੇ ਉਸਦੀ ਜ਼ਿੰਦਗੀ 'ਤੇ ਡੂੰਘਾ ਜ਼ਖ਼ਮ ਛੱਡ ਦਿੱਤਾ ਹੈ।

## ਚਿੱਟਾ ਵੇਚਣ ਵਾਲੇ ਨਕਲੀ ਸਾਧੂ ਨੇ ਜੇਲ੍ਹ ਤੱਕ ਫੈਲਾਇਆ ਸੀ ਨੈੱਟਵਰਕ !

ਖੰਨਾ 4 ਅਕਤੂਬਰ। ਖੰਨਾ ਪੁਲਸ ਨੇ ਸਾਧੂ ਬਣਾ ਕੇ ਚਿੱਟਾ (ਹੈਰੋਇਨ) ਸਪਲਾਈ ਕਰਨ ਵਾਲੇ ਗਿਰੋਹ ਬਾਰੇ ਵੱਡਾ ਖੁਲਾਸਾ ਕੀਤੇ ਹਨ। ਸਭ ਤੋਂ ਚੌਂਕਾਉਣ ਵਾਲੀ ਗੱਲ ਇਹ ਸਾਹਮਣੇ ਆਈ ਹੈ ਕਿ ਪੂਰਾ ਨੈੱਟਵਰਕ ਰੋਪੜ ਜੇਲ੍ਹ 'ਚੋਂ ਚੱਲ ਰਿਹਾ ਸੀ। ਰੋਪੜ ਜੇਲ੍ਹ 'ਚ ਬੰਦ ਲਵਪ੍ਰੀਤ ਸਿੰਘ ਲਵੀ ਇਸ ਰੈਕੇਟ ਨੂੰ ਚਲਾ ਰਿਹਾ ਸੀ। ਪੁਲਸ ਨੇ ਖੁਲਾਸਾ ਕੀਤਾ ਕਿ ਜੇਲ੍ਹ 'ਚੋਂ ਲਵੀ ਦੇ ਕੋਲੋਂ ਮੋਬਾਈਲ ਫੋਨ ਵੀ ਬਰਾਮਦ ਹੋਇਆ ਹੈ, ਜਿਸ ਸਬੰਧੀ ਅਲੱਗ ਮਾਮਲਾ ਦਰਜ ਕੀਤਾ ਗਿਆ ਹੈ। ਇਸ ਪੂਰੇ ਮਾਮਲੇ 'ਚ ਹੁਣ ਤੱਕ 9 ਮੁਲਜ਼ਮ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ ਅਤੇ 1 ਕਿੱਲੋ 155 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਐੱਸ.ਪੀ. ਪਵਨਜੀਤ ਨੇ ਦੱਸਿਆ ਕਿ ਲਵੀ ਜੇਲ੍ਹ 'ਚੋਂ ਫੋਨ ਰਾਹੀਂ ਖੰਨਾ ਦੇ ਮਹੰਤ ਕਸ਼ਮੀਰ ਗਿਰੀ ਨਾਲ ਸੰਪਰਕ ਕਰਦਾ ਸੀ। ਕਸ਼ਮੀਰ ਗਿਰੀ, ਆਪਣੇ ਸਾਥੀਆਂ ਸੰਟੀ ਕਾਲੀਆ, ਗੁਲਸ਼ਨ ਕੁਮਾਰ ਅਤੇ ਵਿੱਕੀ ਨਾਲ ਮਿਲਕੇ ਹੈਰੋਇਨ ਸਪਲਾਈ ਕਰਦਾ ਸੀ।

## ਪਤਨੀ ਦਾ ਕਤਲ ਕਰਨ ਮਗਰੋਂ 'ਫੇਸਬੁੱਕ' 'ਤੇ ਲਾਈਵ ਹੋਇਆ ਪਤੀ, ਕਬੂਲ ਕੀਤਾ ਜ਼ੁਰਮ

ਕੋਲਮ 4 ਅਕਤੂਬਰ। ਕੋਲਮ ਦੇ ਪੁਨਾਲੁਰ ਨੇੜੇ ਕੂਥਨਾਦੀ 'ਚ ਸੋਮਵਾਰ ਨੂੰ ਇਕ 39 ਸਾਲਾ ਔਰਤ ਦਾ ਉਸ ਦੇ ਪਤੀ ਨੇ ਗਲਾ ਘੁੱਟ ਕੇ ਕਤਲ ਕਰ ਦਿੱਤਾ। ਪੁਲਸ ਨੇ ਦੱਸਿਆ ਕਿ ਉਸਨੇ ਬਾਅਦ 'ਚ 'ਫੇਸਬੁੱਕ ਲਾਈਵ' 'ਤੇ ਕਤਲ ਦੀ ਗੱਲ ਕਬੂਲੀ। ਮ੍ਰਿਤਕਾ ਦੀ ਪਛਾਣ ਕੋਲਮ ਦੇ ਕੂਥਨਾਦੀ ਦੀ




ਰਹਿਣ ਵਾਲੀ ਸ਼ਾਲਿਨੀ ਵਜੋਂ ਹੋਈ ਹੈ। ਉਸ ਦੇ ਪਤੀ, ਇਸਹਾਕ ਨੇ ਬਾਅਦ 'ਚ ਪੁਨਾਲੁਰ ਪੁਲਸ ਸਟੇਸ਼ਨ 'ਚ ਆਤਮ ਸਮਰਪਣ ਕਰ ਦਿੱਤਾ। ਐੱਫਆਈਆਰ ਦੇ ਅਨੁਸਾਰ ਜੋੜੇ ਦੇ ਵਿਵਾਹਿਕ ਜੀਵਨ 'ਚ ਸਮੱਸਿਆਵਾਂ ਸਨ। ਐੱਫਆਈਆਰ 'ਚ ਕਿਹਾ ਗਿਆ ਹੈ,ਸਵੇਰੇ ਲਗਭਗ 6:30 ਵਜੇ, ਜਦੋਂ ਸ਼ਾਲਿਨੀ ਨਹਾਉਣ ਲਈ ਰਸੋਈ ਦੇ ਪਿੱਛੇ ਪਾਈਪਲਾਈਨ ਕੋਲ ਗਈ ਤਾਂ ਦੋਸ਼ੀ ਨੇ ਉਸ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ, ਜਿਸ ਨਾਲ ਉਸ ਦੀ ਗਰਦਨ, ਛਾਤੀ ਅਤੇ ਪਿੱਠ 'ਤੇ ਡੂੰਘੇ ਜ਼ਖ਼ਮ ਹੋ ਗਏ। ਅਪਰਾਧ ਤੋਂ ਬਾਅਦ ਇਸਹਾਕ ਨੇ 'ਫੇਸਬੁੱਕ' 'ਤੇ ਲਾਈਵ ਆ ਕੇ ਕਤਲ ਦੀ ਗੱਲ ਸਵੀਕਾਰ ਕੀਤੀ ਅਤੇ ਸ਼ਾਲਿਨੀ 'ਤੇ ਧੋਖਾ ਦੇਣ ਅਤੇ ਗਹਿਣਿਆਂ ਦੀ ਹੇਰਾਫੇਰੀ ਕਰਨ ਦਾ ਦੋਸ਼ ਲਗਾਇਆ। ਬਾਅਦ 'ਚ ਉਹ ਥਾਣੇ ਪਹੁੰਚਿਆ ਅਤੇ ਪੁਲਸ ਦੇ ਸਾਹਮਣੇ ਆਪਣੀ ਪਤਨੀ ਦੇ ਕਤਲ ਦੀ ਸੂਚਨਾ ਦਿੱਤੀ। ਪੁਲਸ ਦੀ ਟੀਮ ਤੁਰੰਤ ਹਾਦਸੇ ਵਾਲੀ ਜਗ?ਹਾ ਪਹੁੰਚੀ ਅਤੇ ਸ਼ਾਲਿਨੀ ਨੂੰ ਮ੍ਰਿਤਕ ਵੇਖਿਆ। ਇਕ ਅਧਿਕਾਰੀ ਨੇ ਦੱਸਿਆ ਕਿ ਸ਼ਾਲਿਨੀ ਦੀ ਲਾਸ਼ ਬਾਅਦ 'ਚ ਹਸਪਤਾਲ ਲਿਜਾਈ ਗਈ। ਜੋੜੇ ਦੇ 19 ਸਾਲਾ ਪੁੱਤ ਦੀ ਸ਼ਿਕਾਇਤ ਦੇ ਆਧਾਰ 'ਤੇ ਭਾਰਤੀ ਨਿਆਂ ਸੰਹਿਤਾ ਦੀ ਧਾਰਾ 103 (1) ਦੇ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਨੇ ਦੱਸਿਆ ਕਿ ਫੋਰੈਂਸਿਕ ਟੀਮ ਉਸ ਘਰ ਦੀ ਜਾਂਚ ਕਰ ਰਹੀ ਹੈ, ਜਿੱਥੇ ਕਤਲ ਹੋਇਆ ਸੀ। ਪੁਲਸ ਨੇ ਦੱਸਿਆ ਕਿ ਮ੍ਰਿਤਕਾ ਅਤੇ ਦੋਸ਼ੀ ਦੋਵਾਂ ਦੇ ਮੋਬਾਇਲ ਫੋਨ ਜ਼ਬਤ ਕਰ ਲਏ ਗਏ ਹਨ।

## ਕਾਂਗਰਸ 'ਚ ਵੱਡੀ ਹਲਚਲ, ਇਸ ਆਗੂ ਦੀ ਵਾਇਰਲ ਹੋਈ ਤਸਵੀਰ ਨੇ ਲਿਆਂਦਾ ਭੂਚਾਲ

ਪਟਿਆਲਾ/ਪਾਤੜਾਂ 4 ਅਕਤੂਬਰ। ਸੀਨੀਅਰ ਕਾਂਗਰਸੀ ਨੇਤਾ ਦਲੇਰ ਸਿੰਘ ਹਰਿਆਉ ਦੀਆਂ ਭਾਜਪਾ ਮੰਤਰੀ ਸ਼੍ਰੀਪਦ ਨਾਇਕ ਅਤੇ ਹਾਲ ਹੀ ਵਿਚ ਭਾਜਪਾ ਵਿਚ ਸ਼ਾਮਲ ਹੋਈ ਪਰਨੀਤ ਕੌਰ ਨਾਲ ਮੁਲਾਕਾਤ ਨੇ ਸਥਾਨਕ ਰਾਜਨੀਤੀ ਵਿਚ ਨਵਾਂ ਤੂਫ਼ਾਨ ਲੈ ਆਂਦਾ ਹੈ। ਇਸ ਮੁਲਾਕਾਤ ਦੀ ਤਸਵੀਰ ਜਦੋਂ ਤੋਂ ਸਾਹਮਣੇ ਆਈ ਹੈ, ਉਦੋਂ ਤੋਂ ਸਵਾਲ ਉੱਠ ਰਹੇ ਹਨ ਕਿ ਉਹ ਪਾਰਟੀ ਬਦਲਣ ਦੀ ਤਿਆਰੀ ਕਰ ਰਹੇ ਹਨ? ਜਾਂ ਕੀ ਇਹ ਸਿਰਫ਼ ਇਕ ਮਾਮੂਲੀ ਮੁਲਾਕਾਤ ਸੀ? ਇਹ ਸਵਾਲ ਹੁਣ ਹਰ ਕਿਸੇ ਦੀ ਜ਼ੁਬਾਨ 'ਤੇ



ਹਨ। ਖ਼ਾਸ ਤੌਰ 'ਤੇ ਉਦੋਂ ਜਦੋਂ ਪਰਨੀਤ ਕੌਰ, ਜੋ ਖੁਦ ਕਾਂਗਰਸ ਛੱਡ ਕੇ ਭਾਜਪਾ ਵਿਚ ਗਏ ਹਨ, ਇਸ ਮੁਲਾਕਾਤ ਦਾ ਹਿੱਸਾ ਸੀ। ਦੱਸਣਯੋਗ ਹੈ ਕਿ ਕਾਂਗਰਸ ਹਲਕੇ ਅੰਦਰ ਪਹਿਲਾਂ ਹੀ ਅੰਦਰੂਨੀ ਵਿਵਾਦਾਂ ਨਾਲ ਜੂਝ ਰਹੀ ਹੈ, ਹੁਣ ਇਸ ਘਟਨਾ ਨੇ ਪਹਿਲਾਂ ਹੀ ਕਮਜ਼ੋਰ ਹੋਈ ਕਾਂਗਰਸ ਦੀਆਂ ਮੁਸੀਬਤਾਂ ਹੋਰ ਵਧਾ ਦਿੱਤੀਆਂ ਹਨ। ਦਲੇਰ ਸਿੰਘ ਹਰਿਆਉ, ਜੋ ਹਮੇਸ਼ਾ ਕਾਂਗਰਸ ਦੇ ਮੁੱਖ ਚਿਹਰਿਆਂ ਵਿਚੋਂ ਇਕ ਰਹੇ ਹਨ, ਹੁਣ ਆਪਣੇ ਹੀ ਕਾਂਗਰਸੀ ਸਾਥੀਆਂ ਦੇ ਸ਼ੱਕ ਦੇ ਘੇਰੇ ਵਿਚ ਹਨ। ਵਿਰੋਧੀ ਧਿਰਾਂ ਅਤੇ ਪਾਰਟੀ ਦੇ ਅੰਦਰੂਨੀ ਵਿਰੋਧੀ ਲਗਾਤਾਰ ਸਵਾਲ ਕਰ ਰਹੇ ਹਨ ਕਿ ਦਲੇਰ ਸਿੰਘ ਕਿਸੇ ਪਾਸੇ ਜਾਂਦੇ ਹਨ।

## ਚੋਰਾਂ ਨੇ ਸੁੰਨਸਾਨ ਘਰ ਨੂੰ ਬਣਾਇਆ ਨਿਸ਼ਾਨਾ, ਲੱਖਾਂ ਦਾ ਸਮਾਨ ਤੇ ਨਕਦੀ ਚੋਰੀ ਕਰ ਫਰਾਰ

ਲੁਧਿਆਣਾ 4 ਅਕਤੂਬਰ। ਸ਼ਿਮਲਾ ਕਲੋਨੀ ਦੇ ਕੈਲਾਸ਼ ਨਗਰ ਰੋਡ 'ਤੇ, ਅਪਰਾਧੀਆਂ ਦੇ ਹੌਸਲੇ ਇੰਨੇ ਵੱਧ ਗਏ ਹਨ ਕਿ ਵਿਆਹਾਂ ਵਿੱਚ ਸ਼ਾਮਲ ਹੋਣ ਵਾਲੇ ਪਰਿਵਾਰਾਂ ਦੇ ਘਰ ਵੀ ਹੁਣ ਸੁਰੱਖਿਅਤ ਨਹੀਂ ਹਨ।ਪੀੜਤ ਮਨੂ ਨੇ ਦੱਸਿਆ ਕਿ ਉਹ ਆਪਣੇ ਭਰਜਾਈ ਦੇ ਵਿਆਹ ਵਿੱਚ ਸ਼ਾਮਲ ਹੋਣ ਲਈ ਫਿਰੋਜ਼ਪੁਰ ਗਿਆ ਸੀ। ਇਸ ਦੌਰਾਨ, ਚੋਰਾਂ ਨੇ ਸੁੰਨਸਾਨ ਘਰ ਨੂੰ ਨਿਸ਼ਾਨਾ ਬਣਾਇਆ ਅਤੇ ਲੱਖਾਂ ਦਾ ਸਾਮਾਨ ਅਤੇ ਨਕਦੀ ਚੋਰੀ ਕਰ ਲਈ। ਚੋਰ ਸੋਨੇ ਦੇ ਤਿੰਨ ਜੋੜੇ, ਇੱਕ ਸੋਨੇ ਦੀ ਚੇਨ, ਇੱਕ ਸੋਨੇ ਦੀ ਅੰਗੂਠੀ, ਇੱਕ ਸੋਨੇ ਦਾ ਬਰੇਸਲੇਟ ਅਤੇ ਲਗਭਗ 1.25 ਲੱਖ ਰੁਪਏ ਦੀ ਨਕਦੀ ਲੈ ਕੇ ਭੱਜ ਗਏ।ਪੀੜਤ ਦਾ ਦੋਸ਼ ਹੈ ਕਿ ਘਟਨਾ ਦੀ ਰਿਪੋਰਟ ਜੋਧੇਵਾਲ ਪੁਲਸ ਸਟੇਸ਼ਨ ਵਿੱਚ ਦਰਜ ਕਰਵਾਈ ਗਈ ਸੀ, ਪਰ ਪੁਲਸ ਨੇ ਅਜੇ ਤੱਕ ਕੋਈ ਠੋਸ ਕਾਰਵਾਈ ਨਹੀਂ ਕੀਤੀ ਹੈ।ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਪੁਲਸ ਦੀ ਢਿੱਲ-ਮੱਠ ਚੋਰਾਂ ਨੂੰ ਹੌਸਲਾ ਦੇ ਰਹੀ ਹੈ। ਸੀਸੀਟੀਵੀ ਫੁਟੇਜ ਦੇ ਬਾਵਜੂਦ ਕਾਰਵਾਈ ਦੀ ਘਾਟ ਗੰਭੀਰ ਸਵਾਲ ਖੜ੍ਹੇ ਕਰਦੀ ਹੈ।ਇਹ ਘਟਨਾ ਸ਼ਹਿਰ ਦੀ ਸੁਰੱਖਿਆ ਸਥਿਤੀ ਬਾਰੇ ਗੰਭੀਰ ਸਵਾਲ ਖੜ੍ਹੇ ਕਰਦੀ ਹੈ

## ਵਾਤਾਵਰਣ ਮੰਤਰੀ ਰਾਓ ਨਰਬੀਰ ਸਿੰਘ ਨੇ ਕੀਤਾ ਵਾਤਾਵਰਣ ਸਰੰਖਣ ਦੀ ਅਪੀਲ

ਚੰਡੀਗੜ੍ਹ, 4 ਅਕਤੂਬਰ। ਜੰਗਲਾਤ ਅਤੇ ਜੰਗਲੀ ਜੀਵ ਵਿਭਾਗ ਅਤੇ ਇਸਕਾਮ ਸੰਸਥਾ ਦੇ ਸੰਯੁਕਤ ਸਰਪ੍ਰਸਤੀ ਹੇਠ ਅੱਜ ਗੁਰੂਗ੍ਰਾਮ ਦੇ ਪਿੰਡ ਭੋਂਡਸੀ ਵਿੱਚ ਪੌਧਾਰੋਪਣ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਵਿੱਚ ਵਾਤਾਵਰਣ ਅਤੇ ਜੰਗਲਾਤ ਮੰਤਰੀ ਸ੍ਰੀ ਰਾਓ ਨਰਬੀਰ ਸਿੰਘ ਨੇ ਸ਼ਿਰਕਤ ਕੀਤੀ ਅਤੇ ਗ੍ਰਾਮੀਣਾਂ ਦੇ ਨਾਲ ਮਿਲ ਕੇ ਪੌਧਾਰੋਪਣ ਕੀਤਾ। ਪ੍ਰੋਗਰਾਮ ਵਿੱਚ ਸੋਹਨਾ ਦੇ ਵਿਧਾਇਕ ਸ੍ਰੀ ਤੇਜਪਾਲ ਤੰਵਰ ਵੀ ਮੌਜੂਦ ਰਹੇ। ਉਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਸਿਰਫ ਪੌਧਾ ਲਗਾਉਣ ਤੱਕ ਹੀ ਸੀਮਤ ਨਾ ਰਹਿਣ, ਸਗੋ ਉਸ ਦੀ ਦੇਖਭਾਲ ਉਸੀ ਤਰ੍ਹਾ ਕਰਨ ਜਿਵੇਂ ਆਪਣੀ ਸੰਤਾਨ ਦੀ ਕਰਦੇ ਹਨ। ਉਨ੍ਹਾਂ ਨੇ ਕਿਹਾਕਿ ਰੁੱਖ ਸਾਡੇ ਜੀਵਨ ਦੇ ਸਾਥੀ ਹਨ ਅਤੇ ਇਸ ਦੀ ਸੰਭਾਲ ਨਾਲ ਹੀ ਸਿਹਤਮੰਦ ਵਾਤਾਵਰਣ ਅਤੇ ਬਿਹਤਰ ਭਵਿੱਖ ਯਕੀਨੀ ਹੋ ਸਕਦਾ ਹੈ। ਵਾਤਾਵਰਣ ਮੰਤਰੀ ਨੇ ਚਿੰਤਾ ਜਤਾਉਂਦੇ ਹੋਏ ਕਿਹਾ ਕਿ ਜੇਕਰ ਵਾਤਾਵਰਣ ਠੀਕ ਨਹੀਂ ਰਹੇਗਾ ਤਾਂ ਆਰਥਕ ਹਾਲਾਤ ਦਾ ਵੀ ਕੋਈ ਮਹਤੱਵ ਨਹੀਂ ਹੋਵੇਗਾ। ਬਰਸਾਤ ਦੇ ਮੌਸਮ ਵਿੱਚ ਮਹਿਜ਼ ਦੋ ਮਹੀਨੇ ਹੀ ਹਵਾ ਗੁਣਵੱਤਾ ਇੰਡੈਕਸ (ਏਕਿਯੂਆਈ) ਆਮ ਰਹਿੰਦਾ ਹੈ, ਜਦੋਂ ਕਿ ਬਾਕੀ 9-10 ਮਹੀਨੇ ਪ੍ਰਦੂਸ਼ਣ ਸਾਡੀ ਸਿਹਤ ਅਤੇ ਵਾਤਾਵਰਣ ਦੋਨੋਂ ਨੂੰ ਪ੍ਰਭਾਵਿਤ ਕਰਦਾ ਹੈ। ਉਨ੍ਹਾਂ ਨੇ ਨਾਗਰਿਕਾਂ ਤੋਂ ਪਾਲੀਥੀਨ ਤੋਂ ਪਰਹੇਜ਼ ਕਰਨ ਦੀ ਵੀ ਅਪੀਲ ਕੀਤੀ। ਸ੍ਰੀ ਰਾਓ ਨੇ ਕਿਹਾ ਕਿ ਸ਼ਹਿਰਾਂ ਵਿੱਚ ਜਲਭਰਾਵ ਦਾ ਮੁੱਖ ਕਾਰਨ ਪਾਲੀਥੀਨ ਦੀ ਵਰਤੋ ਹੈ, ਜਿਸ ਨਾਲ ਸੀਵਰੇਜ ਲਾਇਨਾਂ ਬਲਾਕ ਹੋ ਜਾਂਦੀਆਂ ਹਨ। ਜੇਕਰ ਅਸੀਂ ਪੋਲੀਥੀਨ ਦੀ ਵਰਤੋ ਬੰਦ ਕਰਨ ਅਤੇ ਰੁੱਖ ਲਗਾਉਣ ਨੂੰ ਜੀਵਨ ਦਾ ਹਿੱਸਾ ਬਨਾਉਣ ਤਾਂ ਵਾਤਾਵਰਣ ਸਰੰਖਣ ਦੇ ਨਾਲ-ਨਾਲ ਸਵੱਛ ਅਤੇ ਹਰਿਤ ਸ਼ਹਿਰ ਦਾ ਨਿਰਮਾਣ ਸੰਭਵ ਹੈ।

## ਫਾਰਚੂਨਰ ਤੇ ਥਾਰ ਗੱਡੀਆਂ 'ਚ ਘੁੰਮਣ ਵਾਲੇ 30 ਮਾੜੇ ਅਨਸਰਾਂ ਤੇ ਗੈਂਗਸਟਰਾਂ ਖਿਲਾਫ ਮਾਮਲਾ ਦਰਜ

**ਕੌਮੀ ਪੱਤ੍ਰਿਕਾ**

ਤਰਨਤਾਰਨ 4 ਅਕਤੂਬਰ। ਗੁਆਂਢੀ ਦੇਸ਼ ਪਾਕਿਸਤਾਨ ਨਾਲ ਸਬੰਧ ਬਣਾ ਕੇ ਹਥਿਆਰ ਅਤੇ ਨਸ਼ੀਲੇ ਪਦਾਰਥਾਂ ਦਾ ਧੰਦਾ ਕਰਨ ਵਾਲੇ ਗੈਰ ਸਮਾਜਿਕ ਵਿਅਕਤੀ ਜਿਨ੍ਹਾਂ ਵਿਚ ਗੈਂਗਸਟਰ ਵੀ ਸ਼ਾਮਲ ਹਨ, ਖਿਲਾਫ ਥਾਣਾ ਖੇਮਕਰਨ ਦੀ ਪੁਲਸ ਨੇ ਕੁੱਲ 30 ਵਿਅਕਤੀਆਂ ਦੇ ਖਿਲਾਫ ਪਰਚਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਡੀ.ਐੱਸ.ਪੀ ਭਿੱਖੀਵਿੰਡ ਪ੍ਰੀਤ ਇੰਦਰ ਸਿੰਘ ਨੇ ਦੱਸਿਆ ਕਿ ਥਾਣਾ ਖੇਮਕਰਨ ਦੇ ਸਬ ਇੰਸਪੈਕਟਰ ਬਲਬੀਰ ਸਿੰਘ ਨੂੰ ਗੁਪਤ ਸੂਚਨਾ ਪ੍ਰਾਪਤ ਹੋਈ ਹੈ ਕਿ ਸਰਹੱਦੀ ਇਲਾਕੇ ਵਿਚ ਚਿੱਟੇ ਰੰਗ ਦੀ ਫਾਰਚੂਨਰ ਨੰਬਰ ਪੀ.ਬੀ 46 ਐੱਮ 5331, ਕਾਲੇ ਰੰਗ ਦੀ ਥਾਰ ਨੰਬਰੀ ਪੀ.ਬੀ 46 ਏ.ਐੱਲ 0031 ਅਤੇ ਪੀ.ਬੀ 46 ਵਾਈ 0031 ਅਤੇ ਦੋ ਤਿੰਨ ਹੋਰ ਗੱਡੀਆਂ ਵਿਚ ਸਵਾਰ ਹੋ ਕੇ ਜਗਤਾਰ ਸਿੰਘ ਉਰਫ ਜੱਗਾ ਪੱਤੂ ਪੁੱਤਰ ਲਖਵਿੰਦਰ ਸਿੰਘ ਵਾਸੀ ਖੇਮਕਰਨ, ਪ੍ਰਭਜੀਤ ਸਿੰਘ ਉਰਫ ਪ੍ਰਭ ਪੁੱਤਰ ਭੁਪਿੰਦਰ ਸਿੰਘ ਵਾਸੀ ਦਾਸੂਵਾਲ, ਗੁਰਵਿੰਦਰ ਸਿੰਘ ਉਰਫ ਅਫਰੀਦੀ ਪੁੱਤਰ ਭਗਵੰਤ ਸਿੰਘ ਵਾਸੀ ਪਿੰਡ ਤੂਤ, ਸਾਹਿਬ




ਸਿੰਘ ਉਰਫ ਸਾਬਾ ਪੁੱਤਰ ਸਵਿੰਦਰ ਸਿੰਘ ਵਾਸੀ ਮਾੜੀ ਨੌ ਆਬਾਦ, ਮਹਾਂਵੀਰ ਸਿੰਘ ਪੁੱਤਰ ਸਲਵਿੰਦਰ ਸਿੰਘ ਵਾਸੀ ਸਕੱਤਰਾ ਅਤੇ 25 ਗੈਂਗਸਟਰ ਸਾਥੀ ਇਲਾਕੇ ਵਿਚ ਹਥਿਆਰਾਂ ਨਾਲ ਘੁੰਮ ਰਹੇ ਹਨ, ਜਿਨ੍ਹਾਂ ਵੱਲੋਂ ਕੁਝ ਦਿਨ ਪਹਿਲਾਂ ਪਿੰਡ ਕੈਰੋਂ ਵਿਖੇ ਗੋਲੀਆਂ ਚਲਾਈਆਂ ਗਈਆਂ ਸਨ ਅਤੇ ਹੁਣ ਫਿਰ ਕੋਈ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਲਈ ਘੁੰਮਦੇ ਨਜ਼ਰ ਆ ਰਹੇ ਹਨ। ਡੀ.ਐੱਸ.ਪੀ ਨੇ ਦੱਸਿਆ ਕਿ ਸੂਚਨਾ ਵਿਚ ਇਹ ਵੀ ਦੱਸਿਆ ਗਿਆ ਕਿ ਇਨ੍ਹਾਂ ਦੇ ਪਾਕਿਸਤਾਨ ਵਿਚ ਬੈਠੇ ਇਸ ਮੁਲਜ਼ਮਾਂ ਨਾਲ ਸਬੰਧ ਬਣਾਏ ਗਏ ਹਨ, ਜਿਨ੍ਹਾਂ ਦੀ ਮਦਦ ਨਾਲ ਉਹ ਗੈਰ ਕਾਨੂੰਨੀ ਗਤੀਵਿਧੀਆਂ ਨੂੰ ਅੰਜਾਮ ਦਿੰਦੇ ਹੋਏ ਡਰੋਨ ਦੀ ਮਦਦ ਨਾਲ ਭਾਰਤੀ ਖੇਤਰ ਵਿਚ ਨਸ਼ੀਲੇ ਪਦਾਰਥ ਅਤੇ ਹਥਿਆਰ ਮੰਗਵਾਉਣ ਦਾ ਧੰਦਾ ਕਰ ਰਹੇ ਹਨ। ਇਹ ਮੁਲਜ਼ਮ ਨਾਜਾਇਜ਼ ਜਾਇਦਾਦਾਂ ਬਣਾਉਣ ਵਿਚ ਵੀ ਸਫਲ ਹੋ ਰਹੇ ਹਨ, ਜਿਨ੍ਹਾਂ ਖਿਲਾਫ ਸਖਤ ਕਾਰਵਾਈ ਕਰਨ ਲਈ ਪੁਲਸ ਵੱਲੋਂ ਇਲਾਕੇ ਵਿਚ ਘੇਰਾਬੰਦੀ ਕਰ ਦਿੱਤੀ ਗਈ। ਡੀ.ਐੱਸ.ਪੀ ਪ੍ਰੀਤ ਇੰਦਰ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਵਿਚ ਉਕਤ ਸਾਰੇ ਮੁਲਜ਼ਮਾਂ ਦੇ ਖਿਲਾਫ ਪਰਚਾ ਦਰਜ ਕਰਦੇ ਹੋਏ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

## ਸੱਸ ਨਾਲ ਕੁੱਟਮਾਰ ਦਾ ਮਹਿਲਾ ਕਮਿਸ਼ਨ ਨੇ ਲਿਆ ਨੋਟਿਸ

ਚੰਡੀਗੜ੍ਹ 4 ਅਕਤੂਬਰ। ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਕੋਠੇ 'ਚ ਨੂੰਹ ਵੱਲੋਂ ਸੱਸ ਨਾਲ ਕੁੱਟਮਾਰ ਦੀ ਵਾਇਰਲ ਹੋ ਰਹੀ ਵੀਡੀਓ ਦਾ ਨੋਟਿਸ ਲੈਂਦਿਆਂ ਪੁਲਸ ਨੂੰ ਤੁਰੰਤ ਕਾਰਵਾਈ ਦੇ ਹੁਕਮ ਦਿੱਤੇ ਹਨ। ਮਹਿਲਾ ਕਮਿਸ਼ਨ ਦੇ ਚੇਅਰਪਰਸਨ ਰਾਜ ਲਾਲੀ ਗਿੱਲ ਵੱਲੋਂ ਸਪੱਸ਼ਟ ਨਿਰਦੇਸ਼ ਦਿੱਤੇ ਗਏ ਹਨ ਕਿ ਇਹ ਕੇਸ ਕਿਸੇ ਸੀਨੀਅਰ ਪੁਲਸ ਅਧਿਕਾਰੀ ਦੇ ਹਵਾਲੇ ਕੀਤਾ ਜਾਵੇ ਤਾਂ ਜੋ ਨਿਆਂ ਪ੍ਰਾਪਤ ਹੋ ਸਕੇ। ਇਸ ਸਬੰਧੀ ਜਾਰੀ ਹੋਏ ਪੱਤਰ 'ਚ ਸਪੱਸ਼ਟ ਹੁਕਮ ਦਿੱਤੇ ਗਏ ਹਨ ਕਿ ਗੁਰਦਾਸਪੁਰ ਦੇ ਐੱਸ.ਐੱਸ.ਪੀ. ਵੱਲੋਂ ਤੁਰੰਤ ਜਾਂਚ ਕੀਤੀ ਜਾਵੇ। ਪੁਲਸ ਨੂੰ ਕਿਹਾ ਗਿਆ ਹੈ ਕਿ ਕੀਤੀ ਗਈ ਕਾਰਵਾਈ ਦੀ ਵਿਸਥਾਰਤ ਰਿਪੋਰਟ 2 ਅਕਤੂਬਰ ਤੱਕ ਮਹਿਲਾ ਕਮਿਸ਼ਨ ਦੇ ਦਫ਼ਤਰ 'ਚ ਈਮੇਲ ਰਾਹੀਂ ਭੇਜਣੀ ਯਕੀਨੀ ਬਣਾਈ ਜਾਵੇ। ਕਮਿਸ਼ਨ ਵੱਲੋਂ ਪੱਤਰ ਨਾਲ ਵਾਇਰਲ ਵੀਡੀਓ ਦੇ ਸਕ੍ਰੀਨਸ਼ਾਟ ਵੀ ਨੱਥੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਹ ਮਾਮਲਾ ਨਾ ਸਿਰਫ਼ ਪਰਿਵਾਰਕ ਹਿੰਸਾ ਨੂੰ ਦਰਸਾਉਂਦਾ ਹੈ ਸਗੋਂ ਪੰਜਾਬ 'ਚ ਵਧ ਰਹੀਆਂ ਅਜਿਹੀਆਂ ਘਟਨਾਵਾਂ 'ਤੇ ਵੀ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਹੈ ਕਿ ਕੋਈ ਵੀ ਔਰਤ ਚਾਹੇ ਉਹ ਸੱਸ ਹੋਵੇ ਜਾਂ ਨੂੰਹ, ਘਰੇਲੂ ਹਿੰਸਾ ਦਾ ਸ਼ਿਕਾਰ ਨਹੀਂ ਹੋਣੀ ਚਾਹੀਦੀ ਤੇ ਅਜਿਹੇ ਕੇਸਾਂ 'ਚ ਤੁਰੰਤ ਨਿਆਂ ਮਿਲਣਾ ਲਾਜ਼ਮੀ ਹੈ।

## ਪੰਜਾਬ ਦੇ ਬਿਜਲੀ ਖ਼ਪਤਕਾਰਾਂ ਲਈ ਅਹਿਮ ਖ਼ਬਰ, ਬਿਜਲੀ ਦੇ ਬਿੱਲ ਹੁਣ...

ਲੁਧਿਆਣਾ 4 ਅਕਤੂਬਰ। ਇਸ ਕੰਪਿਊਟਰ ਯੁੱਗ 'ਚ ਪੰਜਾਬ ਰਾਜ ਬਿਜਲੀ ਨਿਗਮ ਦਾ ਸਿਸਟਮ ਵੀ ਅਤਿ-ਆਧੁਨਿਕ ਤਕਨਾਲੋਜੀ ਨਾਲ ਲੈਸ ਹੋ ਗਿਆ ਹੈ। ਤਾਜ਼ਾ ਜਾਣਕਾਰੀ ਅਨੁਸਾਰ ਪੰਜਾਬ ਭਰ ਦੇ ਖ਼ਪਤਕਾਰਾਂ ਲਈ ਬਿਜਲੀ ਦੇ ਬਿੱਲ ਵਿਭਾਗੀ ਕਰਮਚਾਰੀਆਂ ਵਲੋਂ ਹੱਥੀਂ ਤਿਆਰ ਕਰਨ ਦੀ ਬਜਾਏ ਇਕ ਏ. ਆਈ. ਸਕੈਨਿੰਗ 'ਐਪ' ਰਾਹੀਂ ਜਾਰੀ ਕੀਤੇ ਗਏ ਹਨ। ਇਹ ਨੀਤੀ ਪੰਜਾਬ ਸਰਕਾਰ ਅਤੇ ਪੰਜਾਬ ਰਾਜ ਬਿਜਲੀ ਨਿਗਮ ਵਲੋਂ ਭ੍ਰਿਸ਼ਟ ਅਤੇ ਰਿਸ਼ਵਤਖੋਰ ਕਰਮਚਾਰੀਆਂ ਨੂੰ ਰੋਕਣ ਲਈ ਅਪਣਾਈ ਗਈ ਹੈ। ਜੋ ਬਿਜਲੀ ਦੇ ਬਿੱਲ ਤਿਆਰ ਕਰਦੇ ਸਮੇਂ ਯੂਨਿਟਾਂ ਨੂੰ ਵਧਾਉਂਦੇ ਹਨ, ਜਦੋਂਕਿ ਪਾਵਰਕਾਮ ਦੇ ਜ਼ਿਆਦਾਤਰ ਰਿਸ਼ਵਤਖੋਰ ਮੀਟਰ ਰੀਡਰ ਖ਼ਪਤਕਾਰਾਂ ਨਾਲ ਸੌਦੇਬਾਜ਼ੀ ਕਰ ਕੇ ਅਤੇ ਉਨ੍ਹਾਂ ਦੇ ਬਿਜਲੀ ਬਿੱਲਾਂ 'ਚ ਹੇਰਾਫੇਰੀ ਕਰ ਕੇ ਆਪਣੀਆਂ ਜੇਬਾਂ ਭਰ ਰਹੇ ਸਨ, ਇਸ ਪੂਰੇ ਘਪਲੇ ਕਾਰਨ ਪਾਵਰਕਾਮ ਵਿਭਾਗ ਨੂੰ ਕਾਫ਼ੀ ਵਿੱਤੀ ਨੁਕਸਾਨ ਹੁੰਦਾ ਸੀ। ਧਿਆਨ ਦੇਣ ਯੋਗ ਹੈ ਕਿ ਪਹਿਲਾਂ ਜਦੋਂ ਮੀਟਰ ਰੀਡਰ ਖ਼ਪਤਕਾਰਾਂ ਦੀਆਂ ਮੈਨੂਅਲ ਮੀਟਰ ਰੀਡਿੰਗ ਲੈਂਦੇ ਸਨ ਤਾਂ ਬਿੱਲ ਜਾਰੀ ਕਰਨ 'ਚ ਕਰੀਬ 30 ਸਕਿੰਟ ਲੱਗਦੇ ਸਨ, ਜਦੋਂ ਕਿ ਏ. ਆਈ. ਸਕੈਨਿੰਗ 'ਐਪ' ਤਕਨਾਲੋਜੀ ਨਾਲ ਬਿੱਲ ਜਾਰੀ ਕਰਨ 'ਚ 3 ਤੋਂ 5 ਮਿੰਟ ਲੱਗਦੇ ਹਨ ਅਤੇ ਖ਼ਪਤਕਾਰਾਂ ਨੂੰ ਉਨ੍ਹਾਂ ਦੇ ਮੀਟਰ ਦੀ ਲਾਈਵ ਸਕੈਨਿੰਗ ਤੋਂ ਬਾਅਦ ਹੀ ਬਿਜਲੀ ਦੇ ਬਿੱਲ ਜਾਰੀ ਕੀਤੇ ਜਾਂਦੇ ਹਨ।

## ਫਰਜ਼ੀ ਰੇਡ ਜ਼ਰੀਏ 3 ਕਾਰੋਬਾਰੀਆਂ ਨੂੰ ਅਗਵਾ ਕਰਕੇ 10 ਕਰੋੜ ਦੀ ਫਿਰੌਤੀ ਦੀ ਖੇਡ ਦੇ ਮਾਮਲੇ 'ਚ ਵੱਡਾ ਖ਼ੁਲਾਸਾ

**ਕੌਮੀ ਪੱਤ੍ਰਿਕਾ**

ਲੁਧਿਆਣਾ 4 ਅਕਤੂਬਰ। ਨੋਇਡਾ ਦੇ ਕਾਲ ਸੈਂਟਰ ਤੋਂ 3 ਕਾਰੋਬਾਰੀਆਂ ਨੂੰ ਫਰਜ਼ੀ ਰੇਡ ਜ਼ਰੀਏ ਕਿਡਨੈਪ ਕਰਕੇ 10 ਕਰੋੜ ਦੀ ਫਿਰੌਤੀ ਮੰਗਣ ਦੇ ਮਾਮਲੇ 'ਚ ਖ਼ੁਦ ਨੂੰ ਬਚਾਉਣ ਦੇ ਚੱਕਰ ਵਿਚ ਐੱਸ. ਪੀ. ਵੱਲੋਂ ਨਾਮਜ਼ਦ ਆਈ. ਆਰ. ਬੀ. ਦੇ ਗੰਨਮੈਨ ਦੇ ਵਾਰਦਾਤ ਦੇ ਸਮੇਂ ਛੁੱਟੀ 'ਤੇ ਹੋਣ ਦਾ ਦਾਅਵੇ ਕੀਤੇ ਜਾ ਰਹੇ ਹਨ। ਹਾਲਾਂਕਿ ਪੰਜਾਬ ਕੇਸਰੀ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਫਰੀਦਕੋਟ ਪੁਲਸ ਦੇ ਰਿਕਾਰਡ ਵਿੱਚ ਆਈ. ਆਰ. ਬੀ. ਦੇ ਗੰਨਮੈਨ ਦੀ ਛੁੱਟੀ ਦਾ ਕੋਈ ਰਿਕਾਰਡ ਨਹੀਂ ਹੈ। ਨਾ ਹੀ ਕਿਤੇ ਰੋਜ਼ਾਨਾ ਰਜਿਸਟਰ ਵਿੱਚ ਉਸ ਦਿਨ ਦੀ ਰਵਾਨਗੀ ਦੀ ਤਾਰੀਖ਼ ਹੈ। ਹੁਣ ਇਸ ਗੱਲ ਦੀ ਪੁਸ਼ਟੀ ਤਾਂ ਜਾਂਚ ਕਰਨ ਵਾਲੀ ਟੀਮ ਹੈ ਕਰ ਸਕਦੀ ਹੈ ਕਿ ਇਸ ਵਿਚ ਕਿੰਨੀ ਸੱਚਾਈ ਹੈ। ਉਥੇ ਹੀ ਦੂਜੇ ਪਾਸੇ ਨਿਯਮਾਂ ਅਨੁਸਾਰ ਜਿਵੇਂ ਹੀ ਅੱਠ ਸਾਲਾਂ ਤੋਂ ਅਟੈਚ ਗੰਨਮੈਨ ਵਿਰੁੱਧ ਐੱਫ਼. ਆਈ. ਆਰ. ਦਰਜ ਹੁੰਦੀ ਹੈ, ਅਧਿਕਾਰੀ ਨੂੰ ਕਰਮਚਾਰੀ ਬਾਰੇ ਏ. ਡੀ. ਜੀ. ਪੀ. (ਸੁਰੱਖਿਆ) ਅਤੇ ਆਈ. ਆਰ. ਬੀ. ਵਿਭਾਗ ਨੂੰ ਲਿਖਤੀ



ਰਿਪੋਰਟ ਭੇਜਣੀ ਪੈਂਦੀ ਹੈ। ਸੂਤਰ ਦੱਸਦੇ ਹਨ ਕਿ ਇਸ ਮਾਮਲੇ ਵਿੱਚ ਅਜਿਹੀ ਕੋਈ ਕਾਰਵਾਈ ਨਹੀਂ ਕੀਤੀ ਗਈ, ਜਿਸ ਤੋਂ ਪਤਾ ਲੱਗਦਾ ਹੈ ਕਿ ਪੁਲਸ ਸੁਪਰਡੈਂਟ (ਐੱਸ.ਪੀ) ਕਰਮਚਾਰੀ ਦੀ ਸੁਰੱਖਿਆ ਲਈ ਹਰ ਸੰਭਵ ਕੋਸ਼ਿਸ਼ ਕਰ ਰਿਹਾ ਹੈ ਕਿਉਂਕਿ, ਉਸ ਤੱਕ ਪਹੁੰਚ ਕੇ ਪੁਲਸ ਅਧਿਕਾਰੀ ਉਸ ਦੀਆਂ ਗਤੀਵਿਧੀਆਂ ਬਾਰੇ ਜਾਣ ਸਕਦੇ ਸਨ। ਇਹ ਵਿਸ਼ੇਸ਼ ਜਾਂਚ ਟੀਮ (ਐੱਸ. ਆਈ. ਟੀ) ਦੀ ਜਾਂਚ ਤੋਂ ਬਾਅਦ ਹੀ ਪਤਾ ਲੱਗੇਗਾ। ਲੁਧਿਆਣਾ ਨਾਲ ਐੱਸ. ਪੀ. ਦੇ ਲਗਾਅ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਹ ਲਗਭਗ 18 ਵਾਰ ਲੁਧਿਆਣਾ ਵਿੱਚ ਐੱਸ. ਐੱਚ. ਓ. ਵਜੋਂ ਸੇਵਾ ਨਿਭਾ ਚੁੱਕੇ ਹਨ, ਜਿਸ ਵਿੱਚੋਂ ਦੋ ਵਾਰ ਏ. ਸੀ. ਪੀ. ਦੀ ਕੁਰਸੀ 'ਤੇ ਵੀ ਬੈਠ ਚੁੱਕਾ ਹੈ। ਆਮ ਆਦਮੀ ਪਾਰਟੀ ਦੇ ਇਕ ਵਿਧਾਇਕ ਨਾਲ ਉਸ ਦੀ ਨੇੜਤਾ ਵੀ ਕਿਸੇ ਤੋਂ ਲੁਕੀ ਨਹੀਂ ਹੈ। ਹੁਣ ਉਸ ਦੇ ਵੱਲੋਂ ਡੀ.ਓ. ਤੱਕ ਭੇਜ ਕੇ ਲਗਵਾਉਣ ਦੀ ਸਿਫ਼ਾਰਿਸ਼ ਕੀਤੀ ਗਈ ਹੈ। 'ਆਪ' ਵਿਧਾਇਕ ਦੇ ਇੱਕ ਕਰੀਬੀ ਸਾਥੀ ਦਾ ਨਾਮ ਫਿਰੌਤੀ ਦੇ ਮਾਮਲੇ ਵਿੱਚ ਵੀ ਹੈ। ਵਿਧਾਇਕ ਦੀਆਂ ਕਾਰਵਾਈਆਂ ਸਰਕਾਰ ਦੇ ਆਮ ਆਦਮੀ ਪ੍ਰਤੀ ਵਫ਼ਾਦਾਰ ਹੋਣ ਦੇ ਦਾਅਵਿਆਂ ਨੂੰ ਕਮਜ਼ੋਰ ਕਰਦੀਆਂ ਹਨ।

## ਸਤਲੁਜ ਦੇ ਤੇਜ਼ ਵਹਾਅ 'ਚ ਰੁੜ ਗਏ 2 ਬੰਦੇ ! ਇਕ ਦੀ ਮਿਲੀ ਲਾਸ਼

ਫਿਲੌਰ 4 ਅਕਤੂਬਰ। ਵਿਜੇ ਦਸ਼ਮੀ 'ਤੇ ਮਾਤਾ ਦੁਰਗਾ ਦੀ ਮੂਰਤੀ ਦਾ ਵਿਸਰਜਨ ਕਰਨ ਆਏ ਇਕ ਸ਼ਰਧਾਲੂ ਦੀ ਸਤਲੁਜ ਦਰਿਆ 'ਚ ਡੁੱਬਣ ਨਾਲ ਮੌਤ ਹੋ ਗਈ, ਜਦਕਿ ਇਕ ਸ਼ਰਧਾਲੂ ਤੇਜ਼ ਵਹਾਅ ਵਿਚ ਵਹਿ ਗਿਆ, ਜਿਸ ਦਾ 14 ਘੰਟੇ ਬੀਤ ਜਾਣ ਤੋਂ ਬਾਅਦ ਵੀ ਕੋਈ ਸੁਰਾਗ ਨਹੀਂ ਮਿਲ ਸਕਿਆ। ਜਾਣਕਾਰੀ ਅਨੁਸਾਰ ਪ੍ਰਵਾਸੀ ਭਾਰਤੀਆਂ 'ਚ ਪ੍ਰੰਪਰਾ ਹੈ ਕਿ ਮਾਤਾ ਦੁਰਗਾ ਦੇ ਪਵਿੱਤਰ ਨਰਾਤਿਆਂ ਤੋਂ ਬਾਅਦ ਵਿਜੇ ਦਸ਼ਮੀ 'ਤੇ ਕੁਝ ਪ੍ਰਵਾਸੀ ਭਾਰਤੀ ਭਾਰੀ ਗਿਣਤੀ 'ਚ ਇਕੱਠੇ ਹੋ ਕੇ ਮਾਤਾ ਦੁਰਗਾ ਦੀ ਮੂਰਤੀ ਨੂੰ ਵਹਿੰਦੇ ਪਾਣੀ 'ਚ ਵਿਸਰਜਿਤ ਕਰਦੇ ਹਨ। ਪਹਿਲੀ ਘਟਨਾ ਸਵੇਰੇ 7 ਵਜੇ ਵਾਪਰੀ ਜਦੋਂ ਸਤਲੁਜ ਦਰਿਆ ਤੇ ਲੁਧਿਆਣਾ ਵਲੋਂ ਵੱਡੀ ਗਿਣਤੀ 'ਚ ਮਾਤਾ ਦੇ ਸ਼ਰਧਾਲੂ ਮਾਤਾ ਦੁਰਗਾ ਦੀ ਮੂਰਤੀ ਨੂੰ ਦਰਿਆ 'ਚ ਵਿਸਰਜਿਤ ਕਰਨ ਲੱਗੇ ਤਾਂ ਤੇਜ਼ ਵਹਾਅ ਪਾਣੀ ਦੇ ਚਲਦੇ 24 ਸਾਲਾ ਦਾ ਇਕ ਨੌਜਵਾਨ ਤੇਜ਼ ਵਹਾਅ ਪਾਣੀ 'ਚ ਵਹਿ ਗਿਆ, ਜਿਸ ਨੂੰ ਗੋਤਾਖੋਰ ਬਚਾਉਣ ਲਈ ਉਸ ਦੇ ਪਿੱਛੇ ਵੀ ਗਏ ਪਰ ਉਸ ਦਾ ਕੋਈ ਪਤਾ ਨਹੀਂ ਲੱਗ ਸਕਿਆ। ਰਾਤ ਨੂੰ ਹਨੇਰਾ ਜ਼ਿਆਦਾ ਹੋਣ ਕਾਰਨ ਉਸ ਦੀ ਭਾਲ ਰੋਕ ਦਿੱਤੀ ਗਈ। ਦੂਜੀ ਘਟਨਾ ਦੁਪਹਿਰ 1 ਵਜੇ ਹੋਈ ਜਦੋਂ ਫ਼ਿਰ ਤੋਂ ਵੱਡੀ ਗਿਣਤੀ 'ਚ ਸ਼ਰਧਾਲੂ ਮਾਤਾ ਦੁਰਗਾ ਦੀ ਮੂਰਤੀ ਵਿਸਰਜਿਤ ਕਰਨ ਪਹੁੰਚੇ ਤਾਂ ਉਨ੍ਹਾਂ 'ਚੋਂ ਇਕ 34-35 ਸਾਲ ਦਾ ਸ਼ਰਧਾਲੂ ਤੇਜ਼ ਵਹਾਅ ਪਾਣੀ 'ਚ ਵਹਿ ਗਿਆ, ਜੋ ਅੱਗੇ ਜਾ ਕੇ ਡੁੱਬ ਗਿਆ। ਕਾਫ਼ੀ ਕੋਸ਼ਿਸ਼ਾਂ ਤੋਂ ਬਾਅਦ ਗੋਤਾਖੋਰ ਮ੍ਰਿਤਕ ਦੀ ਲਾਸ਼ ਲੱਭਣ 'ਚ ਕਾਮਯਾਬ ਹੋ ਗਏ, ਜਿਸ ਨੂੰ ਉਹ ਬਾਹਰ ਕੱਢ ਕੇ ਲੈ ਆਏ। ਇਸ ਵਾਰ ਹੜ੍ਹ ਆਉਣ ਕਾਰਨ ਸਤਲੁਜ ਦਰਿਆ 'ਚ ਪਾਣੀ ਦਾ ਵਹਾਅ ਬਹੁਤ ਤੇਜ਼ ਹੈ

## ਖੰਨਾ ਪੁਲਸ ਦੀ ਫਰਜ਼ੀ ਰੇਡ ਦੇ ਮਾਮਲੇ 'ਚ ਸਨਸਨੀਖੇਜ਼ ਖ਼ੁਲਾਸੇ

**ਕੌਮੀ ਪੱਤ੍ਰਿਕਾ**

ਲੁਧਿਆਣਾ 4 ਅਕਤੂਬਰ। ਨੋਇਡਾ ਦੇ ਇਕ ਕਾਲ ਸੈਂਟਰ ਤੋਂ ਤਿੰਨ ਕਾਰੋਬਾਰੀਆਂ ਨੂੰ ਫਰਜ਼ੀ ਛਾਪੇਮਾਰੀ ਰਾਹੀਂ ਅਗਵਾ ਕਰਕੇ ਲੁਧਿਆਣਾ ਦੇ ਇਕ ਢਾਬੇ 'ਤੇ ਲਿਆਉਣ ਅਤੇ 10 ਕਰੋੜ ਰੁਪਏ ਦੀ ਫਿਰੌਤੀ ਮੰਗਣ ਦੇ ਮਾਮਲੇ 'ਚ 'ਜਗ ਬਾਣੀ' ਦੀ ਛਾਣਬੀਣ ਵਿਚ ਕਈ ਖ਼ੁਲਾਸੇ ਹੋਏ ਹਨ। ਇਨ੍ਹਾਂ ਵਿਚੋਂ, ਐੱਸ.ਪੀ. ਰੈਂਕ ਦੇ ਇਕ ਅਧਿਕਾਰੀ ਦਾ ਨਾਂ ਸਾਹਮਣੇ ਆ ਰਿਹਾ ਹੈ, ਜੋ ਇੰਸਪੈਕਟਰ ਜਨਰਲ (ਆਈ.ਜੀ.) ਵਜੋਂ ਪੇਸ਼ ਹੋ ਕੇ ਛਾਪੇਮਾਰੀ ਦੌਰਾਨ ਫ਼ੋਨ 'ਤੇ ਗੱਲ ਕਰ ਰਿਹਾ ਸੀ। ਇਸ ਦੀ ਪੁਸ਼ਟੀ ਉੱਚ ਅਧਿਕਾਰੀਆਂ ਦੁਆਰਾ ਜਾਂਚ ਤੋਂ ਬਾਅਦ ਹੀ ਕੀਤੀ ਜਾ ਸਕਦੀ ਹੈ। ਹੈਰਾਨੀ ਦੀ ਗੱਲ ਹੈ ਕਿ ਪੈਸੇ ਨਾਲ ਅੰਨ੍ਹੇ ਹੋਏ ਪੁਲਸ ਅਧਿਕਾਰੀ ਕਾਨੂੰਨ ਦਾ ਮਜ਼ਾਕ ਉਡਾ ਰਹੇ ਹਨ। ਜਾਂਚ ਇਹ ਵੀ ਦੱਸ ਸਕਦੀ ਹੈ ਕਿ ਕੀ ਪੁਲਸ ਸੁਪਰਡੈਂਟ ਆਫ਼ ਦਾ ਨਾਂ ਤਾਂ ਨਹੀਂ ਵਰਤਿਆ? ਹਾਲਾਂਕਿ ਪੁਲਸ ਸੁਪਰਡੈਂਟ ਨਾਲ ਜੁੜੇ ਅਧਿਕਾਰੀਆਂ ਲਈ ਉਸ ਦੀ ਇਜਾਜ਼ਤ ਤੋਂ ਬਿਨਾਂ ਮੁਲਾਜ਼ਮਾਂ ਵੱਲੋਂ ਆਪਣੇ ਪੱਧਰ 'ਤੇ ਇੰਨੀ ਵੱਡੀ ਵਾਰਦਾਤ ਨੂੰ ਅੰਜਾਮ ਦੇਣਾ ਸੰਭਵ



ਨਹੀਂ ਹੋ ਸਕਦਾ। ਸੂਤਰਾਂ ਤੋਂ ਪਤਾ ਚੱਲਦਾ ਹੈ ਕਿ ਇਸ ਯੋਜਨਾ ਦੇ ਪਿੱਛੇ ਮਾਸਟਰਮਾਈਂਡ ਇਕ ਪੁਲਸ ਸੁਪਰਡੈਂਟ (ਐੱਸ.ਪੀ.) ਸੀ। ਉਹ ਇਸ ਸਮੇਂ ਲੁਧਿਆਣਾ ਤੋਂ ਬਾਹਰ ਡਿਊਟੀ 'ਤੇ ਤਾਇਨਾਤ ਹੈ, ਪਰ ਉਹ ਗੈਰ-ਕਾਨੂੰਨੀ ਕਮਾਈ ਨਾਲ ਆਪਣਾ ਮੋਹ ਤੋੜਨ ਤੋਂ ਅਸਮਰੱਥ ਹੈ। ਉਸੇ ਵੱਲੋਂ ਇਹ ਖੇਡ ਰਚੀ ਗਈ ਸੀ। ਸੂਤਰਾਂ ਦੀ ਮੰਨੀਏ ਤਾਂ ਜਿਸ ਆਈ.ਜੀ. ਦਾ ਨਾਂ ਫਰਜ਼ੀ ਛਾਪੇਮਾਰੀ ਦੌਰਾਨ ਵਾਰ-ਵਾਰ ਫੋਨ 'ਤੇ ਲਿਆ ਗਿਆ ਸੀ, ਜੇਕਰ ਇਸ ਦੀ ਪੁਸ਼ਟੀ ਲਈ ਉਸ ਦੇ ਮੋਬਾਈਲ ਵੇਰਵੇ ਪ੍ਰਾਪਤ ਕੀਤੇ ਜਾਂਦੇ ਹਨ, ਤਾਂ ਤਾਰ ਸਿੱਧੇ ਐੱਸ.ਪੀ. ਨਾਲ ਜੁੜੇਗੀ। ਸੂਤਰਾਂ ਦੀ ਮੰਨੀਏ ਤਾਂ, ਇਸਦੀ ਜਾਂਚ ਇਕ ਪੀ.ਪੀ.ਐੱਸ. ਅਧਿਕਾਰੀ ਨੂੰ ਸੌਂਪ ਦਿੱਤੀ ਗਈ ਹੈ, ਜਿਸ ਕਾਰਨ ਇਸ ਮਾਮਲੇ ਨੂੰ ਲੁਕਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਜੋ ਪੀ.ਪੀ.ਐੱਸ ਲਾਬੀ ਦੀ ਬੇਇੱਜ਼ਤੀ ਨਾ ਹੋਵੇ। 'ਜਗ ਬਾਣੀ' ਦੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਛਾਪੇਮਾਰੀ ਦੌਰਾਨ ਗ੍ਰਿਫ਼ਤਾਰ ਕੀਤਾ ਗਿਆ ਆਈ.ਆਰ.ਬੀ. ਕਰਮਚਾਰੀ ਲਗਭਗ 8 ਸਾਲਾਂ ਤੋਂ ਪੁਲਸ ਸੁਪਰਡੈਂਟ ਨਾਲ ਜੁੜਿਆ ਹੋਇਆ ਸੀ ਅਤੇ ਇਹ ਛਾਪਾ ਉਸ ਦੇ ਇਸ਼ਾਰੇ 'ਤੇ ਮਾਰਿਆ ਗਿਆ ਸੀ। ਹੈਰਾਨੀ ਦੀ ਗੱਲ ਹੈ ਕਿ ਪੁਲਸ ਅਤੇ ਜਨਤਾ ਨੂੰ ਗੁੰਮਰਾਹ ਕਰਨ ਲਈ, ਉਸ ਨੇ ਲਾਲ ਪੱਗ ਪਹਿਨ ਕੇ ਆਪਣੀ ਫੋਟੋ ਵੀ ਖਿੱਚਵਾਈ, ਹਾਲਾਂਕਿ ਨਿਯਮ ਉਸ ਨੂੰ ਸਿਰਫ਼ ਖਾਕੀ ਪੱਗ ਪਹਿਨਣ ਦੀ ਇਜਾਜ਼ਤ ਦਿੰਦੇ ਹਨ। ਇਸ ਛਾਪੇਮਾਰੀ ਵਿਚ ਗ੍ਰਿਫ਼ਤਾਰ ਕੀਤੇ ਗਏ ਅਪਰਾਧੀਆਂ ਵਿਚੋਂ ਇਕ ਪਹਿਲਾਂ ਗੰਗਾਨਗਰ ਵਿਚ ਸ਼ਰਾਬ ਠੇਕੇਦਾਰਾਂ ਲਈ ਮੈਨੇਜਰ ਵਜੋਂ ਕੰਮ ਕਰਦਾ ਸੀ, ਸ਼ਿਮਲਾਪੁਰੀ ਅਤੇ ਆਸ ਪਾਸ ਦੇ ਇਲਾਕਿਆਂ ਵਿਚ ਠੇਕਿਆਂ ਦੀ ਨਿਗਰਾਨੀ ਕਰਦਾ ਸੀ।

ਕੌਮੀ ਪੱਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪੱਤ੍ਰਿਕਾ ਪ੍ਰਿੰਟਿੰਗ ਪ੍ਰੈੱਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਪੰਜਾਬ ’ਚ ਹਾਈ ਅਲਰਟ, ਵਧਾਈ ਗਈ ਸੁਰੱਖਿਆ ਤਿਉਹਾਰੀ ਸੀਜ਼ਨ ਨੂੰ ਮੁੱਖ ਰੱਖਦਿਆਂ...

**ਕੌਮੀ ਪਤ੍ਰਿਕਾ**

ਜਲੰਧਰ 4 ਅਕਤੂਬਰ। ਪੰਜਾਬ ਪੁਲਸ ਦੇ ਡਾਇਰੈਕਟਰ ਜਨਰਲ (ਡੀ. ਜੀ. ਪੀ.) ਗੌਰਵ ਯਾਦਵ ਨੇ ਸੋਮਵਾਰ ਨੂੰ ਜਲੰਧਰ ’ਚ ਇੰਟੈਲੀਜੈਂਸ ਟ?ਰੈਫਿਕ ਮੈਨੇਜਮੈਂਟ ਸਿਸਟਮ (ਆਈ. ਟੀ. ਐੱਮ. ਐੱਸ.) ਦੇ ਪਹਿਲੇ ਪੜਾਅ ਦਾ ਉਦਘਾਟਨ ਕੀਤਾ, ਜੋ ਸ਼ਹਿਰ ਦੇ ਟ?ਰੈਫਿਕ ਸਿਸਟਮ ਅਤੇ ਨਿਗਰਾਨੀ ਬੁਨਿਆਦੀ ਢਾਂਚੇ ’ਚ ਇਕ ਮਹੱਤਵਪੂਰਨ ਕਦਮ ਹੈ। ਪੁਲਸ ਕਮਿਸ਼ਨਰ ਧਨਪ੍ਰੀਤ ਕੌਰ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਨਗਰ ਨਿਗਮ ਦੇ ਕਮਿਸ਼ਨਰ ਸੰਦੀਪ ਰਿਸ਼ੀ ਦੇ ਨਾਲ ਡੀ. ਜੀ. ਪੀ. ਨੇ ਕਿਹਾ ਕਿ ਐੱਸ. ਏ. ਐੱਸ. ਨਗਰ ਤੋਂ ਬਾਅਦ ਜਲੰਧਰ ਪੰਜਾਬ ਦਾ ਦੂਜਾ ਸ਼ਹਿਰ ਬਣ ਗਿਆ ਹੈ, ਜਿੱਥੇ ਇਹ ਅਤਿ-ਆਧੁਨਿਕ ਪ੍ਰਣਾਲੀ ਸ਼ੁਰੂ ਕੀਤੀ ਗਈ ਹੈ। 42 ਕਰੋੜ ਰੁਪਏ ਦੀ ਲਾਗਤ ਨਾਲ ਵਿਕਸਿਤ ਸਿਟੀ ਸਰਵੀਲਾਂਸ ਐਂਡ ਟ?ਰੈਫਿਕ ਮੈਨੇਜਮੈਂਟ ਸਿਸਟਮ ਦਾ ਪਹਿਲਾ ਪੜਾਅ ਜਲੰਧਰ ਦੀ ਪੁਲਸ ਲਾਈਨਜ਼ ’ਚ ਸਥਿਤ ਇੰਟੀਗ੍ਰੇਟਿਡ ਕਮਾਂਡ ਐਂਡ ਕੰਟਰੋਲ ਸੈਂਟਰ (ਆਈ. ਸੀ. ਸੀ. ਸੀ.) ’ਤੇ ਆਧਾਰਿਤ ਹੈ, ਇਸ ’ਚ 13 ਮਹੱਤਵਪੂਰਨ ਚੌਰਾਹਿਆਂ ’ਤੇ 142 ਹਾਈ ਰੈਜ਼ੀਲਿਊਸ਼ਨ ਕੈਮਰੇ ਲਾਏ ਗਏ ਹਨ। ਸਿਸਟਮ ’ਚ 102 ਆਟੋਮੇਟਿਡ ਨੰਬਰ ਪਲੇਟ ਰੀਕਾਗਨਿਸ਼ਨ (ਏ. ਐੱਨ. ਪੀ. ਆਰ. ਕੈਮਰੇ), 40 ਰੈੱਡ ਲਾਈਟ ਵਾਈਲੇਸ਼ਨ ਡਿਟੈਕਸ਼ਨ (ਆਰ. ਐੱਲ. ਵੀ. ਡੀ.) ਕੈਮਰੇ, 83 ਬੁਲੇਟ ਕੈਮਰੇ, 4 ਪੀ. ਟੀ. ਜ਼ੈੱਡ ਕੈਮਰੇ, 30 ਵਿਜ਼ੂਅਲ ਮੈਸੇਜ ਡਿਸਪਲੇਅ ਸਕ੍ਰੀਨ ਅਤੇ 2 ਸਪੀਡ ਉਲੰਘਣ ਡਿਟੈਕਸ਼ਨ ਸਾਈਟਸ ’ਤੇ 16 ਕੈਮਰੇ ਸ਼ਾਮਲ ਹਨ। ਸ਼ਹਿਰ ਪੱਧਰੀ ਨਿਗਰਾਨੀ ਯੋਜਨਾ ’ਚ ਕੁੱਲ 1003 ਕੈਮਰੇ, ਪਬਲਿਕ ਐਡਰੈੱਸ



ਸਿਸਟਮ ਅਤੇ ਐਮਰਜੈਂਸੀ ਕਾਲ ਬਾਕਸ ਦੀ ਕਲਪਨਾ ਕੀਤੀ ਗਈ ਹੈ। ਇਕ ਮੁੱਖ ਵਿਸ਼ੇਸ਼ਤਾ ਆਟੋਮੇਟਿਡ ਈ-ਚਲਾਨ ਸਿਸਟਮ ਹੈ, ਜੋ ਕਿ ਐੱਨ. ਆਈ. ਸੀ. ਦੇ ਵਾਹਨ ਅਤੇ ਸਾਰਥੀ ਡਾਟਾਬੇਸ ਨਾਲ ਜੁੜਿਆ ਹੋਇਆ ਹੈ, ਜੋ ਰੈੱਡ ਲਾਈਟ ਦੀ ਉਲੰਘਣਾ, ਓਵਰ ਸਪੀਡ ਅਤੇ ਗਲਤ ਦਿਸ਼ਾ ਵਿਚ ਡਰਾਈਵਿੰਗ ਲਈ ਆਟੋਮੈਟਿਕ ਚਲਾਨ ਕਰਨ ਦੇ ਯੋਗ ਬਣਾਉਂਦਾ ਹੈ। ਡੀ. ਜੀ. ਪੀ. ਨੇ ਕਾਨੂੰਨ ਵਿਵਸਥਾ ਬਣਾਈ ਰੱਖਣ ਦੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਕਿਹਾ ਕਿ ਸਤੰਬਰ 2024 ਤੋਂ ਪੰਜਾਬ ਪੁਲਸ ਨੇ ਪਾਕਿ ਸਮਰਥਿਤ ਅੱਤਵਾਦੀਆਂ ਵੱਲੋਂ ਸੂਬੇ ’ਚ ਸ਼ਾਂਤੀ ਭੰਗ ਕਰਨ ਦੀਆਂ 26 ਤੋਂ ਵੱਧ ਕੋਸ਼ਿਸ਼ਾਂ ਨੂੰ ਨਾਕਾਮ ਕੀਤਾ ਹੈ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਤਿਉਹਾਰਾਂ ਦੇ ਸੀਜ਼ਨ ਦੌਰਾਨ ਪੰਜਾਬ ’ਚ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ 57 ਵਾਧੂ ਪੈਰਾ ਮਿਲਟਰੀ ਫੋਰਸ ਦੀਆਂ ਕੰਪਨੀਆਂ ਨੂੰ ਮਨਜ਼ੂਰੀ ਦਿੱਤੀ ਗਈ ਹੈ ਅਤੇ ਪੂਰੇ ਸੂਬੇ ’ਚ ਹਾਈ ਅਲਰਟ ਕੀਤਾ ਗਿਆ ਹੈ। ‘ਯੁੱਧ ਨਸ਼ਿਆਂ ਵਿਰੁੱਧ’ ਪਹਿਲ ਤਹਿਤ ਪ੍ਰਾਪਤੀਆਂ ’ਤੇ ਰੌਸ਼ਨੀ ਪਾਉਂਦਿਆਂ ਉਨ੍ਹਾਂ ਖ਼ੁਲਾਸਾ ਕੀਤਾ ਕਿ ਪੰਜਾਬ ਪੁਲਸ ਨੇ ਕਰੀਬ 20,000 ਐੱਫ. ਆਈ. ਆਰ. ਦਰਜ ਕੀਤੀਆਂ ਹਨ, 31,000 ਤੋਂ ਵੱਧ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ 87 ਫ਼ੀਸਦੀ ਦੀ ਰਿਕਾਰਡ ਸਜ਼ਾ ਦਰ ਪ੍ਰਾਪਤ ਕੀਤੀ ਹੈ, ਜੋ ਕਿ ਦੇਸ਼ ਵਿਚ ਸਭ ਤੋਂ ਵੱਧ ਹੈ। ਉਨ੍ਹਾਂ ਪੰਜਾਬ ਪੁਲਸ ਦੇ ਨਸ਼ਿਆਂ ਨੂੰ ਖ਼ਤਮ ਕਰਨ ਅਤੇ ਸ਼ਾਂਤੀ ਤੇ ਸਦਭਾਵਨਾ ਬਣਾਈ ਰੱਖਣ ਦੇ ਦ੍ਰਿੜ੍ਹ ਸੰਕਲਪ ਨੂੰ ਦੁਹਰਾਇਆ।

## ਸੰਤ ਨਿਰੰਕਾਰੀ ਮਿਸ਼ਨ ਨੂੰ ਮਨੁੱਖਤਾ ਦੀ ਸੇਵਾ ਲਈ ਵਿਸ਼ੇਸ਼ ਸਨਮਾਨ

ਨਵੀਂ ਦਿੱਲੀ, 4 ਅਕਤੂਬਰਃ ਗਾਂਧੀ ਜਯੰਤੀ ਦੇ ਮੌਕੇ 2 ਅਕਤੂਬਰ 2025 ਨੂੰ ਇੰਟਰਨੇਸ਼ਨਲ ਹੋਟਲ, ਸ਼?ਰੀਨਗਰ ਵਿੱਚ ਗਾਂਧੀ ਗਲੋਬਲ ਫੈਮਿਲੀ ਵੱਲੋਂ ਇਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸਦੀ ਅਧਿਆਕਸ਼ਤਾ ਪਦਮਸ਼?ਰੀ ਡਾ. ਐਸ. ਪੀ. ਵਰਮਾ ਨੇ ਕੀਤੀ। ਸਮਾਗਮ ਦਾ ਉਦੇਸ਼ ਮਹਾਤਮਾ ਗਾਂਧੀ ਜੀ ਨੂੰ ਸ਼ਰਧਾਂਜਲੀ ਭੇਂਟ ਕਰਨਾ ਤੇ ਉਨ੍ਹਾਂ ਦੇ ਸਿਧਾਂਤਾਂ ਨੂੰ ਯਾਦ ਕਰਨਾ ਸੀ। ਇਸ ਮਹੱਤਵਪੂਰਨ ਸਮਾਗਮ ਵਿੱਚ ਸੰਤ ਨਿਰੰਕਾਰੀ ਮਿਸ਼ਨ ਵੱਲੋਂ ਸੰਤ ਨਿਰੰਕਾਰੀ ਮੰਡਲ ਦੇ ਸਕੱਤਰ ਸ੍ਰੀ ਜੋਗਿੰਦਰ ਸੁਖੀਜਾ ਨੇ ਹਾਜ਼ਰੀ ਭਰੀ। ਸ੍ਰੀ ਸੁਖੀਜਾ ਜੀ ਨੇ ਗਾਂਧੀ ਜੀ ਨੂੰ ਸ਼ਰਧਾਂਜਲੀ ਦੇਂਦੇ ਹੋਏ ਸੰਤ ਨਿਰੰਕਾਰੀ ਮਿਸ਼ਨ ਦੇ ਮੁੱਖ ਸਿਧਾਂਤ - “ਮਨੁੱਖ ਨੂੰ ਮਨੁੱਖ ਹੋ ਪਿਆਰਾ, ਇਕ ਦੂਜੇ ਦਾ ਬਣੇ ਸਹਾਰਾ”ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਨਿਰੰਕਾਰੀ ਮਿਸ਼ਨ ਕਿਵੇਂ ਵਿਸ਼ਵ ਭਰ ਵਿੱਚ ਭਰਾਤ੍ਰੀਭਾਵ, ਏਕਤਾ ਅਤੇ ਪਿਆਰ ਦਾ ਸੰਦੇਸ਼ ਦੇ ਰਿਹਾ ਹੈ। ਇਸ ਮੌਕੇ ਉਨ੍ਹਾਂ ਨੇ ਸਭ ਨੂੰ ਆਉਣ ਵਾਲੇ ਸੰਤ ਸਮਾਗਮ (31 ਅਕਤੂਬਰ ਤੋਂ 3 ਨਵੰਬਰ 2025, ਸਮਾਲਖਾ - ਹਰਿਆਣਾ) ਲਈ ਸੱਦਾ ਦਿੱਤਾ ਅਤੇ ਕਿਹਾ ਕਿ “ਸੰਤ ਸਮਾਗਮ ਉਹ ਆਧਿਆਤਮਿਕ ਮੰਚ ਹੈ, ਜਿੱਥੇ ਧਰਮ, ਜਾਤ ਤੇ ਵਰਗ ਤੋਂ ਉਪਰੁੱਥ ਹੋ ਕੇ ਲੋਕ ਪ੍ਰੇਮ, ਏਕਤਾ ਅਤੇ ਭਰਾਤ੍ਰੀਭਾਵ ਦੀ ਮਿਸਾਲ ਕਾਇਮ ਕਰਦੇ ਹਨ।

ਆਪਦਾ ਰਾਹਤ ਤੇ ਸਮਾਜ ਸੇਵਾ ਵਿੱਚ ਵਿਸ਼ੇਸ਼ ਯੋਗਦਾਨ ਲਈ ਸਨਮਾਨ

ਸੰਤ ਨਿਰੰਕਾਰੀ ਮਿਸ਼ਨ, ਸਤਿਗੁਰੂ ਮਾਤਾ ਸੁਦੀਖ਼ਸ਼ਾ ਜੀ ਮਹਾਰਾਜ ਦੇ ਆਧਿਆਤਮਿਕ ਨੇਤ੍ਰਿਤਵ ਹੇਠ ਮਨੁੱਖਤਾ ਦੀ ਨਿਸ਼ਕਾਮ ਸੇਵਾ ਕਰਦਾ ਆ ਰਿਹਾ ਹੈ। ਮਿਸ਼ਨ ਦੀ ਸਮਾਜਿਕ ਸ਼ਾਖਾ ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਵੱਲੋਂ ਵਾਤਾਵਰਣ ਸੰਰਕਸ਼ਣ, ਸਿਹਤ ਸੇਵਾਵਾਂ, ਰਕਤਦਾਨ, ਸਫ਼ਾਈ ਅਭਿਆਨ ਅਤੇ ਆਪਦਾ ਰਾਹਤ ਵਰਗੇ ਖੇਤਰਾਂ ਵਿੱਚ ਲਾਇਕ-ਤਾਰੀਫ਼ ਕੰਮ ਕੀਤੇ ਜਾ ਰਹੇ ਹਨ। ਜੰਮੂ-ਕਸ਼ਮੀਰ ਵਿੱਚ ਆਈਆਂ ਕੁਦਰਤੀ ਆਪਦਾਵਾਂ ਜਿਵੇਂ ਬਾੜ੍ਹ, ਬੱਦਲ ਫਟਣਾ ਅਤੇ ਆਪਰੇਸ਼ਨ ਸਿੰਦੂਰ ਦੇ ਦੌਰਾਨ ਮਿਸ਼ਨ ਨੇ ਪੀੜਤ ਪਰਿਵਾਰਾਂ ਤੱਕ ਖਾਦ, ਦਵਾਈਆਂ ਅਤੇ ਹੋਰ ਸਹਾਇਤਾ ਪਹੁੰਚਾ ਕੇ ਆਪਣੀ ਸੇਵਾ ਦਾ ਪਰਚਮ ਲਹਿਰਾਇਆ। ਇਨ੍ਹਾਂ ਸੇਵਾਵਾਂ ਲਈ ਸ਼?ਰੀਨਗਰ ਦੇ ਸ਼ੇਰ-ਏ-ਕਸ਼ਮੀਰ ਇੰਟਰਨੇਸ਼ਨਲ ਕਾਨਫਰੰਸ ਸੈਂਟਰ ਵਿੱਚ ਇਕ ਭ??? ਸਮਾਰੋਹ ਦੌਰਾਨ ਜੰਮੂ-ਕਸ਼ਮੀਰ ਦੇ ਮਾਣਯੋਗ ਉਪ-ਰਾਜਯਪਾਲ ਸ੍ਰੀ ਮਨੋਜ ਸਿੰਹਾ ਨੇ ਸ੍ਰੀ ਜੋਗਿੰਦਰ ਸੁਖੀਜਾ ਨੂੰ ਵਿਸ਼ੇਸ਼ ਸਨਮਾਨ ਭੇਂਟ ਕੀਤਾ। ਸਨਮਾਨ ਪ੍ਰਾਪਤ ਕਰਦਿਆਂ ਉਨ੍ਹਾਂ ਕਿਹਾ ਕਿ “ਸੰਤ ਨਿਰੰਕਾਰੀ ਮਿਸ਼ਨ ਸੇਵਾ, ਸਮਰਪਣ ਅਤੇ ਏਕਤਾ ਦੇ ਸਿਧਾਂਤਾਂ ‘ਤੇ ਚੱਲ ਕੇ ਮਨੁੱਖਤਾ ਲਈ ਹਮੇਸ਼ਾਂ ਸਮਰਪਿਤ ਹੈ। ਚਾਹੇ ਕੁਦਰਤੀ ਆਪਦਾਵਾਂ ਵਿੱਚ ਰਾਹਤ ਦੇਣੀ ਹੋਵੇ ਜਾਂ ਰਕਤਦਾਨ ਦੇ ਅਭਿਆਨਾਂ ਵਿੱਚ ਭਾਗੀਦਾਰੀ, ਮਿਸ਼ਨ ਸਦਾ ਅਗੇ ਰਹਿੰਦਾ ਹੈ। ਨਿਸ਼ਚਿਤ ਤੌਰ ‘ਤੇ, ਗਾਂਧੀ ਜਯੰਤੀ ਦੇ ਇਸ ਅਵਸਰ ‘ਤੇ ਸੰਤ ਨਿਰੰਕਾਰੀ ਮਿਸ਼ਨ ਨੂੰ ਮਿਲਿਆ ਸਨਮਾਨ ਮਨੁੱਖਤਾ ਪ੍ਰਤੀ ਉਸਦੀ ਨਿਸ਼ਕਾਮ ਸੇਵਾ ਤੇ ਵਿਸ਼ਵ ਭਰਾਤ੍ਰੀਭਾਵ ਦੇ ਪ੍ਰਤੀਕ ਵਜੋਂ ਦਰਜ ਹੋ ਗਿਆ ਹੈ।

## ਸੀਐਮ ਰੇਖਾ ਗੁਪਤਾ ਨੇ ਪੱਲਾ ਤੋਂ ਆਈਟੀਓ ਤੱਕ ਯਮੁਨਾ ਦਾ ਨਿਰੀਖਣ ਕੀਤਾ

Contd..............Front page

ਛਠ ਨੂੰ ਕੁਦਰਤ, ਸ਼ੁੱਧਤਾ ਅਤੇ ਸਫਾਈ ਨਾਲ ਜੁੜਿਆ ਇੱਕ ਵਿਲੱਖਣ ਤਿਉਹਾਰ ਦੱਸਦਿਆਂ, ਮੁੱਖ ਮੰਤਰੀ ਨੇ ਕਿਹਾ ਕਿ ਇਹ ਸਿਰਫ਼ ਇੱਕ ਧਾਰਮਿਕ ਤਿਉਹਾਰ ਨਹੀਂ ਹੈ, ਸਗੋਂ ਕੁਦਰਤ ਅਤੇ ਸੱਭਿਆਚਾਰ ਦਾ ਜਸ਼ਨ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਛਠ ਸਿਰਫ਼ ਸ਼ਰਧਾ ਦਾ ਪ੍ਰਤੀਕ ਨਹੀਂ ਹੈ, ਸਗੋਂ ਪਾਣੀ ਦੇ ਸਰੋਤਾਂ ਨੂੰ ਸਾਫ਼ ਅਤੇ ਜੀਵੰਤ ਰੱਖਣ ਦਾ ਸੰਦੇਸ਼ ਵੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਛਠ ਤਿਉਹਾਰ ਨਾਲ ਸਬੰਧਤ ਹਰ ਪ੍ਰਬੰਧ, ਭਾਵੇਂ ਉਹ ਸੁਰੱਖਿਆ, ਸਫ਼ਾਈ, ਰੋਸ਼ਨੀ ਜਾਂ ਆਵਾਜਾਈ ਪ੍ਰਬੰਧਨ ਹੋਵੇ, ਦਿੱਲੀ ਸਰਕਾਰ ਦੀ ਜ਼ਿੰਮੇਵਾਰੀ ਹੈ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਸ਼ਰਧਾਲੂਆਂ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਇਸ ਵਾਰ, ਸੱਭਿਆਚਾਰਕ ਪ੍ਰੋਗਰਾਮਾਂ ਨੂੰ ਇਸ ਸਮਾਗਮ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ, ਸਿਰਫ਼ ਘਾਟ ਨਿਰਮਾਣ ਤੱਕ ਸੀਮਤ ਨਹੀਂ, ਤਾਂ ਜੋ ਇਹ ਤਿਉਹਾਰ ਸ਼ਰਧਾ, ਸੱਭਿਆਚਾਰ ਅਤੇ ਸਮੂਹਿਕ ਉਤਸ਼ਾਹ ਨਾਲ ਮਨਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਦਾ ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਹਰ ਨਾਗਰਿਕ ਨੂੰ ਆਪਣੇ ਨੇੜਲੇ ਘਾਟ ’ਤੇ ਛੱਠ ਪੂਜਾ ਮਨਾਉਣ ਲਈ ਇੱਕ ਸੁਰੱਖਿਅਤ, ਸਾਫ਼ ਅਤੇ ਸ਼ਰਧਾਮਈ ਵਾਤਾਵਰਣ ਦੀ ਪਹੁੰਚ ਹੋਵੇ। ਮੁੱਖ ਮੰਤਰੀ ਨੇ ਕਿਹਾ ਕਿ ਸਾਲਾਂ ਤੋਂ, ਦਿੱਲੀ ਦੇ ਪੂਰਵਾਂਚਲ ਦੇ ਲੋਕ ਛੱਠ ਪੂਜਾ ਦੇ ਮਹੱਤਵਪੂਰਨ ਤਿਉਹਾਰ ਲਈ ਯਮੁਨਾ ਦੇ ਕੰਢੇ ਢੁਕਵੇਂ ਪ੍ਰਬੰਧਾਂ ਦੀ ਉਡੀਕ ਕਰ ਰਹੇ ਹਨ। ਪਿਛਲੀਆਂ ਸਰਕਾਰਾਂ ਨੇ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਅਤੇ ਨਾ ਹੀ ਪ੍ਰਸ਼ਾਸਨ ਨੇ ਕੋਈ ਠੋਸ ਯਤਨ ਕੀਤੇ। ਇਸ ਵਾਰ, ਦਿੱਲੀ ਸਰਕਾਰ ਨੇ ਪੂਰਵਾਂਚਲ ਦੇ ਭੈਣਾਂ-ਭਰਾਵਾਂ ਨੂੰ ਭਰੋਸਾ ਦਿੱਤਾ ਹੈ ਕਿ ਉਨ੍ਹਾਂ ਨੂੰ ਛੱਠ ਮਨਾਉਣ ਲਈ ਸ਼ਾਨਦਾਰ ਅਤੇ ਚੰਗੀ ਤਰ੍ਹਾਂ ਲੈਸ ਘਾਟ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਦੇ ਸਾਰੇ ਮੰਤਰੀ, ਵਿਧਾਇਕ ਅਤੇ ਸਬੰਧਤ ਅਧਿਕਾਰੀ ਮਿਹਨਤ ਨਾਲ ਕੰਮ ਕਰ ਰਹੇ ਹਨ, ਅਤੇ ਛੱਠ ਘਾਟ ਤਿਆਰ ਕੀਤੇ ਜਾ ਰਹੇ ਹਨ। ਇਸ ਮੌਕੇ ’ਤੇ, ਦਿੱਲੀ ਸਰਕਾਰ ਦੇ ਪਾਣੀ, ਸਿੰਚਾਈ ਅਤੇ ਹੜ੍ਹ ਕੰਟਰੋਲ ਮੰਤਰੀ ਸ਼੍ਰੀ ਪਰਵੇਸ਼ ਸਾਹਿਬ ਸਿੰਘ ਨੇ ਕਿਹਾ ਕਿ ਇਸ ਸਾਲ ਦਿੱਲੀ ਇੱਕ ਯਾਦਗਾਰੀ ਅਤੇ ਸੁਚੱਜੇ ਢੰਗ ਨਾਲ ਛਠ ਪੂਜਾ ਮਨਾਏਗੀ। ਯਮੁਨਾ ਨਦੀ ਦੇ ਕੰਢਿਆਂ ਨੂੰ ਧਿਆਨ ਨਾਲ ਵਿਕਸਤ ਕੀਤਾ ਜਾ ਰਿਹਾ ਹੈ ਤਾਂ ਜੋ ਸ਼ਰਧਾਲੂਆਂ ਲਈ ਸਾਫ਼, ਸੁਰੱਖਿਅਤ ਅਤੇ ਚੰਗੀ ਤਰ੍ਹਾਂ ਰੱਖ-ਰਖਾਅ ਵਾਲੇ ਘਾਟ ਪ੍ਰਦਾਨ ਕੀਤੇ ਜਾ ਸਕਣ। ਉਨ੍ਹਾਂ ਦੱਸਿਆ ਕਿ ਛੱਠ ਪੂਜਾ ਸੂਰਜ ਦੇਵਤਾ ਨੂੰ ਸਮਰਪਿਤ ਇੱਕ ਤਿਉਹਾਰ ਹੈ, ਜਿਸਦਾ ਮੂਲ ਸਿਧਾਂਤ ਭੌਤਿਕ ਅਤੇ ਵਾਤਾਵਰਣ ਸ਼ੁੱਧਤਾ ਹੈ। ਇਸ ਲਈ, ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਹਰ ਸ਼ਰਧਾਲੂ ਇਸ ਸ਼ਾਨਦਾਰ ਤਿਉਹਾਰ ਵਿੱਚ ਪੂਰੀ ਸ਼ਰਧਾ ਅਤੇ ਮਾਣ ਨਾਲ ਹਿੱਸਾ ਲੈ ਸਕੇ, ਨਾਲ ਹੀ ਯਮੁਨਾ ਨਦੀ ਨੂੰ ਪ੍ਰਦੂਸ਼ਣ ਮੁਕਤ ਵੀ ਰੱਖਿਆ ਜਾ ਸਕੇ। ਦਿੱਲੀ ਸਰਕਾਰ ਦੇ ਵਿਕਾਸ ਅਤੇ ਕਲਾ ਅਤੇ ਸੱਭਿਆਚਾਰ ਮੰਤਰੀ ਸ਼੍ਰੀ ਕਪਿਲ ਮਿਸ਼ਰਾ ਨੇ ਕਿਹਾ ਕਿ ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਦੀ ਅਗਵਾਈ ਹੇਠ, ਦਿੱਲੀ ਸਰਕਾਰ ਇਸ ਸਾਲ ਸ਼ਰਧਾ ਅਤੇ ਸ਼ਾਨਦਾਰ ਪ੍ਰਬੰਧਾਂ ਨਾਲ ਛੱਠ ਮਨਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਯਮੁਨਾ ਨਦੀ ਦੇ ਕੰਢਿਆਂ ’ਤੇ ਬਿਜਲੀ, ਰੋਸ਼ਨੀ, ਪਾਣੀ ਅਤੇ ਸੈਨੀਟੇਸ਼ਨ ਪ੍ਰਬੰਧਾਂ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਗਈ ਹੈ ਤਾਂ ਜੋ ਸ਼ਰਧਾਲੂ ਬਿਨਾਂ ਕਿਸੇ ਰੁਕਾਵਟ ਦੇ ਪੂਜਾ ਕਰ ਸਕਣ। ਉਨ੍ਹਾਂ ਕਿਹਾ ਕਿ ਛੱਠ ਤਿਉਹਾਰ ਦਿੱਲੀ ਦੀ ਸੱਭਿਆਚਾਰਕ ਆਤਮਾ ਦਾ ਪ੍ਰਤੀਕ ਹੈ। ਸਾਡਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਇਹ ਤਿਉਹਾਰ ਸ਼ਰਧਾ ਅਤੇ ਸਫਾਈ ਦੋਵਾਂ ਨੂੰ ਜੋੜਦਾ ਹੈ, ਅਤੇ ਦਿੱਲੀ ਦੇ ਲੋਕਾਂ ਨੂੰ ਇੱਕ ਅਜਿਹਾ ਅਨੁਭਵ ਮਿਲੇ ਜੋ ਆਉਣ ਵਾਲੇ ਸਾਲਾਂ ਲਈ ਇੱਕ ਉਦਾਹਰਣ ਕਾਇਮ ਕਰੇਗਾ।


**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**

I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**

It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**

It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**

It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**

I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**

I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**

I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**

I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**

I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**

I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**

It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**

It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**

I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**

I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**

I, Sudarma Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**

I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**PUBLIC NOTICE**

Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**

I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**

I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**

I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**

I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**

I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**

I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**

I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**

I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**

I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**

I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**

I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**ਪੂਰਵੋਤੱਰ ਰੇਲਵੇ**

**ਨਿਵਿਦਾ ਸ਼ੁੱਧੀਕਰਣ ਸੂਚਨਾ**

ਈ-ਟੇਂਡਰਿੰਗ ਖੁੱਲੀ ਨਿਵਿਦਾ ਸੂਚਨਾ ਸੰ. 42/2025 ਮਿਤੀ 09-09-2025 ਦੇ ਅੰਤਰਗਤ ਨਿਵਿਦਾ ਜੋ ਮਿਤੀ 03.10.2025 ਨੂੰ ਖੋਲੀ ਜਾਨੀ ਸੀ, ਉੱਤਰ ਪ੍ਰਦੇਸ਼ ਸਰਕਾਰ ਦੇ ਜਿਲਾ ਪ੍ਰਸ਼ਾਸਨ ਬਰੇਲੀ ਦਵਾਰਾ ਬਰੇਲੀ ਪਰਿਖੇਤਰ ਵਿਚ ਦੋ ਦਿਨਾਂ ਲਈ ਨੇਟ ਸੇਵਾ ਬੰਦ ਕਰਨ ਦੇ ਕਾਰਣ ਓਕਤ ਨਿਵਿਦਾ ਹੁਨ ਮਿਤੀ 07-10-2025 ਨੂੰ ਖੋਲੀ ਜਾਵੇਗੀ। ਈ-ਇ-ਨਿਵਿਦਾ ਦਾ ਵੇਰਵਾ ਭਾਰਤੀਯ ਰੇਲਵੇ ਦੇ IREPS ਵੇਬਸਾਇਟ ਤੇ *www.ireps.gov.in* ਤੇ ਦੇਖੋ।

ਮੰਡਲ ਰੇਲ ਪ੍ਰਬੰਧਕ (ਇੰਜੀ.)
ਮੁਜਾਧਿ/ਡਬਲਯੂ-279 ਇੱਜਤਨਗਰ

ਗੱਡੀਆਂ ਦੀ ਛਤਾਂ ਤੇ ਪਾਵਦਾਨ ਤੇ ਕਦੀ ਵੀ ਯਾਤਰਾ ਨਾ ਕਰੋ।

**PUBLIC NOTICE**

MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENCE. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

# ਡਾ. ਬਲਬੀਰ ਸਿੰਘ ਵੱਲੋਂ ਸਿਆਸੀ ਪਾਰਟੀਆਂ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਕੇਂਦਰ ਸਰਕਾਰ ਤੋਂ ਪੰਜਾਬ ਦਾ ਹੱਕ ਲੈਣ ਲਈ ਸਮੂਹਿਕ ਆਵਾਜ਼ ਬੁਲੰਦ ਕਰਨ ਦੀ ਅਪੀਲ

## 4,740 ਤੋਂ ਵੱਧ ਸਿਹਤ ਕੈਂਪਾਂ ਵਿੱਚ 25,000 ਤੋਂ ਵੱਧ ਮਰੀਜ਼ਾਂ ਦਾ ਕੀਤਾ ਗਿਆ ਇਲਾਜ; ਕੋਈ ਵੱਡੀ ਬਿਮਾਰੀ ਫੈਲਣ ਦੀ ਰਿਪੋਰਟ ਨਹੀਂ: ਡਾ. ਬਲਬੀਰ ਸਿੰਘ

**ਚੰਡੀਗੜ੍ਹ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਵਿਧਾਨ ਸਭਾ ਨੂੰ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਸਰਗਰਮ ਅਤੇ ਪਹਿਲਾਂ ਤੋਂ ਹੀ ਬਣਾਈ ਗਈ ਸਿਹਤ ਰਣਨੀਤੀ ਨੇ ਸੂਬੇ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਵੱਡੀ ਬਿਮਾਰੀ ਦੇ ਪ੍ਰਕੋਪ ਨੂੰ ਸਫਲਤਾਪੂਰਵਕ ਟਾਲ ਦਿੱਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਇੱਕਜੁੱਟ ਹੋ ਕੇ ਕੇਂਦਰ ਸਰਕਾਰ ਤੋਂ ਪੰਜਾਬ ਦਾ ਹੱਕ ਪ੍ਰਾਪਤ ਕਰਨ ਦੀ ਅਪੀਲ ਕੀਤੀ।

ਹੜ੍ਹਾਂ ਸਬੰਧੀ ਸੂਬਾ ਸਰਕਾਰ ਵੱਲੋਂ ਚੁੱਕੇ ਕਦਮਾਂ ਬਾਰੇ ਜਾਣਕਾਰੀ ਦਿੰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਸਾਲ 2023 ਦੇ ਹੜ੍ਹਾਂ ਤੋਂ ਬਾਅਦ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਹਿਲਾਂ ਤੋਂ ਤਿਆਰੀਆਂ ਨੂੰ ਯਕੀਨੀ ਬਣਾਉਣ ਲਈ ਇੱਕ ਉੱਚ-ਪੱਧਰੀ ਕਮੇਟੀ ਦਾ ਗਠਨ ਕੀਤਾ ਸੀ। ਇਸ ਸਾਲ, ਇਹਨਾਂ ਤਿਆਰੀਆਂ ਵਿੱਚ 818 ਸਮਰਪਿਤ ਟੀਮਾਂ - ਜਿਸ ਵਿੱਚ 458 ਰੈਪਿਡ ਰਿਸਪਾਂਸ ਟੀਮਾਂ ਅਤੇ 360 ਮੋਬਾਈਲ ਮੈਡੀਕਲ ਟੀਮਾਂ ਸ਼ਾਮਲ ਸਨ - ਕਾਰਜਸ਼ੀਲ ਕੀਤੀਆਂ ਗਈਆਂ ਜੋ ਹੜ੍ਹਾਂ ਦੇ ਪਹਿਲੇ ਦਿਨ ਤੋਂ ਹੀ ਪੂਰੀ ਤਰ੍ਹਾਂ ਸਰਗਰਮ ਹੋ ਗਈਆਂ ਸਨ।

ਮੰਤਰੀ, ਜਿਨ੍ਹਾਂ ਨੇ ਇੱਕ ਮਹੀਨੇ ਦੌਰਾਨ ਸਾਰੇ ਸੱਤ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਦਾ ਨਿੱਜੀ ਤੌਰ 'ਤੇ ਦੌਰਾ ਕੀਤਾ, ਨੇ ਦੱਸਿਆ ਕਿ ਸਾਰੇ ਪਿੰਡਾਂ ਵਿੱਚ ਇੱਕ ਮਜ਼ਬੂਤ ਮੈਡੀਕਲ ਢਾਲ ਬਣਾਈ ਗਈ ਹੈ।

ਉਨ੍ਹਾਂ ਕਿਹਾ ਕਿ ਹੁਣ ਤੱਕ 4,740 ਸਿਹਤ ਕੈਂਪ ਲਗਾਏ ਗਏ ਹਨ, ਜਿਸ ਵਿੱਚ ਲਗਭਗ 2.5 ਲੱਖ ਲੋਕਾਂ ਨੂੰ



ਇਲਾਜ ਅਤੇ ਦਵਾਈਆਂ ਪ੍ਰਦਾਨ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਹੜ੍ਹ ਨਾਲ ਸਬੰਧਤ ਬਿਮਾਰੀਆਂ ਜਿਵੇਂ ਕਿ ਚਮੜੀ ਦੀ ਲਾਗ, ਬੁਖਾਰ ਅਤੇ ਦਸਤ ਤੋਂ ਪੀੜਤ 25,000 ਤੋਂ ਵੱਧ ਮਰੀਜ਼ਾਂ ਦਾ ਸਫਲਤਾਪੂਰਵਕ ਇਲਾਜ ਕੀਤਾ ਗਿਆ ਹੈ।

ਡਾ. ਬਲਬੀਰ ਸਿੰਘ ਨੇ ਕਿਹਾ, ਇਸ ਆਫ਼ਤ ਦੇ ਮੱਦੇਨਜ਼ਰ, ਸਾਡੀਆਂ ਸਿਹਤ ਟੀਮਾਂ, ਜਿਨ੍ਹਾਂ ਵਿੱਚ ਆਸ਼ਾ ਵਰਕਰ ਵੀ ਸ਼ਾਮਲ ਹਨ, ਨੇ ਅਣਥੱਕ ਮਿਹਨਤ ਕੀਤੀ ਹੈ।

ਮੈਨੂੰ ਇਹ ਦੱਸਦਿਆਂ ਮਾਣ ਮਹਿਸੂਸ ਹੋ ਰਿਹਾ ਹੈ ਕਿ ਇਨ੍ਹਾਂ ਚੁਣੌਤੀਪੂਰਨ ਹਾਲਾਤਾਂ ਵਿੱਚ ਵੀ, ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਬਹੁਤ ਸਾਰੇ ਸੁਰੱਖਿਅਤ ਜਣੇਪੇ ਕੀਤੇ ਗਏ। ਉਨ੍ਹਾਂ ਅੱਗੇ ਕਿਹਾ ਕਿ ਬਿਮਾਰੀ ਦੇ ਸੰਚਾਰ ਚੱਕਰ ਨੂੰ ਤੋੜਨ ਲਈ ਸਾਰੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਵਿਆਪਕ ਸਪਰੇਅ ਅਤੇ ਫਿਊਮੀਗੇਸ਼ਨ ਮੁਹਿੰਮਾਂ ਚਲਾਈਆਂ ਗਈਆਂ ਹਨ।

ਸਿਹਤ ਮੰਤਰੀ ਨੇ ਸਦਨ ਦੇ ਸਾਰੇ ਮੈਂਬਰਾਂ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਇਕਜੁੱਟ ਹੋਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ, ਇਹ ਸਿਆਸਤ ਖੇਡਣ ਦਾ ਸਮਾਂ ਨਹੀਂ ਹੈ। ਇਹ ਸਮਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਲ ਖੜ੍ਹੇ ਹੋਣ ਅਤੇ ਪੰਜਾਬ ਤੇ ਪੰਜਾਬੀਆਂ ਨੂੰ ਬਚਾਉਣ ਲਈ ਕੇਂਦਰ ਸਰਕਾਰ ਤੋਂ ਆਪਣਾ ਹੱਕ ਲੈਣ ਲਈ ਸਮੂਹਿਕ ਆਵਾਜ਼ ਬੁਲੰਦ ਕਰਨ ਦਾ ਹੈ। ਉਨ੍ਹਾਂ ਨੇ ਸੂਬੇ ਦੀ ਰਿਕਵਰੀ ਅਤੇ ਪੁਨਰ ਨਿਰਮਾਣ ਲਈ ਲੋੜੀਂਦੀ ਸਹਾਇਤਾ ਯਕੀਨੀ ਬਣਾਉਣ ਲਈ ਇੱਕਜੁੱਟ ਹੋਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

ਮੰਤਰੀ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਸਿਹਤ ਸੰਕਟ ਦੇ ਪ੍ਰਬੰਧਨ ਦੀ ਸਫਲਤਾ ਦਾ ਸਿਹਰਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਅਗਾਊਂ ਪਹੁੰਚ, ਜਿਸ ਵਿੱਚ ਰੋਕਥਾਮ ਅਤੇ ਤੁਰੰਤ ਕਾਰਵਾਈ 'ਤੇ ਜ਼ੋਰ ਦਿੱਤਾ ਗਿਆ ਸੀ।

# ਬਾਜਵਾ ਨੇ 25 ਲੱਖ ਦੀ ਨਿੱਜੀ ਜਾਇਦਾਦ ਬਚਾਉਣ ਪੰਜਾਬ ਸਰਕਾਰ ਦੇ 1.18 ਕਰੋੜ ਰੁਪਏ ਖਰਚਾਏ: ਹਰਪਾਲ ਸਿੰਘ ਚੀਮਾ

## ਵਿੱਤ ਮੰਤਰੀ ਚੀਮਾ ਵੱਲੋ ਬਾਜਵਾ ਦੇ ਜ਼ਮੀਨ ਸੌਦੇ ਦਾ ਖੁਲਾਸਾ, ਵਿਰੋਧੀ ਧਿਰ ਦੇ ਨੇਤਾ 'ਤੇ ਨਿੱਜੀ ਹਿਤਾਂ ਨੂੰ ਪੂਰਨ ਦਾ ਲਾਇਆ ਦੋਸ਼

**ਚੰਡੀਗੜ੍ਹ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਪੰਜਾਬ ਵਿਧਾਨ ਸਭਾ ਦੇ ਫਲੋਰ 'ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ 'ਤੇ ਤਿੱਖਾ ਹਮਲਾ ਬੋਲਦਿਆਂ ਉਨ੍ਹਾਂ 'ਤੇ ਧੁੱਸੀ ਬੰਨ੍ਹ ਅੰਦਰ ਬਿਆਸ ਦਰਿਆ ਦੇ ਕੰਢੇ 'ਤੇ ਰੇਤ ਦੀ ਮਾਈਨਿੰਗ ਦੇ ਮਕਸਦ ਨਾਲ ਜ਼ਮੀਨ ਖਰੀਦਣ ਅਤੇ ਫਿਰ ਰਾਜ ਸਰਕਾਰ 'ਤੇ ਜਨਤਕ ਫੰਡ ਰਾਹੀਂ ਉਸ ਜ਼ਮੀਨ ਦੀ ਰੱਖਿਆ ਵਾਸਤੇ ਡੰਗੇ ਲਗਾਉਣ ਲਈ ਦਬਾਅ ਪਾਉਣ ਦਾ ਦੋਸ਼ ਲਾਇਆ। ਵਿੱਤ ਮੰਤਰੀ ਨੇ ਕਿਹਾ ਕਿ ਜਦੋਂ ਕਿ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਕਦੇ ਹਾਊਸ ਕਮੇਟੀ ਦੇ ਗਠਨ ਅਤੇ ਕਦੇ ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਦੇ ਅਸਤੀਫ਼ੇ ਦੀ ਮੰਗ ਕਰਦੇ ਹਨ, ਉਨ੍ਹਾਂ ਦੀਆਂ ਆਪਣੀਆਂ ਕਾਰਵਾਈਆਂ ਨਿੱਜੀ ਹਿਤਾਂ ਤੋਂ ਪ੍ਰਭਾਵਤ ਗੰਭੀਰ ਇਰਾਦਿਆਂ ਨੂੰ ਪ੍ਰਗਟ ਕਰਦੀਆਂ ਹਨ। ਵਿੱਤ ਮੰਤਰੀ ਚੀਮਾ ਨੇ 15 ਜੁਲਾਈ, 2025 ਨੂੰ ਇੱਕ ਜ਼ਮੀਨੀ ਲੈਣ-ਦੇਣ ਦੇ ਵੇਰਵੇ ਪ੍ਰਗਟ ਕੀਤੇ, ਜਿੱਥੇ ਬਾਜਵਾ ਨੇ ਪਿੰਡ ਫੁੱਲੜ੍ਹਾਂ, ਹੱਦਬਸਤ ਨੰਬਰ 725, ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਆਪਣੀ ਪਤਨੀ ਚਰਨਜੀਤ ਬਾਜਵਾ ਦੇ ਨਾਮ 'ਤੇ 16.10 ਮਰਲੇ ਜ਼ਮੀਨ, ਨਿਰਮਲ ਸਿੰਘ ਦੀ ਪਤਨੀ ਰਾਜਦੀਪ ਕੌਰ ਤੋਂ 5.45



ਲੱਖ ਰੁਪਏ ਵਿੱਚ ਇੰਤਕਾਲ ਨੰਬਰ 2248 ਅਤੇ ਵਸੀਕਾ ਨੰਬਰ 561 ਨਾਲ ਖਰੀਦੀ।ਖਰੀਦ ਦੇ ਸਮੇਂ 'ਤੇ ਸਵਾਲ ਉਠਾਉਂਦੇ ਹੋਏ, ਵਿੱਤ ਮੰਤਰੀ ਚੀਮਾ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਇਹ ਜ਼ਮੀਨ ਬਿਆਸ ਦਰਿਆ ਦੇ ਧੁੱਸੀ ਬੰਨ੍ਹ ਖੇਤਰ ਦੇ ਅੰਦਰ ਹੈ। ਉਨ੍ਹਾਂ ਕਿਹਾ ਕਿ ਪ੍ਰਤਾਪ ਸਿੰਘ ਬਾਜਵਾ ਨੇ ਇਹ ਜ਼ਮੀਨ ਸਿਰਫ ਡੇਢ ਮਹੀਨਾ ਪਹਿਲਾਂ ਹੀ ਇੱਕ ਗਰੀਬ ਕਿਸਾਨ ਤੋਂ ਖਰੀਦੀ ਸੀ, ਇਹ ਜਾਣਦੇ ਹੋਏ ਕਿ ਮਾਨਸੂਨ ਦੌਰਾਨ ਉੱਥੇ ਰੇਤ ਇਕੱਠੀ ਹੋ ਜਾਵੇਗੀ, ਜਿਸਦੀ ਉਹ ਫਿਰ ਮਾਈਨਿੰਗ ਕਰ ਸਕਣ। ਵਿੱਤ ਮੰਤਰੀ ਨੇ ਪਿੰਡ ਪਸਵਾਲ ਵਿੱਚ ਬਿਆਸ ਦਰਿਆ ਦੇ ਨਾਲ ਧੁੱਸੀ ਬੰਨ੍ਹ ਦੇ ਅੰਦਰ ਬਾਜਵਾ ਦੁਆਰਾ 10 ਏਕੜ ਜ਼ਮੀਨ ਦੀ ਇਸੇ ਤਰ੍ਹਾਂ ਦੀ ਖਰੀਦ ਦਾ ਜਿਕਰ ਵੀ ਕੀਤਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ 2017 ਅਤੇ 2019 ਵਿੱਚ ਕਾਂਗਰਸ ਪਾਰਟੀ ਦੇ ਕਾਰਜਕਾਲ ਦੌਰਾਨ ਇਸ ਜ਼ਮੀਨ ਦੀ ਰਾਖੀ ਲਈ ਡੰਗੇ ਲਾਉਣ ਲਈ 1.18 ਕਰੋੜ ਰੁਪਏ ਖਰਚ ਕੀਤੇ।

ਵਿੱਤ ਮੰਤਰੀ ਨੇ ਕਿਹਾ ਕਿ ਪ੍ਰਤਾਪ ਸਿੰਘ ਬਾਜਵਾ ਹੁਣ ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ 'ਤੇ ਦਬਾਅ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਉਹ ਫੁੱਲੜਾਂ ਵਿੱਚ ਉਨ੍ਹਾਂ ਵੱਲੋਂ ਹਾਲ ਹੀ ਵਿੱਚ ਖਰੀਦੀ ਗਈ ਜ਼ਮੀਨ ਦੀ ਰੱਖਿਆ ਲਈ ਡੰਗੇ ਲਾਉਣ ਵਾਸਤੇ ਕਰੋੜਾਂ ਰੁਪਏ ਦੇ ਖਰਚੇ ਲਈ ਆਪਣੀ ਮਨਜ਼ੂਰੀ ਦੇਣ। ਉਨ੍ਹਾਂ ਦੁੱਖ ਪ੍ਰਗਟ ਕੀਤਾ ਕਿ ਹਾਲ ਹੀ ਵਿੱਚ ਆਏ ਹੜ੍ਹਾਂ ਨਾਲ ਜਨਤਾ ਨੂੰ ਹੋਏ ਨੁਕਸਾਨ ਨੂੰ ਪੂਰਾ ਕਰਨ ਵਿੱਚ ਸਰਕਾਰ ਦੀ ਮਦਦ ਕਰਨ ਦੀ ਬਜਾਏ, ਵਿਰੋਧੀ ਧਿਰ ਦੇ ਨੇਤਾ ਆਪਣੇ ਨਿੱਜੀ ਲਾਭ ਲਈ ਦਬਾਅ ਪਾਉਣ 'ਤੇ ਕੇਂਦ੍ਰਿਤ ਹਨ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਸਪੱਸ਼ਟ ਹੈ ਕਿ ਪ੍ਰਤਾਪ ਸਿੰਘ ਬਾਜਵਾ ਨੇ ਧੁੱਸੀ ਖੇਤਰ ਦੇ ਅੰਦਰ ਜ਼ਮੀਨਾਂ ਸਿਰਫ਼ ਮਾਈਨਿੰਗ ਦੇ ਉਦੇਸ਼ਾਂ ਲਈ ਖਰੀਦੀਆਂ, ਅਤੇ ਇਹ ਬਹੁਤ ਹੀ ਨਿੰਦਣਯੋਗ ਹੈ ਕਿ ਉਨ੍ਹਾਂ ਨੇ ਆਪਣੀ ਨਿੱਜੀ ਜਾਇਦਾਦ ਦੀ ਰੱਖਿਆ ਲਈ ਕਰੋੜਾਂ ਰੁਪਏ ਦੇ ਸਰਕਾਰੀ ਫੰਡਾਂ ਦਾ ਲਾਭ ਉਠਾਇਆ।

# ਗੱਤਕਾ ਐਸੋਸੀਏਸ਼ਨ ਜਿਲ੍ਹਾ ਰੂਪਨਗਰ ਦੇ 19 ਖਿਡਾਰੀ ਸਟੇਟ ਟੀਮ ਲਈ ਚੁਣੇ ਗਏ



**ਰੂਪ ਨਗਰ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੱਤਕਾ ਐਸੋਸੀਏਸ਼ਨ-ਪੰਜਾਬ ਵੱਲੋਂ ਆਉਣ ਵਾਲੀ 13ਵੀਂ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਲਈ ਪੰਜਾਬ ਸਟੇਟ ਟੀਮ ਦੀ ਚੋਣ ਕਰਨ ਹਿਤ ਗੱਤਕੇ ਦੇ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਗੱਤਕਾ ਖਿਡਾਰੀਆਂ ਨੇ ਆਪਣਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਹਨਾਂ ਮੁਕਾਬਲਿਆਂ ਰਾਹੀਂ ਗੱਤਕਾ ਐਸੋਸੀਏਸ਼ਨ ਜ਼ਿਲ੍ਹਾ ਰੂਪਨਗਰ ਦੇ ਕੁੱਲ 19 ਖਿਡਾਰੀਆਂ ਦੀ ਚੋਣ ਪੰਜਾਬ ਸਟੇਟ ਟੀਮ ਲਈ ਕੀਤੀ ਗਈ। ਲੜਕੀਆਂ ਵਿੱਚ ਅੰਡਰ-17 ਉਮਰ ਵਰਗ ਵਿੱਚ ਦਮਨਪ੍ਰੀਤ ਕੌਰ ਅਤੇ ਪਵਨੀਤ ਕੌਰ, ਅੰਡਰ-19 ਉਮਰ ਵਰਗ ਵਿੱਚ ਹਰਪ੍ਰੀਤ ਕੌਰ, ਜੈਸਮੀਨ ਕੌਰ, ਗੁਰਨੀਤ ਕੌਰ, ਗੁਰਵਿੰਦਰ ਕੌਰ, ਸ਼ਰਨਜੀਤ ਕੌਰ, ਗੁਰਮਨ ਕੌਰ, ਲਵਦੀਪ ਕੌਰ ਅਤੇ ਸਮਨਪ੍ਰੀਤ ਕੌਰ, ਜਦਕਿ ਅੰਡਰ-22 ਉਮਰ ਵਰਗ ਵਿੱਚ ਗੁਰਪ੍ਰੀਤ ਕੌਰ ਦੀ ਚੋਣ ਕੀਤੀ ਗਈ। ਇਸੇ ਤਰ੍ਹਾਂ ਲੜਕਿਆਂ ਵਿੱਚ ਅੰਡਰ-14 ਉਮਰ ਵਰਗ ਵਿੱਚ ਬਲਜੋਤ ਸਿੰਘ, ਗਗਨਦੀਪ ਸਿੰਘ, ਅਰਮਾਨ ਸਿੰਘ ਅਤੇ ਸਮਰ ਧੀਮਾਨ, ਅੰਡਰ-17 ਉਮਰ ਵਰਗ ਵਿੱਚ ਜਸਕਰਨ ਸਿੰਘ, ਜੋਬਨਪ੍ਰੀਤ ਸਿੰਘ ਅਤੇ ਮਨਪ੍ਰੀਤ ਸਿੰਘ, ਜਦਕਿ ਅੰਡਰ-25 ਉਮਰ ਵਰਗ ਵਿੱਚ ਪਰਦੀਪ ਸਿੰਘ ਸਟੇਟ ਟੀਮ ਲਈ ਚੁਣੇ ਗਏ।

ਇਸ ਮੌਕੇ ਬੀਬੀ ਮਨਜੀਤ ਕੌਰ, ਪ੍ਰਧਾਨ ਗੱਤਕਾ ਐਸੋਸੀਏਸ਼ਨ ਜ਼ਿਲ੍ਹਾ ਰੂਪਨਗਰ ਨੇ ਸਾਰੇ ਚੁਣੇ ਹੋਏ ਖਿਡਾਰੀਆਂ ਅਤੇ ਉਹਨਾਂ ਦੇ ਕੋਚ ਸਾਹਿਬਾਨ ਨੂੰ ਦਿਲੋਂ ਵਧਾਈ ਦਿੱਤੀ ਅਤੇ ਖਿਡਾਰੀਆਂ ਨੂੰ ਭਵਿੱਖ ਵਿੱਚ ਹੋਰ ਵੀ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

ਉਹਨਾਂ ਨੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਦੇ ਹੋਏ ਕਿਹਾ ਕਿ ਹੁਣ ਸਾਡਾ ਅਗਲਾ ਟੀਚਾ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਵਿੱਚ ਪੰਜਾਬ ਦੀ ਨੁਮਾਇੰਦਗੀ ਕਰਦੇ ਹੋਏ ਵੱਧ ਤੋਂ ਵੱਧ ਮੈਡਲ ਜਿੱਤਣ ਦਾ ਹੋਣਾ ਚਾਹੀਦਾ ਹੈ। ਇਸ ਦੌਰਾਨ ਗੁਰਪ੍ਰੀਤ ਸਿੰਘ ਭਾਊਵਾਲ, ਗੁਰਵਿੰਦਰ ਸਿੰਘ ਘਨੌਲੀ, ਜਸਪ੍ਰੀਤ ਸਿੰਘ, ਗੁਰਵਿੰਦਰ ਸਿੰਘ ਰੂਪਨਗਰ ਅਤੇ ਹੋਰ ਪਤਵੰਤੇ ਸੱਜਣ ਵੀ ਮੌਜੂਦ ਸਨ।

# ਪੰਜਾਬ ਵਿਧਾਨ ਸਭਾ ਵੱਲੋਂ 6 ਮਹੱਤਵਪੂਰਨ ਬਿੱਲ ਪਾਸ

**ਚੰਡੀਗੜ੍ਹ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਨੇ ਸੂਬੇ ਭਰ ਵਿੱਚ ਸ਼ਾਸਨ ਅਤੇ ਜਨਤਕ ਸੇਵਾਵਾਂ ਵਿੱਚ ਪਾਰਦਰਸ਼ਤਾ, ਜਵਾਬਦੇਹੀ ਅਤੇ ਕੁਸ਼ਲਤਾ ਵਧਾਉਣ ਦੇ ਉਦੇਸ਼ ਨਾਲ 6 ਮਹੱਤਵਪੂਰਨ ਬਿੱਲ ਪਾਸ ਕੀਤੇ।

ਵਿਧਾਨਕ ਸੁਧਾਰਾਂ ਦਾ ਉਦੇਸ਼ ਰੈਗੂਲੇਟਰੀ ਵਿਧੀਆਂ ਨੂੰ ਮਜ਼ਬੂਤ ਕਰਨਾ, ਪ੍ਰਕਿਰਿਆਵਾਂ ਨੂੰ ਸੁਖਾਲਾ ਬਣਾਉਣਾ ਅਤੇ ਨਾਗਰਿਕਾਂ ਦੇ ਅਧਿਕਾਰਾਂ ਤੇ ਹਿੱਤਾਂ ਦੀ ਰਾਖੀ ਕਰਦਿਆਂ ਕਾਰੋਬਾਰ ਕਰਨ ਵਿੱਚ ਵਧੇਰੇ ਸੌਖ ਨੂੰ ਯਕੀਨੀ ਬਣਾਉਣਾ ਹੈ। ਇਹਨਾਂ ਪਾਸ ਕੀਤੇ ਗਏ ਬਿੱਲਾਂ ਵਿੱਚ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਦ ਸੀਡਸ (ਪੰਜਾਬ ਸੋਧਨਾ) ਬਿੱਲ, 2025 ਪੇਸ਼ ਕੀਤਾ ਗਿਆ; ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਪੰਜਾਬ ਰਾਈਟ ਟੂ ਬਿਜ਼ਨਸ (ਸੋਧਨਾ) ਬਿੱਲ, 2025 ਪੇਸ਼ ਕੀਤਾ ਗਿਆ; ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਪੰਜਾਬ ਗੁੱਡਸ ਐਂਡ ਸਰਵਿਸ ਟੈਕਸ (ਸੋਧਨਾ) ਬਿੱਲ, 2025 ਵੱਲੋਂ ਪੇਸ਼ ਕੀਤਾ ਗਿਆ; ਮਾਲ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੈਸ਼ਨ (ਸੋਧਨਾ) ਬਿੱਲ, 2025; ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਵੱਲੋਂ ਪੰਜਾਬ ਕੋਆਪਰੇਟਿਵ ਸੁਸਾਇਟੀਸ (ਸੋਧਨਾ) ਬਿੱਲ, 2025 ਪੇਸ਼ ਕੀਤਾ



ਗਿਆ; ਅਤੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਪੰਜਾਬ ਟਾਊਨ ਇੰਮਪਰੂਵਮੈਂਟ (ਸੋਧਨਾ) ਬਿੱਲ, 2025 ਪੇਸ਼ ਕੀਤਾ ਗਿਆ, ਸ਼ਾਮਲ ਹਨ।

ਇਨ੍ਹਾਂ ਵਿਧਾਨਕ ਉਪਾਵਾਂ ਨਾਲ ਮੌਜੂਦਾ ਢਾਂਚੇ ਨੂੰ ਆਧੁਨਿਕ ਬਣਾਉਣ, ਪ੍ਰਸ਼ਾਸਕੀ ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਣ ਅਤੇ ਕਿਸਾਨਾਂ, ਉੱਦਮੀਆਂ, ਟੈਕਸਦਾਤਾਵਾਂ, ਘਰ ਖਰੀਦਦਾਰਾਂ, ਸਹਿਕਾਰੀ ਮੈਂਬਰਾਂ ਅਤੇ ਸ਼ਹਿਰੀ ਨਿਵਾਸੀਆਂ ਨੂੰ ਲਾਭ ਪਹੁੰਚਾਉਣ ਵਾਲੇ ਨਿਰਪੱਖ ਅਭਿਆਸਾਂ ਨੂੰ ਯਕੀਨੀ ਬਣਾਉਣਾ ਹੈ।

ਪੰਜਾਬ ਸਰਕਾਰ ਨੇ ਸਮਾਵੇਸ਼ੀ ਵਿਕਾਸ, ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਉਤਸ਼ਾਹਿਤ ਕਰਨ ਵਾਲੇ ਸੁਧਾਰਾਂ ਨੂੰ ਲਾਗੂ ਕਰਨ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ, ਜਿਸ ਨਾਲ ਸੂਬੇ ਦੇ ਪ੍ਰਸ਼ਾਸਨ ਵਿੱਚ ਜਨਤਾ ਦਾ ਵਿਸ਼ਵਾਸ ਹੋਰ ਮਜ਼ਬੂਤ ਹੋਵੇਗਾ।

# ਹਿਮਾਚਲ ਤੋਂ ਨਿਕਲੀ ਭਗਵਾਨ ਵਾਲਮੀਕਿ ਜੀ ਦੀ ਯਾਤਰਾ ਦਾ ਸ਼ਾਨਦਾਰ ਸਵਾਗਤ



**ਚੰਡੀਗੜ੍ਹ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿਮਾਚਲ ਪ੍ਰਦੇਸ਼ ਦੇ ਵੱਖ-ਵੱਖ ਜ਼ਿਲ੍ਹਿਆਂ ਮਨਾਲੀ, ਚੰਬਾ, ਮੰਡੀ, ਬੈਜਨਾਥ, ਚਾਮੁੰਡਾ ਦੇਵੀ, ਜਵਾਲਾ ਜੀ ਅਤੇ ਸ਼ਿਮਲਾ ਤੋਂ ਭਾਵਾਧਸ ਦੇ ਪ੍ਰਧਾਨ ਲੱਕੀ ਤੇਜੀ ਅਤੇ ਵਿੱਕੀ ਧਰਮਸ਼ਾਲਾ ਦੀ ਅਗਵਾਈ ਵਿਚ ਕੱਢੀ ਭਗਵਾਨ ਵਾਲਮੀਕਿ ਜੀ ਦੀ ਵਿਸ਼ਾਲ ਯਾਤਰਾ ਹੁਸ਼ਿਆਰਪੁਰ ਪਹੁੰਚੀ।

ਇਸ ਮੌਕੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਭਗਵਾਨ ਵਾਲਮੀਕਿ ਤੀਰਥ ਅੰਮ੍ਰਿਤਸਰ ਲਈ ਯਾਤਰਾ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਤੋਂ ਪਹਿਲਾਂ ਉਨ੍ਹਾਂ ਹਿਮਾਚਲ ਪ੍ਰਦੇਸ਼ ਤੋ ਆਏ ਸੰਤਾਂ ਅਤੇ ਅਹੁਦੇਦਾਰਾਂ ਨੂੰ ਸਰੋਪੇ ਭੇਂਟ ਕਰਕੇ ਸਨਮਾਨਿਤ ਕੀਤਾ। ਵਿਧਾਇਕ ਜਿੰਪਾ ਨੇ ਕਿਹਾ ਕਿ ਭਾਵਾਧਸ ਦਾ ਸਮਾਜਿਕ ਯੋਗਦਾਨ ਮਿਸਾਲੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਾਲਮੀਕਿ ਭਾਈਚਾਰੇ ਦੀ ਧਾਰਮਿਕ ਆਸਥਾ, ਏਕਤਾ ਅਤੇ ਸੰਗਠਨਾਤਮਕ ਤਾਕਤ ਸਮਾਜ ਨੂੰ ਇੱਕ ਨਵੀਂ ਦਿਸ਼ਾ ਦੇਣ ਦਾ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਨਾ ਸਿਰਫ਼ ਨੌਜਵਾਨਾਂ ਵਿੱਚ ਸੱਭਿਆਚਾਰਕ ਅਤੇ ਅਧਿਆਤਮਿਕ ਚੇਤਨਾ ਜਗਾਉਂਦੇ ਹਨ, ਸਗੋਂ ਸਮਾਜ ਨੂੰ ਆਪਸੀ ਭਾਈਚਾਰੇ ਅਤੇ ਏਕਤਾ ਦੇ ਧਾਗੇ ਵਿੱਚ ਵੀ ਬੰਨ੍ਹਦੇ ਹਨ। ਉਨ੍ਹਾਂ ਕਿਹਾ ਕਿ ਭਗਵਾਨ ਵਾਲਮੀਕਿ ਜੀ ਦੀਆਂ ਸਿੱਖਿਆਵਾਂ ਅੱਜ ਵੀ ਸਮਾਜ ਦਾ ਮਾਰਗਦਰਸ਼ਨ ਕਰਦੀਆਂ ਹਨ ਅਤੇ ਸਾਨੂੰ ਉਨ੍ਹਾਂ ਦੇ ਮਾਰਗ 'ਤੇ ਚੱਲਣਾ ਚਾਹੀਦਾ ਹੈ ਅਤੇ ਸਮਾਨਤਾ ਅਤੇ ਨਿਆਂ 'ਤੇ ਅਧਾਰਤ ਸਮਾਜ ਦੀ ਸਥਾਪਨਾ ਕਰਨੀ ਚਾਹੀਦੀ ਹੈ। ਪ੍ਰੋਗਰਾਮ ਦੇ ਤਹਿਤ ਕਮਿਊਨਿਟੀ ਹਾਲ ਵਿੱਚ ਆਯੋਜਿਤ ਸਤਿਸੰਗ ਵਿੱਚ ਸ਼ਰਧਾਲੂਆਂ ਨੇ ਭਜਨਾਂ ਦਾ ਆਨੰਦ ਲਿਆ ਅਤੇ ਨਿਤਨੇਮ ਦਾ ਪਾਠ ਕੀਤਾ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਕੌਂਸਲਰ ਮਨਜੀਤ, ਸਫਾਈ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਕਰਨਜੋਤ ਆਦੀਆ, ਭਾਵਾਧਸ ਮੈਂਬਰ ਮਨੋਜ ਕੈਨੇਡੀ, ਹਰੀ ਰਾਮ ਆਦੀਆ, ਵਿਪਨੇਸ਼ ਸੰਗਰ, ਪਵਨ ਚੱਢਾ, ਜੋਗਿੰਦਰ ਪਾਲ ਆਦੀਆ, ਸੁਭਾਸ਼ ਹੰਸ ਭੋਲੂ, ਰਾਜੀਵ ਸਾਈਂ, ਵਰਿੰਦਰ ਵੈਦ ਸਮੇਤ ਕਈ ਪਤਵੰਤੇ ਵੀ ਮੌਜੂਦ ਸਨ।

# 'ਯੁੱਧ ਨਸ਼ਿਆਂ ਵਿਰੁੱਧ' ਦਾ 212ਵਾਂ ਦਿਨ: ਪੰਜਾਬ ਪੁਲਿਸ ਵੱਲੋਂ 3.2 ਕਿਲੋ ਹੈਰੋਇਨ ਸਮੇਤ 49 ਨਸ਼ਾ ਤਸਕਰ ਕਾਬੂ

**ਚੰਡੀਗੜ੍ਹ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰੇਦਸ਼ਾਂ 'ਤੇ ਵਿੱਢੇ ਗਏ ਯੁੱਧ ਨਸ਼ਿਆਂ ਵਿਰੁੱਧ ਦੇ 212ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 327 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਉਪਰੰਤ ਸੂਬੇ ਭਰ ਵਿੱਚ 39 ਐਫਆਈਆਰਜ਼ ਦਰਜ ਕਰਕੇ 49 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 212 ਦਿਨਾਂ ਵਿੱਚ ਗ੍ਰਿਫਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 31,301 ਹੋ ਗਈ ਹੈ। ਇਹਨਾਂ ਛਾਪਿਆਂ ਦੇ ਨਤੀਜੇ ਵਜੋਂ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 3.2 ਕਿਲੋ ਹੈਰੋਇਨ, 20 ਕਿਲੋ ਭੁੱਕੀ, 420 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 1210 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

ਇਸ ਆਪ੍ਰੇਸਨ ਦੌਰਾਨ 68 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1000 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 120 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 327 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ। ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਵੱਲੋਂ 346 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ ਗਈ।

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ ਅੱਜ 11 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

## ਪੰਜਾਬ ਵਿਧਾਨ ਸਭਾ ਵੱਲੋਂ ਸਰਬਸੰਮਤੀ ਨਾਲ ਪੰਜਾਬ ਟਾਊਨ ਇੰਪਰੂਵਮੈਂਟ ਐਕਟ ਪਾਸ

**ਚੰਡੀਗੜ੍ਹ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰਾਂ ਦੇ ਵਿਕਾਸ ਕਾਰਜਾਂ 'ਚ ਤੇਜ਼ੀ ਲਿਆਉਣ ਅਤੇ ਵਧੇਰੇ ਸੁਚਾਰੂ ਬਣਾਉਣ ਲਈ ਪੰਜਾਬ ਵਿਧਾਨ ਸਭਾ ਵੱਲੋਂ ਅੱਜ ਪੰਜਾਬ ਟਾਊਨ ਇੰਪਰੂਵਮੈਂਟ ਐਕਟ, 1922 ਪਾਸ ਕੀਤਾ ਗਿਆ ਹੈ। ਬਿੱਲ ਪੇਸ਼ ਕਰਦਿਆਂ ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਇਸ ਬਿੱਲ ਦਾ ਮਕਸਦ ਸੂਬੇ ਦੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਸੁਧਾਰ ਟਰੱਸਟਾਂ ਕੋਲ ਉਪਲਬਧ ਫੰਡਾਂ ਦੀ ਵਰਤੋਂ ਦੇ ਸਮਰੱਥ ਬਣਾਉਣਾ ਹੈ।

# ਐੱਸ ਆਰ ਐੱਸ ਵਿੱਦਿਆਪੀਠ ਦੇ ਵਿਦਿਆਰਥੀਆਂ ਨੇ ਫਸਟ ਰਨਰ ਅਪ ਦਾ ਸਥਾਨ ਜਿੱਤ ਕੇ ਸ਼ਾਨਦਾਰ ਸਫਲਤਾ ਹਾਸਲ ਕੀਤੀ

**ਸਮਾਣਾ, 4 ਅਕਤੂਬਰ**
**-ਸ਼ਿਵ ਨਰਾਇਣ-**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ ਬੀ ਐਸ ਈ ਸਹੋਦਿਆ ਟੇਬਲ ਟੈਨਿਸ (ਅੰਡਰ -14 ਮੁੰਡਿਆਂ )ਮੁਕਾਬਲਾ ਦਾ ਇੰਡੋ ਬ੍ਰਿਟਿਸ਼ ਸਕੂਲ ਨਾਭਾ ਵਿਖੇ ਆਯੋਜਿਤ ਕੀਤਾ ਗਿਆ। ਇਸ ਮੁਕਾਬਲੇ ਵਿੱਚ ਕਈ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਦੇ ਵਿਦਿਆਰਥੀਆਂ ਨੇ ਵੀ ਇਸ ਮੁਕਾਬਲੇ ਵਿੱਚ ਵਧ -ਚੜ੍ਹ ਕੇ ਹਿੱਸਾ ਲਿਆ ਅਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਟੇਬਲ ਟੈਨਿਸ ਖੇਡ ਮੁਕਾਬਲੇ ਵਿੱਚ ਮੋਹਿਤ , ਲਵਿਆ ਅਤੇ ਆਦਿੱਤਿਆ ਨੇ ਭਾਗ ਲਿਆ ਅਤੇ ਆਪਣੇ ਜੋਸ਼ ਤੇ ਦ੍ਰਿੜ ਇਰਾਦੇ ਨਾਲ ਖੇਡ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 'ਫਸਟ ਰਨਰ ਅਪ' ਦਾ ਸਥਾਨ ਹਾਸਲ ਕਰਕੇ ਆਪਣੇ ਸਕੂਲ ਅਤੇ ਮਾਤਾ- ਪਿਤਾ ਦਾ ਨਾਮ ਰੌਸ਼ਨ ਕੀਤਾ । ਫਸਟ ਰਨਰ ਅਪ ਦਾ ਸਥਾਨ ਹਾਸਲ ਕਰਨ 'ਤੇ ਇਹਨਾਂ ਖਿਡਾਰੀਆਂ ਨੂੰ ਚਾਂਦੀ ਦੇ ਤਮਗਿਆਂ




ਅਤੇ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ।

ਇਸ ਉਪਲਬਧੀ ਤੇ ਸਕੂਲ ਵਾਈਸ ਚੇਅਰਮੈਨ ਮਿਸ ਸਮਿਧਾ ਸਿੰਗਲਾ ਅਤੇ ਪ੍ਰਿੰਸੀਪਲ ਮਿਸ ਮਿਲੀ ਬੋਸ ਨੇ ਆਪਣੇ ਸੰਬੋਧਨ ਵਿੱਚ ਕਿਹਾ, ਸਾਡੇ ਵਿਦਿਆਰਥੀਆਂ ਦੀ ਇਹ ਉਪਲਬਧੀ ਸਿਰਫ਼ ਖੇਡ ਵਿੱਚ ਹੀ ਨਹੀਂ, ਸਗੋਂ ਸਮੁੱਚੇ ਵਿਦਿਆਰਥੀ ਜੀਵਨ ਲਈ ਪ੍ਰੇਰਣਾ ਹੈ। ਅਸੀਂ ਉਨ੍ਹਾਂ ਦੇ ਜੋਸ਼ ਅਤੇ ਮਿਹਨਤ ਦੀ ਪ੍ਰਸ਼ੰਸਾ ਕਰਦੇ ਹਾਂ।

ਉਹਨਾਂ ਨੇ ਸਾਰੇ ਖਿਡਾਰੀਆਂ ਦਾ ਹੌਂਸਲਾ ਵਧਾਇਆ ਅਤੇ ਭਵਿੱਖ ਵਿੱਚ ਵੀ ਉਹਨਾਂ ਨੂੰ ਅਜਿਹੇ ਖੇਡ ਮੁਕਾਬਲਿਆਂ ਵਿੱਚ ਵਧ- ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ।

# ਪੰਜਾਬ ਵਿਧਾਨ ਸਭਾ ਨੇ ਕੇਂਦਰ ਤੋਂ 20 ਹਜ਼ਾਰ ਕਰੋੜ ਰੁਪਏ ਦੇ ਪੈਕੇਜ ਦੀ ਮੰਗ ਕਰਦਿਆਂ 'ਪੰਜਾਬ ਦਾ ਪੁਨਰਵਾਸ' ਮਤਾ ਕੀਤਾ ਪਾਸ

**ਚੰਡੀਗੜ੍ਹ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਵੱਲੋਂ ਆਪਣੇ ਵਿਸ਼ੇਸ਼ ਇਜਲਾਸ ਦੇ ਆਖਰੀ ਦਿਨ ਪੰਜਾਬ ਦਾ ਪੁਨਰਵਾਸ ਮਤਾ ਪਾਸ ਕੀਤਾ ਗਿਆ ਹੈ। ਇਹ ਮਤਾ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਇਜਲਾਸ ਦੇ ਪਹਿਲੇ ਦਿਨ (ਸ਼ੁਕਰਵਾਰ) ਪੇਸ਼ ਕੀਤਾ ਗਿਆ ਸੀ, ਜਿਸ ਵਿੱਚ ਵਿਆਪਕ ਹੜ੍ਹ ਰਾਹਤ ਅਤੇ ਬੁਨਿਆਦੀ ਢਾਂਚੇ ਦੀ ਬਹਾਲੀ ਲਈ ਕੇਂਦਰ ਸਰਕਾਰ ਤੋਂ 20,000 ਕਰੋੜ ਰੁਪਏ ਦੇ ਵਿਸ਼ੇਸ਼ ਪੈਕੇਜ ਦੀ ਮੰਗ ਕੀਤੀ ਗਈ ਸੀ।

ਇਹ ਮਤਾ ਦੋ ਦਿਨਾਂ ਦੇ ਵਿਆਪਕ ਵਿਚਾਰ-ਵਟਾਂਦਰੇ ਉਪਰੰਤ ਪਾਸ ਕੀਤਾ ਗਿਆ, ਜਿਸ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਕੈਬਨਿਟ ਮੰਤਰੀਆਂ ਅਤੇ ਵਿਧਾਇਕਾਂ ਨੇ ਸਰਗਰਮੀ ਨਾਲ ਹਿੱਸਾ ਲਿਆ। ਪਾਸ ਕੀਤੇ ਗਏ ਮਤੇ ਨੂੰ ਹੁਣ ਰਸਮੀ ਤੌਰ 'ਤੇ ਕੇਂਦਰ ਸਰਕਾਰ ਕੋਲ ਭੇਜਿਆ ਜਾਵੇਗਾ, ਜਿਸ ਵਿੱਚ ਸੂਬੇ ਦੀ ਰਿਕਵਰੀ ਵਿੱਚ ਸਹਾਇਤਾ ਲਈ ਤੁਰੰਤ ਅਤੇ ਹਮਦਰਦੀ ਭਰੀ ਕਾਰਵਾਈ ਦੀ ਅਪੀਲ ਕੀਤੀ ਜਾਵੇਗੀ। ਇਸ ਮਤੇ ਦੇ ਸਬੰਧ ਵਿੱਚ ਅਮਨ ਅਰੋੜਾ ਨੇ ਚਰਚਾ ਦੀ ਸ਼ੁਰੂਆਤ ਕੀਤੀ, ਜਿਸ ਉਪਰੰਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮਤੇ ਦੇ ਸਮਰਥਨ ਵਿੱਚ ਭਾਸ਼ਣ ਦਿੱਤਾ। ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ, ਵਿਧਾਇਕ ਗੁਰਦੀਪ ਸਿੰਘ ਰੰਧਾਵਾ ਅਤੇ ਵਿਧਾਇਕ ਗੁਰਪ੍ਰੀਤ ਸਿੰਘ ਬਨਮਾਲੀ ਦੇ ਯੋਗਦਾਨ ਨੇ ਸੂਬੇ ਦੀ ਸਮੂਹਿਕ ਮੰਗ ਨੂੰ ਹੋਰ ਬੁਲੰਦ ਕੀਤਾ।

ਇਸ ਮਤੇ ਵਿੱਚ ਕੇਂਦਰ ਸਰਕਾਰ ਦੇ ਪੰਜਾਬ ਨਾਲ ਮਤਰੇਈ ਮਾਂ ਵਾਲੇ ਰਵੱਈਏ ਦੀ ਨਿੰਦਿਆ ਕੀਤੀ ਗਈ ਹੈ ਅਤੇ ਪ੍ਰਧਾਨ ਮੰਤਰੀ ਵੱਲੋਂ ਪਹਿਲਾਂ ਐਲਾਨੀ ਗਈ ਰਾਹਤ ਨੂੰ ਨਾਕਾਫ਼ੀ ਦੱਸਿਆ ਗਿਆ ਹੈ। ਇਸ ਵਿੱਚ ਹੜ੍ਹਾਂ ਕਾਰਨ ਹੋਈ ਭਿਆਨਕ ਤਬਾਹੀ ਦੇ ਪੈਮਾਨੇ 'ਤੇ ਚਾਨਣਾ ਪਾਉਂਦਿਆਂ ਸ਼ੁਰੂਆਤੀ ਮੁਲਾਂਕਣ ਮੁਤਾਬਕ ਅਨੁਮਾਨਿਤ 13,900 ਕਰੋੜ ਰੁਪਏ ਦੇ ਨੁਕਸਾਨ ਬਾਰੇ ਦੱਸਿਆ ਗਿਆ ਹੈ ਅਤੇ ਹੜ੍ਹਾਂ ਦੀ ਸਥਿਤੀ ਨੂੰ ਹੋਰ ਵਿਗਾੜਨ ਲਈ ਭਾਰਤੀ ਮੌਸਮ ਵਿਭਾਗ (ਆਈਐਮਡੀ) ਅਤੇ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀਬੀਐਮਬੀ) ਸਮੇਤ ਕੇਂਦਰੀ ਏਜੰਸੀਆਂ ਦੀਆਂ ਅਸਫਲਤਾਵਾਂ ਦੀ ਆਲੋਚਨਾ ਕੀਤੀ ਗਈ ਹੈ।

**'ਜ਼ਿੰਦਗੀ ਤੋ ਆਪਣੇ ਹੀ ਦਮ ਪੇ ਜੀਅ ਜਾਤੀ ਹੈ ਯਾਰੋ, ਔਰੋਂ ਕੇ ਕੰਧੋਂ ਪਰ ਤੋ ਜਨਾਜੇ ਹੀ ਉਠਾ ਕਰਤੇ ਹੈ'**

# ਸੰਸਥਾ ਮਰੀਜ ਮਿਤਰਾ ਵਲੋਂ ਸ਼ਹੀਦ ਏ ਆਜ਼ਮ ਭਗਤ ਸਿੰਘ ਦੇ 118ਵੇਂ ਜਨਮ ਦਿਹਾੜੇ ਮੌਕੇ ਨਵੀਂ ਸੰਚਾਲਕ ਕਮੇਟੀ ਦਾ ਗਠਨ

**ਪਟਿਆਲਾ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਸਥਾ ਮਰੀਜ ਮਿਤਰਾ ਵੈਲਫੇਅਰ ਆਰਗੇਨਾਈਜੇਸ਼ਨ ਪਟਿਆਲਾ ਵਲੋਂ ਸ਼ਹੀਦ ਭਗਤ ਸਿੰਘ ਦੇ 118ਵੇਂ ਜਨਮ ਦਿਹਾੜੇ 'ਤੇ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਵਿਸੇਸ਼ ਤੌਰ ਉਤੇ ਸੰਸਥਾ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਆਪਣੀ ਨਵੀਂ ਸੰਚਾਲਕ ਕਮੇਟੀ ਸਾਲ 2025-26 ਸਰਵ ਸਹਿਮਤੀ ਨਾਲ ਜਾਰੀ ਕੀਤੀ ਗਈ। ਲਗਾਤਾਰ ਤੀਜੀ ਵਾਰ ਗੁਰਮੁੱਖ ਗੁਰੂ ਨੂੰ ਸੰਸਥਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਤੇ ਨਾਲ ਹੀ ਜਗਰਾਜ ਸਿੰਘ ਚਹਿਲ ਨੂੰ ਸੀਨੀਅਰ ਮੀਤ ਪ੍ਰਧਾਨ, ਗੁਰਸੇਵਕ ਸਿੰਘ ਮੀਤ ਪ੍ਰਧਾਨ (ਦਿਹਾਤੀ), ਜਗਦੀਸ਼ ਰਾਏ ਜਨਰਲ ਸਕੱਤਰ, ਜਸਵਿੰਦਰ ਸਿੰਘ ਹੈਪੀ ਕਪੂਰ ਮੀਤ ਪ੍ਰਧਾਨ (ਸ਼ਹਿਰੀ), ਪਰਮ ਸੇਠੀ ਲਾਲੀ ਮੀਡੀਆ ਸਲਾਹਕਾਰ, ਐਡਵੋਕੇਟ ਆਰ.ਵੀ. ਵਸ਼ਿਸ਼ਟ ਕਾਨੂੰਨੀ ਸਲਾਹਕਾਰ, ਤੇਜਿੰਦਰ ਸਿੰਘ ਮੰਡੋੜ ਸੰਗਠਨ ਸਕੱਤਰ, ਪ੍ਰਵੀਨ ਸ਼ਰਮਾ ਮੁੱਖ ਸਲਾਹਕਾਰ, ਡਿਪਤੀ ਮਹਾਜਨ



ਜੁਆਇੰਟ ਕੈਸ਼ੀਅਰ, ਡਾ. ਜਤਵਿੰਦਰ ਕੌਰ ਗਾਗਾ ਸਪੋਕਸ ਪਰਸਨ, ਕੁਲਦੀਪ ਸਿੰਘ ਪ੍ਰਧਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ, ਦੀਪ ਧਾਲੀਵਾਲ ਜੁਆਇੰਟ ਸਕੱਤਰ, ਰਾਜੇਸ਼ਵਰ ਨਾਥ ਰਾਜੂ ਸੋਸ਼ਲ ਮੀਡੀਆ ਇੰਚਾਰਜ, ਅਨਿਰੁਧ ਹਾਂਡਾ ਸਲਾਹਕਾਰ, ਲਖਵਿੰਦਰ ਸਿੰਘ ਸਲਾਹਕਾਰ, ਰਵੀ ਮਲਹੋਤਰਾ ਸਲਾਹਕਾਰ, ਗੁਰਮੀਤ ਸਿੰਘ ਸਲਾਹਕਾਰ, ਬਿੰਟੂ ਕੁਮਾਰ ਸਲਾਹਕਾਰ ਨਿਯੁਕਤ ਕੀਤਾ ਗਿਆ।

ਇਸ ਸਮਾਗਮ ਵਿੱਚ ਪ੍ਰਸਿਧ ਸਮਾਜ ਸੇਵਿਕਾ ਮੈਡਮ ਸਤਿੰਦਰ ਪਾਲ ਕੌਰ ਵਾਲੀਆ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਪਹੁੰਚੇ। ਨਵਨਿਯੁਕਤ ਟੀਮ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਉਹਨਾਂ ਕਿਹਾ ਕਿ ਸੰਸਥਾ ਮਰੀਜ ਮਿਤਰਾਂ ਦੀਆਂ ਸੇਵਾਵਾਂ ਜਮੀਨੀ ਪੱਧਰ 'ਤੇ ਚਲ ਰਹੀਆਂ ਹਨ। ਉਹ ਖੁਦ ਲੋੜਵੰਦ ਮਰੀਜਾਂ ਨੂੰ ਖ਼ੂਨ ਦੀ ਮਦਦ ਲਈ ਸੰਸਥਾ ਦਾ ਹੈਲਪਲਾਈਨ ਨੰਬਰ 98148-80335 ਦੇ ਕੇ ਫੋਨ ਕਰਨ ਲਈ ਅਕਸਰ ਕਹਿੰਦੇ ਹਨ।

ਸੰਸਥਾ ਦੇ ਸਮੂਹ ਅਹੁਦੇਦਾਰ ਤੇ ਮੈਂਬਰ ਸਮਰਪਿਤ ਭਾਵ ਨਾਲ ਸੇਵਾ ਕਰਨ ਵਾਲੇ ਇਨਸਾਨ ਹਨ। ਉਹਨਾਂ ਦੀਆਂ ਸ਼ੁਭਕਾਮਨਾਵਾਂ ਹਮੇਸ਼ਾ ਸੰਸਥਾ ਮਰੀਜ ਮਿਤਰਾ ਦੇ ਨਾਲ ਹਨ।ਸੰਸਥਾ ਮਰੀਜ਼ ਮਿਤਰਾ ਵਲੋਂ ਹਰ ਸਾਲ ਆਪਣੀ ਪੁਰਾਣੀ ਸੰਚਾਲਕ ਕਮੇਟੀ ਭੰਗ ਕਰ ਕੇ ਨਵੀਂ ਕਮੇਟੀ ਜਾਰੀ ਕੀਤੀ ਜਾਂਦੀ ਹੈ। ਇਹ ਬਹੁਤ ਵਧੀਆ ਪ੍ਰਥਾ ਹੈ, ਇਸ ਨਾਲ ਸੰਸਥਾ ਦੀ ਪਾਰਦਰਸ਼ਤਾ ਹੋਰ ਵੱਧ ਨਿਖਰ ਕੇ ਮੂਹਰੇ ਆਉਂਦੀ ਹੈ। ਦੂਜੀਆਂ ਸੰਸਥਾਵਾਂ ਨੂੰ ਵੀ ਇਹਨਾਂ ਦੀ ਤਰ੍ਹਾਂ ਹੀ ਪਾਰਦਰਸ਼ਤਾ ਦਿਖਾਉਂਦੇ ਹੋਏ ਹਰ ਸਾਲ ਆਪਣੀਆਂ ਕਮੇਟੀਆਂ ਜਨਤਕ ਕਰਨੀਆਂ ਚਾਹੀਦੀਆਂ ਹਨ।

ਇਹ ਮੌਕੇ ਸੰਸਥਾ ਦੇ ਨਵ ਨਿਯੁਕਤ ਪ੍ਰਧਾਨ ਗੁਰਮੁੱਖ ਗੁਰੂ ਨੇ ਸਮੂਹ ਮੈਂਬਰਾਂ ਦਾ ਤੇ ਅਹੁਦੇਦਾਰਾਂ ਦਾ ਧੰਨਵਾਦ ਕੀਤਾ। ਉਹਨਾਂ ਉਤੇ ਬਹੁਤ ਭਰੋਸਾ ਕਰਦੇ ਹੋਏ ਪ੍ਰਧਾਨਗੀ ਦੇ ਅਹੁਦੇ 'ਤੇ ਸਰਵ ਸਹਿਮਤੀ ਨਾਲ ਨਿਵਾਜਦੇ ਹਨ। ਉਹਨਾਂ ਦਸਿਆ ਕਿ ਸੰਸਥਾ ਮਰੀਜ਼ ਮਿਤਰਾ ਦੀ ਸੰਚਾਲਕ ਕਮੇਟੀ ਦੀ ਮੁਨੀਆਦ ਸਿਰਫ ਇਕ ਸਾਲ ਲਈ ਹੀ ਹੁੰਦੀ ਹੈ।ਇਕ ਸਾਲ ਬਾਅਦ ਪੁਰਾਣੀ ਕਮੇਟੀ ਭੰਗ ਕਰ ਕੇ ਫਿਰ ਚੋਣ ਕਮੇਟੀ ਬਣਾਈ ਜਾਂਦੀ ਹੈ ਅਤੇ ਉਸਦੇ ਉਪਰੰਤ ਨਵੀਂ ਕਮੇਟੀ ਵਿੱਚ ਮੈਂਬਰ ਸ਼ਾਮਲ ਕਰਦੀ ਹੈ ਅਤੇ ਫਿਰ ਸਰਵ ਸਹਿਮਤੀ ਨਾਲ ਪ੍ਰਧਾਨ, ਮੀਤ ਪ੍ਰਧਾਨ, ਜਨਰਲ ਸਕੱਤਰ ਤੇ ਖਜਾਨਚੀ ਆਦਿ ਦੇ ਅਹੁਦੇ ਨਿਵਾਜੇ ਜਾਂਦੇ ਹਨ। ਇਸ ਪ੍ਰਥਾ ਨਾਲ ਆਮ ਤੇ ਨਵੇਂ ਜੁੜੇ ਮੈਂਬਰਾਂ ਨੂੰ ਵੀ ਆਪਣੀ ਸੇਵਾ ਦੇ ਹੁਨਰ ਦਿਖਾਉਣ ਦਾ ਮੌਕਾ ਸਮੇਂ ਸਮੇਂ 'ਤੇ ਮਿਲਦਾ ਰਹਿੰਦਾ ਹੈ।

ਇਸ ਮੌਕੇ ਮੰਚ ਦਾ ਸੰਚਾਲਕ ਬਾਖੂਬੀ ਢੰਗ ਨਾਲ ਕਰਦੇ ਹੋਏ ਡਾ. ਜਤਵਿੰਦਰ ਕੌਰ ਗਾਗਾ ਬੁਲਾਰਾ ਮਰੀਜ਼ ਮਿਤਰਾ ਵਲੋਂ ਪਹੁੰਚੇ ਹੋਏ ਸਮੂਹ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ ਗਿਆ ਤੇ ਸੰਸਥਾ ਦੇ ਚਲ ਰਹੇ ਸੇਵਾ ਕਾਰਜਾਂ 'ਤੇ ਵੀ ਚਾਨਣ ਪਾਇਆ ਗਿਆ।

ਇਸ ਮੌਕੇ ਮਰੀਜ ਮਿਤਰਾ ਸੀਨੀਅਰ ਮੈਂਬਰ ਹਰਮਨਦੀਪ ਸਿੰਘ ਨਿਰਮਾਣ, ਦਵਿੰਦਰ ਹੈਪੀ, ਮਾਨਵਦੀਪ ਸਿੰਘ, ਯਸ਼ਲੀਨ ਕੌਰ, ਆਰੀਅਨ ਆਦਿ ਅਤੇ ਕੁਝ ਪੱਤਰਕਾਰ ਵੀ ਮੌਜੂਦ ਸਨ।

# ਮੇਅਰ ਕੁੰਦਨ ਗੋਗੀਆ ਦੇ ਸੜਕਾਂ ਸੰਬੰਧੀ ਸਖ਼ਤ ਨਿਰਦੇਸ਼

## ਲੋਕਾਂ ਸਹੂਲਤ ਦੇ ਮੱਦੇਨਜ਼ਰ ਢਿੱਲੀ ਕਾਰਗੁਜਾਰੀ ਬਰਦਾਸ਼ਤ ਨਹੀਂ : ਮੇਅਰ ਕੁੰਦਨ ਗੋਗੀਆ



**ਪਟਿਆਲਾ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਨੇ ਅੱਜ ਨਗਰ ਨਿਗਮ ਦੀ ਐਲ ਐਂਡ ਟੀ ਨਾਲ ਹੋਈ ਮੀਟਿੰਗ ਦੌਰਾਨ ਸ਼ਹਿਰ ਵਿੱਚ ਚੱਲ ਰਹੇ ਸੜਕਾਂ ਦੇ ਵਿਕਾਸ ਕਾਰਜਾਂ ਬਾਰੇ ਸਖ਼ਤ ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸੁਵਿਧਾ ਅਤੇ ਸੁਰੱਖਿਆ ਦੇ ਮੱਦੇਨਜ਼ਰ ਕਿਸੇ ਵੀ ਤਰ੍ਹਾਂ ਦੀ ਢਿੱਲੀ ਕਾਰਗੁਜ਼ਾਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮੇਅਰ ਨੇ ਜ਼ੋਰ ਦੇ ਕੇ ਕਿਹਾ ਕਿ ਹਰ ਸੜਕ ਦੀ ਮੁੜ ਤੋਂ ਪੁੱਟਣ, ਮੁਰੰਮਤ ਜਾਂ ਨਵੀਂ ਬਣਾਉਣ ਦੇ ਕੰਮ ਲਈ ਪਹਿਲਾਂ ਨਗਰ ਨਿਗਮ ਤੋਂ ਮਨਜ਼ੂਰੀ ਲੈਣਾ ਲਾਜ਼ਮੀ ਹੋਵੇਗਾ। ਇਸ ਮੌਕੇ ਉਨ੍ਹਾਂ ਨਾਲ ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ, ਕਮਿਸ਼ਨਰ ਨਗਰ ਨਿਗਮ ਪਰਮਵੀਰ ਸਿੰਘ, ਕੈਬਿਨਟ ਮੰਤਰੀ ਡਾਕਟਰ ਬਲਬੀਰ ਸਿੰਘ ਦੇ ਪੁੱਤਰ ਰਾਹੁਲ ਸੈਣੀ ਵਿਸ਼ੇਸ਼ ਤੌਰ ਤੇ ਮੌਜੂਦ ਸਨ। ਮੇਅਰ ਕੁੰਦਨ ਗੋਗੀਆ ਨੇ ਦੱਸਿਆ ਕਿ ਸ਼ਹਿਰ ਵਿੱਚ ਸੜਕਾਂ ਦੀ ਹਾਲਤ ਨੂੰ ਸੁਧਾਰਨਾ ਨਿਗਮ ਦੀ ਪ੍ਰਾਥਮਿਕਤਾ ਹੈ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਘੱਟ ਸਟਾਫ ਹੋਣ ਕਰਕੇ ਕਈ ਵਾਰ ਕੰਮ ਰੁਕਦਾ ਹੈ, ਪਰ ਹੁਣ ਇਸ ਦੀ ਪੂਰਤੀ ਕਰਕੇ ਕੰਮ ਤੇਜ਼ ਰਫ਼ਤਾਰ ਨਾਲ ਪੂਰੇ ਕੀਤੇ ਜਾਣ ਨੂੰ ਵੀ ਲਾਜਮੀ ਕੀਤਾ ਜਾਵੇ। ਲੋਕਾਂ ਨੂੰ ਸੁਵਿਧਾ ਦੇਣ ਲਈ ਸਾਰੇ ਅਧਿਕਾਰੀ ਅਤੇ ਠੇਕੇਦਾਰ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ, ਕਿਉਂਕਿ ਜੇ ਕੰਮ ਸਮੇਂ 'ਤੇ ਨਾ ਹੋਇਆ ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਮੇਅਰ ਗੋਗੀਆ ਨੇ ਇਹ ਵੀ ਐਲਾਨ ਕੀਤਾ ਕਿ ਸੜਕਾਂ ਦੇ ਬਣਨ ਤੋਂ ਬਾਅਦ ਨਗਰ ਨਿਗਮ ਦੀ ਟੀਮ ਖੁਦ ਮੌਕੇ 'ਤੇ ਜਾ ਕੇ ਕੰਮ ਦੀ ਗੁਣਵੱਤਾ ਅਤੇ ਮਿਆਰ ਦੀ ਨਿਗਰਾਨੀ ਕਰੇਗੀ। ਮੇਅਰ ਨੇ ਅਧਿਕਾਰੀਆਂ ਨੂੰ ਹਦਾਇਤ ਦਿੱਤੀ ਕਿ ਤੈਅ ਸਮੇਂ ਅਨੁਸਾਰ ਕੰਮ ਪੂਰਾ ਕਰਨ ਲਈ ਨਿਯਮਤ ਨਿਗਰਾਨੀ ਹੋਣੀ ਚਾਹੀਦੀ ਹੈ ਅਤੇ ਜੇ ਕਿਸੇ ਵੀ ਸੜਕ ਜਾਂ ਪ੍ਰੋਜੈਕਟ ਦਾ ਕੰਮ ਸਮੇਂ 'ਤੇ ਨਹੀਂ ਮੁਕੰਮਲ ਹੋਇਆ ਤਾਂ ਸੰਬੰਧਿਤ ਅਧਿਕਾਰੀ ਅਤੇ ਠੇਕੇਦਾਰ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਸ਼ਹਿਰ ਵਾਸੀਆਂ ਨੇ ਮੇਅਰ ਦੇ ਇਸ ਸਖ਼ਤ ਰਵੱਈਏ ਦਾ ਸਵਾਗਤ ਕੀਤਾ ਹੈ ਅਤੇ ਕਿਹਾ ਹੈ ਕਿ ਇਸ ਨਾਲ ਸੜਕਾਂ ਦੀ ਗੁਣਵੱਤਾ ਸੁਧਰੇਗੀ ਤੇ ਲੋਕਾਂ ਨੂੰ ਆਵਾਜਾਈ ਵਿੱਚ ਵਧੀਆ ਸੁਵਿਧਾ ਮਿਲੇਗੀ। ਮੀਟਿੰਗ ਦੌਰਾਨ ਨਗਰ ਨਿਗਮ ਸਟਾਫ਼ ਦੇ ਐਸ ਈ, ਐਸ ਡੀ ਓ, ਜੇ ਈ, ਕਰਨਲ ਜੇ ਵੀ ਸਿੰਘ, ਕੌਂਸਲਰ ਜਸਬੀਰ ਗਾਂਧੀ, ਕੌਂਸਲਰ ਰੁਪਾਲੀ ਗਰਗ, ਕੌਂਸਲਰ ਮੁਕਤਾ ਗੁਪਤਾ, ਕੌਂਸਲਰ ਗੁਰਕਿਰਪਾਲ ਸਿੰਘ, ਕੌਂਸਲਰ ਵਾਸੁਦੇਵ, ਕੌਂਸਲਰ ਯਾਦਵ ਜੀ , ਕੌਂਸਲਰ ਰਵੀ ਜੀ, ਕੌਂਸਲਰ ਭੁਪਿੰਦਰ ਸਿੰਘ, ਕੌਂਸਲਰ ਐਸ ਕੇ, ਕੌਂਸਲਰ ਸ਼ਿਵਰਾਜ, ਕੌਂਸਲਰ ਮੋਹਿਤ, ਕੌਂਸਲਰ ਜਸਵੰਤ ਸਿੰਘ, ਕੌਂਸਲਰ ਦੀਪਕ ਮਿਤਲ, ਵਿਕੂ ਝਿੱਲ ਸਪੋਰਟਸ ਵਿੰਗ, ਪੀ ਏ ਸੁਰੇਸ਼ ਰਾਏ, ਮੇਅਰ ਸੈਕਟਰੀ ਰਜਿੰਦਰ ਮੋਹਨ ਅਤੇ ਹੋਰ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ.

# ਹੜ੍ਹਾਂ ਦਾ ਖਤਰਾ: ਭਾਖੜਾ ਤੇ ਪੌਂਗ ਡੈਮ ਦੇ ਮੁੜ ਖੁੱਲ੍ਹਣਗੇ ਫਲੱਡ ਗੇਟ



**ਚੰਡੀਗੜ੍ਹ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੇ 6-7 ਅਕਤੂਬਰ ਨੂੰ ਸੰਭਾਵੀ ਭਾਰੀ ਮੀਂਹ ਦੇ ਮੱਦੇਨਜ਼ਰ ਪੌਂਗ ਡੈਮ ਅਤੇ ਭਾਖੜਾ ਡੈਮ ਤੋਂ ਪਾਣੀ ਛੱਡਣ ਦਾ ਫੈਸਲਾ ਕੀਤਾ ਹੈ। ਬੋਰਡ ਵੱਲੋਂ ਅੱਜ ਸੱਦੀ ਐਮਰਜੈਂਸੀ ਮੀਟਿੰਗ ਵਿੱਚ ਭਲਕੇ ਸ਼ਨਿਚਰਵਾਰ ਨੂੰ 12 ਵਜੇ ਭਾਖੜਾ ਅਤੇ ਪੌਂਗ ਡੈਮ ਦੇ ਫਲੱਡ ਗੇਟ ਖੋਲ੍ਹਣ ਦੇ ਹੁਕਮ ਜਾਰੀ ਕੀਤੇ ਗਏ ਹਨ।

ਦੱਸਣਯੋਗ ਹੈ ਕਿ ਮੌਸਮ ਵਿਭਾਗ ਦੀ ਭਵਿੱਖਬਾਣੀ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਸਰਕਾਰ ਨੇ ਹੁਣ ਚੌਕਸੀ ਵਧਾ ਦਿੱਤੀ ਹੈ ਅਤੇ ਕਈ ਸਰਹੱਦੀ ਜ਼ਿਲ੍ਹਿਆਂ ਵਿੱਚ ਅਲਰਟ ਵੀ ਜਾਰੀ ਕੀਤਾ ਹੈ। ਮੌਸਮ ਵਿਭਾਗ ਨੇ ਪੰਜਾਬ, ਜੰਮੂ ਅਤੇ ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਹੈ ਜਿਸ ਦੇ ਨਾਲ ਪੰਜਾਬ ਵਿੱਚ ਮੁੜ ਹੜ੍ਹਾਂ ਦਾ ਖਤਰਾ ਬਣ ਗਿਆ ਹੈ।

ਵੇਰਵੇ ਅਨੁਸਾਰ ਭਾਖੜਾ ਡੈਮ ਤੋਂ ਇਸ ਵੇਲੇ 27,000 ਕਿਊਸਿਕ ਅਤੇ ਪੌਂਗ ਡੈਮ ਤੋਂ 17,000 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ।

ਬੀ.ਬੀ.ਐਮ.ਬੀ. ਦੀ ਅੱਜ ਦੀ ਮੀਟਿੰਗ ਵਿੱਚ ਹੋਏ ਫੈਸਲੇ ਅਨੁਸਾਰ ਦੁਪਹਿਰ 2 ਵਜੇ ਭਾਖੜਾ ਡੈਮ ਤੋਂ ਪਾਣੀ 27,000 ਕਿਊਸਿਕ ਤੋਂ ਵਧਾ ਕੇ 36,000 ਕਿਊਸਿਕ ਛੱਡਿਆ ਗਿਆ।

ਇਸੇ ਡੈਮ ਤੋਂ ਸ਼ਨਿੱਚਰਵਾਰ ਨੂੰ 12 ਵਜੇ ਤੋਂ 43,000 ਕਿਊਸਿਕ ਪਾਣੀ ਛੱਡਿਆ ਜਾਵੇਗਾ। ਰਣਜੀਤ ਸਾਗਰ ਡੈਮ ਤੋਂ ਲੰਘੇ ਕੱਲ੍ਹ ਤੋਂ ਹੀ ਪਾਣੀ ਛੱਡਣਾ ਸ਼ੁਰੂ ਕਰ ਦਿੱਤਾ ਸੀ, ਤਾਂ ਜੋ ਡੈਮ ਵਿੱਚ ਪਹਾੜਾਂ ਤੋਂ ਆਉਣ ਵਾਲੇ ਪਾਣੀ ਦੀ ਜਗ੍ਹਾ ਬਣਾਈ ਜਾ ਸਕੇ।

ਵੇਰਵਿਆਂ ਅਨੁਸਾਰ ਹੜ੍ਹਾਂ ਦੇ ਖਤਰੇ ਦੇ ਮੱਦੇਨਜ਼ਰ ਖਾਸ ਕਰਕੇ ਸਰਹੱਦੀ ਜ਼ਿਲ੍ਹਿਆਂ ਦੇ ਲੋਕਾਂ ਵਿੱਚ ਮੁੜ ਖੌਫ ਪੈਦਾ ਹੋ ਗਿਆ ਹੈ। ਕਿਸਾਨਾਂ ਵੱਲੋਂ ਖੇਤਾਂ ਵਿੱਚੋਂ ਰੇਤ ਹਟਾਏ ਜਾਣ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਸੀ। ਹੁਣ ਫਿਰ ਹੜ੍ਹਾਂ ਦੇ ਖਤਰੇ ਨੇ ਅਗਲੀ ਹਾੜ੍ਹੀ ਦੀ ਫਸਲ ਦੀ ਤਿਆਰੀ 'ਤੇ ਸਵਾਲੀਆ ਨਿਸ਼ਾਨ ਖੜ੍ਹਾ ਕਰ ਦਿੱਤਾ ਹੈ।

# ਲੱਦਾਖ 'ਚ ਹਿੰਸਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ: LG ਦੀ ਸਖ਼ਤ ਚੇਤਾਵਨੀ



**ਜੰਮੂ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੈਫਟੀਨੈਂਟ ਗਵਰਨਰ (ਐਲਜੀ) ਕਵਿੰਦਰ ਗੁਪਤਾ ਨੇ ਕਿਹਾ ਕਿ ਪਾਕਿਸਤਾਨ ਅਤੇ ਚੀਨ ਨਾਲ ਘਿਰਿਆ ਹੋਇਆ ਲੱਦਾਖ ਹਿੰਸਾ ਨੂੰ ਬਰਦਾਸ਼ਤ ਨਹੀਂ ਕਰ ਸਕਦਾ ਪਰ ਕੁਝ ਲੋਕ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਬਖਸ਼ਿਆ ਨਹੀਂ ਜਾਵੇਗਾ।

ਉਨ੍ਹਾਂ ਕਿਹਾ ਕਿ 24 ਸਤੰਬਰ ਨੂੰ ਲੇਹ ਵਿੱਚ ਹੋਈ ਹਿੰਸਾ ਦੀ ਮੈਜਿਸਟ੍ਰੇਟ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ, ਜਿਸ ਵਿੱਚ ਚਾਰ ਵਿਅਕਤੀ ਮਾਰੇ ਗਏ ਸਨ ਅਤੇ ਕਈ ਜ਼ਖ਼ਮੀ ਹੋ ਗਏ ਸਨ। ਉਨ੍ਹਾਂ ਸ਼ਹਿਰ ਵਿੱਚ ਤੇਜ਼ੀ ਨਾਲ ਸੁਧਰ ਰਹੀ ਸਥਿਤੀ 'ਤੇ ਵੀ ਤਸੱਲੀ ਪ੍ਰਗਟ ਕੀਤੀ, ਜਿੱਥੇ ਅਧਿਕਾਰੀਆਂ ਨੇ ਕੁਝ ਦਿਨਾਂ ਦੀ ਥੋੜ੍ਹੀ ਜਿਹੀ ਢਿੱਲ ਤੋਂ ਬਾਅਦ ਵੀਰਵਾਰ ਨੂੰ ਪੂਰੇ ਦਿਨ ਲਈ ਕਰਫਿਊ ਵਿੱਚ ਢਿੱਲ ਦਿੱਤੀ।

ਐਲਜੀ ਗੁਪਤਾ ਨੇ ਕਿਹਾ ਕਿ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਪੂਰੇ ਲੱਦਾਖ ਵਿੱਚ ਲਾਗੂ ਹੈ, ਜੋ 24 ਸਤੰਬਰ ਦੀਆਂ ਘਟਨਾਵਾਂ ਨੂੰ ਦੁਹਰਾਉਣ ਤੋਂ ਬਚਣ ਲਈ ਲੋਕਾਂ ਦੇ ਇਕੱਠ 'ਤੇ ਪਾਬੰਦੀ ਲਗਾਉਂਦੀ ਹੈ।

ਉਨ੍ਹਾਂ ਕਿਹਾ ਕਿ ਅੱਜ ਚੌਥੇ ਦਿਨ ਵੀ ਸਾਰੀਆਂ ਦੁਕਾਨਾਂ ਅਤੇ ਕਾਰੋਬਾਰੀ ਅਦਾਰੇ ਖੁੱਲ੍ਹੇ ਅਤੇ ਦਫ਼ਤਰ ਸੁਚਾਰੂ ਢੰਗ ਨਾਲ ਕੰਮ ਕਰ ਰਹੇ ਹਨ ਹਾਲਾਤ ਲਗਭਗ ਆਮ ਹਨ। 8ਵੀਂ ਜਮਾਤ ਤੱਕ ਦੇ ਸਕੂਲ ਵੀ ਖੁੱਲ੍ਹ ਗਏ ਅਤੇ ਵਪਾਰਕ ਵਾਹਨ ਚੱਲ ਰਹੇ ਹਨ। ਸਮੁੱਚੀ ਸਥਿਤੀ ਆਮ ਹੈ ਅਤੇ ਕਿਤੇ ਵੀ ਕੋਈ ਅਣਸੁਖਾਵੀਂ ਘਟਨਾ ਦੀ ਰਿਪੋਰਟ ਨਹੀਂ ਹੈ।

# ਤਰਨਤਾਰਨ ਜ਼ਿਮਨੀ ਚੋਣ 'ਚ 'ਆਪ' ਨੇ ਹਰਮੀਤ ਸੰਧੂ ਨੂੰ ਐਲਾਨਿਆ ਉਮੀਦਵਾਰ



**ਚੰਡੀਗੜ੍ਹ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਤਰਨਤਾਰਨ ਵਿਧਾਨ ਸਭਾ ਸੀਟ 'ਤੇ ਹੋਣ ਵਾਲੀ ਜ਼ਿਮਨੀ ਚੋਣ ਲਈ ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ ਨੂੰ ਆਮ ਆਦਮੀ ਪਾਰਟੀ ਦੇ ਉਮੀਦਵਾਰ ਵਜੋਂ ਐਲਾਨਿਆ।

ਇਹ ਸੀਟ ਜੂਨ ਵਿੱਚ 'ਆਪ' ਵਿਧਾਇਕ ਕਸ਼ਮੀਰ ਸਿੰਘ ਸੋਹਲ ਦੇ ਦੇਹਾਂਤ ਤੋਂ ਬਾਅਦ ਖਾਲੀ ਹੋ ਗਈ ਸੀ। ਚੋਣ ਕਮਿਸ਼ਨ ਨੇ ਅਜੇ ਤੱਕ ਜ਼ਿਮਨੀ ਚੋਣ ਦੀ ਮਿਤੀ ਦਾ ਐਲਾਨ ਨਹੀਂ ਕੀਤਾ ਹੈ।

ਤਰਨ ਤਾਰਨ ਵਿੱਚ ਇੱਕ ਇਕੱਠ ਨੂੰ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਮਾਨ ਨੇ ਐਲਾਨ ਕੀਤਾ ਕਿ ਸੰਧੂ ਉਪ ਚੋਣ ਲਈ ਆਮ ਆਦਮੀ ਪਾਰਟੀ ਦੇ ਉਮੀਦਵਾਰ ਹੋਣਗੇ। ਮਾਨ ਪੇਂਡੂ ਲਿੰਕ ਸੜਕਾਂ ਦੇ ਨਿਰਮਾਣ ਲਈ ਇੱਕ ਪ੍ਰੋਜੈਕਟ ਦੇ ਉਦਘਾਟਨ ਲਈ ਤਰਨ ਤਾਰਨ ਵਿੱਚ ਸਨ।

# SDRF ਦਾ ਰੇੜਕਾ: ਕਿਸੇ ਇਕ ਰਾਜ ਲਈ ਮਾਪਦੰਡਾਂ 'ਚ ਫੇਰਬਦਲ ਨਹੀਂ ਕਰ ਸਕਦੇ: ਰਾਜਪਾਲ

**ਚੰਡੀਗੜ੍ਹ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਕੇਂਦਰ ਅਤੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵਿਚਕਾਰ ਸਟੇਟ ਡਿਜ਼ਾਸਟਰ ਰਿਸਪਾਂਸ ਫੰਡ ਦੀ ਵਰਤੋਂ ਦੇ ਨਿਯਮਾਂ ਨੂੰ ਲੈ ਕੇ ਚੱਲ ਰਹੇ ਵਿਵਾਦ ਦਰਮਿਆਨ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਫੰਡਾਂ ਨਾਲ ਸਬੰਧਤ ਮਾਪਦੰਡਾਂ ਵਿੱਚ ਸੋਧ ਦੀ ਪੰਜਾਬ ਸਰਕਾਰ ਦੀ ਮੰਗ ਨੂੰ ਰੱਦ ਕਰ ਦਿੱਤਾ ਹੈ। ਕਟਾਰੀਆ ਨੇ ਕਿਹਾ ਕਿ SDRF ਦੇ ਮਾਪਦੰਡ ਪੂਰੇ ਦੇਸ਼ ਲਈ ਨਿਰਧਾਰਿਤ ਹਨ ਅਤੇ ਕਿਸੇ ਇੱਕ ਰਾਜ ਲਈ ਇਨ੍ਹਾਂ ਵਿਚ ਫੇਰਬਦਲ ਨਹੀਂ ਕੀਤਾ ਜਾ ਸਕਦਾ।

ਰਾਜਪਾਲ ਨੇ ਜ਼ੋਰ ਦੇ ਕੇ ਕਿਹਾ ਕਿ ਨਿਯਮਾਂ ਵਿੱਚ ਕੋਈ ਵੀ ਸੋਧ ਕਿਸੇ ਇਕ ਰਾਜ ਦੇ ਕਹਿਣ 'ਤੇ ਨਹੀਂ ਬਲਕਿ ਸਮੂਹਿਕ ਫੈਸਲੇ ਦੇ ਆਧਾਰ 'ਤੇ ਕੀਤੀ ਜਾ ਸਕਦੀ ਹੈ। ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਹ ਵੀ ਦੁਹਰਾਇਆ ਕਿ ਪੰਜਾਬ ਸਰਕਾਰ ਕੋਲ ਰਾਹਤ ਅਤੇ ਮੁਆਵਜ਼ੇ ਲਈ SDRF ਵਿੱਚ 12000 ਕਰੋੜ ਰੁਪਏ ਉਪਲਬਧ ਹਨ।

ਰਾਜਪਾਲ ਦਾ ਇਹ ਬਿਆਨ ਸੂਬਾ ਸਰਕਾਰ ਵੱਲੋਂ ਨਿਯਮਾਂ ਵਿੱਚ ਸੋਧ ਦੀ ਮੰਗ ਦੇ ਮੱਦੇਨਜ਼ਰ ਆਇਆ ਹੈ, ਜਿਸ ਨਾਲ ਸੂਬੇ ਨੂੰ ਪਿਛਲੇ ਚਾਰ ਦਹਾਕਿਆਂ ਵਿੱਚ ਪੰਜਾਬ ਵਿੱਚ ਆਏ ਸਭ ਤੋਂ ਭਿਆਨਕ ਹੜ੍ਹਾਂ ਦੇ ਪੀੜਤਾਂ ਨੂੰ ਵੱਧ ਮੁਆਵਜ਼ਾ ਦੇਣ ਦੀ ਖੁੱਲ੍ਹ ਮਿਲ ਸਕੇ। ਕੇਂਦਰ ਸਰਕਾਰ ਦਾ ਕਹਿਣਾ ਹੈ ਕਿ ਸੂਬੇ ਕੋਲ ਕਾਫ਼ੀ ਫੰਡ ਹਨ ਜਦੋਂਕਿ ਸੂਬਾ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਕੋਲ SDRF ਵਿੱਚ ਸਿਰਫ਼ 6000 ਕਰੋੜ ਰੁਪਏ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰਕੇ ਪੰਜਾਬ ਵਿਚ ਹੜ੍ਹਾਂ ਕਰਕੇ 13,800 ਕਰੋੜ ਰੁਪਏ ਦੇ ਨੁਕਸਾਨ ਦਾ ਹਵਾਲਾ ਦਿੰਦੇ ਹੋਏ 20000 ਕਰੋੜ ਰੁਪਏ ਦੇ ਹੜ੍ਹ ਰਾਹਤ ਪੈਕੇਜ ਦੀ ਮੰਗ ਕੀਤੀ ਸੀ। ਸ਼ਾਹ ਨੇ ਹਾਲਾਂਕਿ ਕਿਹਾ ਸੀ ਕਿ ਸੂਬੇ ਕੋਲ SDRF ਵਿੱਚ 12000 ਕਰੋੜ ਰੁਪਏ ਪਏ ਹਨ।

# ਪਤੀ ਸੋਨਮ ਵਾਂਗਚੁਕ ਦੀ ਰਿਹਾਈ ਲਈ ਸੁਪਰੀਮ ਕੋਰਟ ਪੁੱਜੀ ਗੀਤਾਂਜਲੀ ਐਂਗਮੋ

**ਨਵੀਂ ਦਿੱਲੀ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਵਾਤਾਵਰਨ ਕਾਰਕੁਨ ਸੋਨਮ ਵਾਂਗਚੁੱਕ ਦੀ ਪਤਨੀ ਗੀਤਾਂਜਲੀ ਐਂਗਮੋ ਆਪਣੇ ਪਤੀ ਦੀ ਫੌਰੀ ਰਿਹਾਈ ਦੀ ਮੰਗ ਨੂੰ ਲੈ ਕੇ ਸੁਪਰੀਮ ਕੋਰਟ ਪਹੁੰਚ ਗਈ ਹੈ। ਵਾਂਗਚੁਕ ਨੂੰ ਕਥਿਤ ਭੜਕਾਊ ਭਾਸ਼ਣਾਂ' ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਲੱਦਾਖ ਵਿਚ ਹਾਲੀਆ ਹਿੰਸਾ ਮਗਰੋਂ ਐੱਨਐੱਸਏ ਤਹਿਤ ਗ੍ਰਿਫ਼ਤਾਰ ਕਰਕੇ ਰਾਜਸਥਾਨ ਦੀ ਜੋਧਪੁਰ ਜੇਲ੍ਹ ਵਿਚ ਰੱਖਿਆ ਗਿਆ ਹੈ।

ਐਂਗਮੋ ਨੇ ਵਕੀਲ ਸਰਵਮ ਰਿਤਮ ਖਰੇ ਰਾਹੀਂ ਦਾਇਰ ਆਪਣੀ ਪਟੀਸ਼ਨ ਵਿੱਚ ਵਾਂਗਚੁਕ ਦੀ ਨਜ਼ਰਬੰਦੀ ਨੂੰ ਚੁਣੌਤੀ ਦਿੱਤੀ ਹੈ, ਨਾਲ ਹੀ ਉਨ੍ਹਾਂ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ ਹੈ। ਪਟੀਸ਼ਨ ਵਿੱਚ ਵਾਂਗਚੁਕ ਵਿਰੁੱਧ ਐਨਐਸਏ ਦੀ ਵਰਤੋਂ ਕਰਨ ਦੇ ਫੈਸਲੇ 'ਤੇ ਵੀ ਸਵਾਲ ਉਠਾਏ ਗਏ ਹਨ।

ਐਂਗਮੋ ਨੇ ਦੋਸ਼ ਲਗਾਇਆ ਕਿ ਨਿਯਮਾਂ ਦੀ ਉਲੰਘਣਾ ਕਰਦੇ ਹੋਏ ਉਸ ਨੂੰ ਅਜੇ ਤੱਕ ਨਜ਼ਰਬੰਦੀ ਦੇ ਹੁਕਮਾਂ ਦੀ ਕਾਪੀ ਮੁਹੱਈਆ ਨਹੀਂ ਕਰਵਾਈ ਗਈ ਹੈ। ਇਸ ਤੋਂ ਇਲਾਵਾ ਹੁਣ ਤੱਕ ਉਸ ਦਾ ਆਪਣੇ ਪਤੀ ਵਾਂਗਚੁਕ ਨਾਲ ਕੋਈ ਸੰਪਰਕ ਨਹੀਂ ਹੋਇਆ ਹੈ।

# 'ਆਪਰੇਸ਼ਨ ਸਿੰਧੂਰ' ਪਿੱਛੇ ਸਪਸ਼ਟ ਉਦੇਸ਼ ਸੀ; ਪਾਕਿ ਦੇ ਚਾਰ-ਪੰਜ ਲੜਾਕੂ ਜਹਾਜ਼ ਤਬਾਹ ਕੀਤੇ: ਹਵਾਈ ਸੈਨਾ ਮੁਖੀ

**ਨਵੀਂ ਦਿੱਲੀ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਰਤੀ ਹਵਾਈ ਸੈਨਾ ਦੇ ਮੁਖੀ ਅਮਰ ਪ੍ਰੀਤ ਸਿੰਘ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਮਈ ਵਿਚ ਅਪਰੇਸ਼ਨ ਸਿੰਧੂਰ ਦੌਰਾਨ ਗੁਆਂਢੀ ਮੁਲਕ ਨਾਲ ਹੋਏ ਫੌਜੀ ਟਕਰਾਅ ਦੌਰਾਨ ਭਾਰਤ ਨੇ ਪਾਕਿਸਤਾਨ ਦੇ ਐੱਫ16 ਤੇ ਐੱਫ17 ਵਰਗ ਦੇ ਪੰਜ ਲੜਾਕੂ ਜਹਾਜ਼ ਤਬਾਹ ਕੀਤੇ ਸਨ। ਹਵਾਈ ਸੈਨਾ ਮੁਖੀ ਨੇ ਕਿਹਾ ਕਿ ਭਾਰਤੀ ਹਮਲੇ ਦੌਰਾਨ ਪਾਕਿਸਤਾਨ ਦੀ ਰਡਾਰ ਪ੍ਰਣਾਲੀ, ਕਮਾਂਡ ਤੇ ਕੰਟਰੋਲ ਸੈਂਟਰ, ਰਨਵੇਅ ਤੇ ਹੈਂਗਰ ਬੁਰੀ ਤਰ੍ਹਾਂ ਨੁਕਸਾਨੇ ਗਏ ਸਨ।

ਏਅਰ ਚੀਫ਼ ਮਾਰਸ਼ਲ ਨੇ ਕਿਹਾ ਕਿ ਭਾਰਤ ਨੇ ਆਪਰੇਸ਼ਨ ਸਿੰਧੂਰ ਇਕ ਸਪਸ਼ਟ ਉਦੇਸ਼ ਨਾਲ ਸ਼ੁਰੂ ਕੀਤਾ ਸੀ ਤੇ ਇਸ ਨੂੰ ਜਲਦੀ ਹੀ ਖਤਮ ਕਰ ਦਿੱਤਾ। ਉਨ੍ਹਾਂ ਕਿਹਾ ਕਿ ਕੁੱਲ ਆਲਮ ਭਾਰਤ ਤੋਂ ਟਕਰਾਅ ਖਤਮ ਕਰਨ ਬਾਰੇ ਸਬਕ ਸਿੱਖ ਸਕਦਾ ਹੈ। ਆਈਏਐੱਫ ਮੁਖੀ ਨੇ ਕਿਹਾ, "ਆਪ੍ਰੇਸ਼ਨ ਸਿੰਧੂਰ ਤਿੰਨਾਂ ਸੇਵਾਵਾਂ ਦੇ ਤਾਲਮੇਲ ਦਾ ਪ੍ਰਤੀਬਿੰਬ ਸੀ।"

ਉਨ੍ਹਾਂ ਕਿਹਾ, "ਅਸੀਂ ਭਾਰਤੀ ਹਵਾਈ ਸੈਨਾ ਦੀਆਂ ਸਮਰੱਥਾਵਾਂ ਨੂੰ ਵਧਾਉਣ ਲਈ ਰੋਡਮੈਪ ਤਿਆਰ ਕੀਤਾ ਹੈ। ਭਵਿੱਖ ਦੀਆਂ ਸੁਰੱਖਿਆ ਚੁਣੌਤੀਆਂ ਦਾ ਸਫਲਤਾਪੂਰਵਕ ਸਾਹਮਣਾ ਕਰਨ ਲਈ ਰੱਖਿਆ ਖੇਤਰ ਵਿੱਚ ਸਵੈ-ਨਿਰਭਰਤਾ ਮਹੱਤਵਪੂਰਨ ਹੈ। ਤਿੰਨਾਂ ਸੈਨਾਵਾਂ ਨੇ ਸੁਦਰਸ਼ਨ ਚੱਕਰ ਹਵਾਈ ਰੱਖਿਆ ਪ੍ਰਣਾਲੀ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ S-D ਹਵਾਈ ਰੱਖਿਆ ਪ੍ਰਣਾਲੀ ਨੇ ਵਧੀਆ ਪ੍ਰਦਰਸ਼ਨ ਕੀਤਾ ਹੈ, ਅਤੇ ਅਜਿਹੀਆਂ ਹੋਰ ਪ੍ਰਣਾਲੀਆਂ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਭਾਰਤੀ ਹਵਾਈ ਸੈਨਾ ਨੂੰ ਪ੍ਰਤੀ ਸਾਲ ਆਪਣੇ ਬੇੜੇ ਵਿੱਚ ਲਗਪਗ 30-40 ਜਹਾਜ਼ ਜੋੜਨ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਉੱਤਰੀ ਸਰਹੱਦ ਦੇ ਅੱਗੇ ਵਾਲੇ ਖੇਤਰਾਂ ਵਿੱਚ ਨਵੇਂ ਏਅਰਬੇਸ ਅਤੇ ਹੋਰ ਬੁਨਿਆਦੀ ਢਾਂਚਾ ਵਿਕਸਤ ਕੀਤਾ ਜਾ ਰਿਹਾ ਹੈ।

# ਜ਼ੂਬੀਨ ਗਰਗ ਮੌਤ ਮਾਮਲੇ ਵਿਚ ਸੰਗੀਤਕਾਰ ਤੇ ਗਾਇਕ ਗ੍ਰਿਫ਼ਤਾਰ, 14 ਦਿਨਾ ਪੁਲਿਸ ਰਿਮਾਂਡ 'ਤੇ ਭੇਜਿਆ

**ਗੁਹਾਟੀ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਗੁਹਾਟੀ ਪੁਲੀਸ ਨੇ ਜ਼ੂਬੀਨ ਗਰਗ ਦੀ ਮੌਤ ਮਾਮਲੇ ਵਿਚ ਵੀਰਵਾਰ ਨੂੰ ਗਾਇਕ ਦੇ ਦੋ ਬੈਂਡ ਮੈਂਬਰਾਂ ਸੰਗੀਤਕਾਰ ਸ਼ੇਖਰਜੋਤੀ ਗੋਸਵਾਮੀ ਤੇ ਗਾਇਕ ਅੰਮ੍ਰਿਤਪ੍ਰਭਾ ਮਹੰਤਾ ਨੂੰ ਗ੍ਰਿਫਤਾਰ ਕੀਤਾ ਹੈ। ਪੁਲੀਸ ਨੇ ਕਿਹਾ ਕਿ ਗਰਗ ਦੀ ਸਿੰਗਾਪੁਰ ਵਿਚ ਤੈਰਨ ਦੌਰਾਨ ਹੋਈ ਮੌਤ ਵੇਲੇ ਗੋਸਵਾਮੀ ਤੇ ਅਮ੍ਰਿਤਪ੍ਰਭਾ ਉਥੇ ਮੌਜੂਦ ਸਨ। ਦੋਵਾਂ ਨੂੰ ਵੀਰਵਾਰ ਨੂੰ ਪੁੱਛਗਿੱਛ ਲਈ ਸੱਦਿਆ ਗਿਆ ਸੀ ਤੇ ਮਗਰੋਂ ਗ੍ਰਿਫਤਾਰ ਕਰ ਲਿਆ ਗਿਆ। ਦੋਵਾਂ ਨੂੰ ਸਥਾਨਕ ਕੋਰਟ ਵਿਚ ਪੇਸ਼ ਕੀਤਾ ਜਿੱਥੋਂ ਇਨ੍ਹਾਂ ਨੂੰ 14 ਦਿਨਾ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਹੈ।

ਸੀਆਈਡੀ ਦੇ ਸਪੈਸ਼ਲ ਡੀਜੀਪੀ ਮੁੰਨਾ ਪ੍ਰਸਾਦ ਗੁਪਤਾ ਨੇ , "ਹੁਣ ਤੱਕ ਚਾਰ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਤੇ ਇਨ੍ਹਾਂ ਕੋਲੋਂ ਪੁੱਛ ਪੜਤਾਲ ਜਾਰੀ ਹੈ। ਹਾਲ ਦੀ ਘੜੀ ਮੈਂ ਕੁਝ ਵੀ ਸਾਂਝਾ ਨਹੀਂ ਕਰ ਸਕਦਾ।"

ਪੁਲੀਸ ਅਧਿਕਾਰੀ ਨੇ ਕਿਹਾ, "ਸਾਨੂੰ ਉਨ੍ਹਾਂ ਖਿਲਾਫ਼ ਕੁਝ ਸਬੂਤ ਮਿਲੇ ਹਨ। ਇਸ ਲਈ ਅਗਲੇਰੀ ਜਾਂਚ ਕਰਕੇ ਉਨ੍ਹਾਂ ਦੀ ਗ੍ਰਿਫਤਾਰੀ ਜ਼ਰੂਰੀ ਸੀ।" ਪੁਲੀਸ ਹੁਣ ਤੱਕ ਇਸ ਮਾਮਲੇ ਵਿਚ ਗਰਗ ਦੇ ਮੈਨੇਜਰ ਸਿਧਾਰਥ ਸ਼ਰਮਾ ਤੇ ਫੈਸਟੀਵਲ ਦੇ ਪ੍ਰਬੰਧਕ ਸ਼ਿਆਮਕਨੂ ਮਹੰਤਾ ਸਣੇ ਕੁੱਲ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ।

ਮਹੰਤਾ ਤੇ ਸ਼ਰਮਾ ਨੂੰ ਬੁੱਧਵਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਖਿਲਾਫ਼ ਭਾਰਤੀ ਨਿਆਂਏ ਸੰਹਿਤਾ ਦੀਆਂ ਵੱਖ ਵੱਖ ਧਾਰਾਵਾਂ ਤਹਿਤ ਦਰਜ ਕੇਸ ਵਿਚ ਗੈਰ-ਇਰਾਦਤਨ ਕਤਲ, ਅਪਰਾਧਿਕ ਸਾਜ਼ਿਸ਼ ਤੇ ਅਣਗਹਿਲੀ ਕਰਕੇ ਮੌਤ ਜਿਹੇ ਦੋਸ਼ ਲਾਏ ਗਏ ਹਨ। ਅਸਾਮ ਪੁਲੀਸ ਦੀ ਸੀਆਈਡੀ ਵਿਚ ਵਿਸ਼ੇਸ਼ ਡੀਜੀਪੀ ਮੁੰਨਾ ਪ੍ਰਸਾਦ ਗੁਪਤਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮਹੰਤ ਅਤੇ ਸ਼ਰਮਾ ਤੋਂ ਪੁੱਛਗਿੱਛ ਜਾਰੀ ਹੈ। ਦੋਵੇਂ ਇਸ ਵੇਲੇ 14 ਦਿਨਾ ਰਿਮਾਂਤ ਤਹਿਤ ਪੁਲੀਸ ਦੀ ਹਿਰਾਸਤ ਵਿਚ ਹਨ।

ਸ਼ਿਆਮਕਨੂ ਸਾਬਕਾ ਡੀਜੀਪੀ ਭਾਸਕਰ ਜੋਤੀ ਮਹੰਤ ਦਾ ਛੋਟਾ ਭਰਾ ਹੈ, ਜੋ ਇਸ ਸਮੇਂ ਅਸਾਮ ਰਾਜ ਸੂਚਨਾ ਕਮਿਸ਼ਨ ਦੇ ਮੁੱਖ ਸੂਚਨਾ ਕਮਿਸ਼ਨਰ ਹਨ। ਉਨ੍ਹਾਂ ਦੇ ਦੂਜੇ ਵੱਡੇ ਭਰਾ ਨਾਨੀ ਗੋਪਾਲ ਮਹੰਤ ਹਨ, ਜੋ ਗੁਹਾਟੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਬਣਨ ਤੋਂ ਪਹਿਲਾਂ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਦੇ ਸਿੱਖਿਆ ਸਲਾਹਕਾਰ ਸਨ।

## ਪਾਕਿ 'ਚ ਬੰਬ ਧਮਾਕਾ, 9 ਲੋਕਾਂ ਦੀ ਮੌਤ

**ਪੇਸ਼ਾਵਰ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ ਦੀ ਰਾਜਧਾਨੀ ਪੇਸ਼ਾਵਰ ਵਿੱਚ ਇੱਕ ਵੱਡਾ ਅੱਤਵਾਦੀ ਹਮਲਾ ਹੋਇਆ, ਜਿਸ ਵਿੱਚ 9 ਲੋਕਾਂ ਦੀ ਮੌਤ ਹੋ ਗਈ ਅਤੇ ਚਾਰ ਸੁਰੱਖਿਆ ਕਰਮਚਾਰੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਇਹ ਧਮਾਕਾ ਪੁਲਿਸ ਦੀ ਗੱਡੀ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ ਸੀ, ਜਿਸ ਤੋਂ ਪਤਾ ਚੱਲਦਾ ਹੈ ਕਿ ਇਹ ਇੱਕ ਸੋਚੀ-ਸਮਝੀ ਅੱਤਵਾਦੀ ਕਾਰਵਾਈ ਸੀ। ਇਹ ਘਟਨਾ ਅਜਿਹੇ ਸਮੇਂ ਵਾਪਰੀ ਹੈ ਜਦੋਂ ਪਾਕਿਸਤਾਨ ਦੇ ਕਈ ਇਲਾਕਿਆਂ, ਖਾਸ ਕਰਕੇ ਬਲੋਚਿਸਤਾਨ ਅਤੇ ਖੈਬਰ ਪਖਤੂਨਖਵਾ ਵਿੱਚ ਅੱਤਵਾਦੀ ਗਤੀਵਿਧੀਆਂ ਵਿੱਚ ਤੇਜ਼ੀ ਦੇਖੀ ਜਾ ਰਹੀ ਹੈ।

# ਪੁਤਿਨ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਕਿਹਾ 'ਬੁੱਧੀਮਾਨ ਨੇਤਾ'; ਭਾਰਤ-ਰੂਸ ਦੀ ਰਣਨੀਤਕ ਭਾਈਵਾਲੀ ਦੀ ਕੀਤੀ ਪੁਸ਼ਟੀ

**ਸੋਚੀ (ਰੂਸ), 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਨੂੰ 'ਬੁੱਧੀਮਾਨ ਨੇਤਾ' ਕਿਹਾ। ਰੂਸ ਟੂਡੇ ਦੇ ਅਨੁਸਾਰ ਉਨ੍ਹਾਂ ਕਿਹਾ ਕਿ ਪੀਐੱਮ ਮੋਦੀ ਸਭ ਤੋਂ ਪਹਿਲਾਂ ਆਪਣੇ ਦੇਸ਼ ਬਾਰੇ ਸੋਚਦੇ ਹਨ। ਪੁਤਿਨ ਸੋਚੀ ਵਿੱਚ ਵਾਲਦਾਈ ਡਿਸਕਸ਼ਨ ਕਲੱਬ ਦੇ ਪੂਰਨ ਸੈਸ਼ਨ ਵਿੱਚ ਬੋਲ ਰਹੇ ਸਨ ਅਤੇ ਉਨ੍ਹਾਂ ਨੇ ਦੱਸਿਆ ਕਿ ਭਾਰਤ ਅਤੇ ਰੂਸ ਦੋਵੇਂ ਖਾਸ ਸਬੰਧ ਸਾਂਝੇ ਕਰਦੇ ਹਨ।

ਰੂਸ ਟੂਡੇ ਦੇ ਹਵਾਲੇ ਨਾਲ ਪੁਤਿਨ ਨੇ ਕਿਹਾ, "ਭਾਰਤ ਦੇ ਲੋਕ ਇਸ ਨੂੰ ਨਹੀਂ ਭੁੱਲਦੇ ਅਤੇ ਮੈਨੂੰ ਲੱਗਦਾ ਹੈ ਕਿ ਸਾਡੇ ਸਬੰਧਾਂ ਨੂੰ ਵੀ ਨਹੀਂ ਭੁੱਲਦੇ। ਲਗਪਗ 15 ਸਾਲ ਪਹਿਲਾਂ ਅਸੀਂ ਇੱਕ ਵਿਸ਼ੇਸ਼ ਅਧਿਕਾਰ ਪ੍ਰਾਪਤ ਰਣਨੀਤਕ ਭਾਈਵਾਲੀ ਬਾਰੇ ਐਲਾਨ ਕੀਤਾ ਸੀ, ਅਤੇ ਇਹ ਸਭ ਤੋਂ ਵਧੀਆ ਵਰਣਨ ਹੈ। ਪ੍ਰਧਾਨ ਮੰਤਰੀ ਮੋਦੀ ਇੱਕ ਬਹੁਤ ਹੀ ਬੁੱਧੀਮਾਨ ਨੇਤਾ ਹਨ ਜੋ ਸਭ ਤੋਂ ਪਹਿਲਾਂ ਆਪਣੇ ਦੇਸ਼ ਬਾਰੇ ਸੋਚਦੇ ਹਨ।"

ਰਾਸ਼ਟਰਪਤੀ ਪੁਤਿਨ ਦੀ ਫੇਰੀ ਤੋਂ ਪਹਿਲਾਂ ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਦੇ ਵੀ ਸਿਖਰ ਸੰਮੇਲਨ ਦੀ ਤਿਆਰੀ ਅਤੇ ਦੁਵੱਲੇ ਮੁੱਦਿਆਂ 'ਤੇ ਚਰਚਾ ਕਰਨ ਲਈ ਭਾਰਤ ਆਉਣ ਦੀ ਉਮੀਦ ਹੈ।

27 ਸਤੰਬਰ ਨੂੰ ਸੰਯੁਕਤ ਰਾਸ਼ਟਰ ਮਹਾਸਭਾ (ਯੂਐੱਨਜੀਏ) ਦੇ 80ਵੇਂ ਸੈਸ਼ਨ ਵਿੱਚ ਲਾਵਰੋਵ ਨੇ ਐਲਾਨ ਕੀਤਾ ਕਿ ਰੂਸੀ ਰਾਸ਼ਟਰਪਤੀ ਦੀ ਦਸੰਬਰ ਵਿੱਚ ਨਵੀਂ ਦਿੱਲੀ ਵਿੱਚ ਫੇਰੀ ਦੀ ਯੋਜਨਾ ਹੈ, ਜੋ ਚੱਲ ਰਹੀ ਕੂਟਨੀਤਕ ਤਿਆਰੀਆਂ ਨੂੰ ਦਰਸਾਉਂਦੀ ਹੈ।

ਇਸ ਦੌਰਾਨ ਵਾਲਦਾਈ ਡਿਸਕਸ਼ਨ ਕਲੱਬ ਵਿੱਚ ਭਾਰਤੀ ਦਰਾਮਦਾਂ 'ਤੇ ਲਗਾਏ ਗਏ ਅਮਰੀਕੀ ਟੈਰਿਫ ਦੇ ਮੁੱਦੇ 'ਤੇ ਬੋਲਦਿਆਂ ਰਾਸ਼ਟਰਪਤੀ ਪੁਤਿਨ ਨੇ ਜ਼ੋਰ ਦਿੱਤਾ ਕਿ ਜੇ ਭਾਰਤ ਰੂਸੀ ਤੇਲ ਖਰੀਦਣਾ ਬੰਦ ਕਰ ਦਿੰਦਾ ਹੈ, ਤਾਂ ਇਸ ਨੂੰ 9 ਤੋਂ 10 ਅਰਬ ਅਮਰੀਕੀ ਡਾਲਰ ਦਾ ਆਰਥਿਕ ਨੁਕਸਾਨ ਹੋ ਸਕਦਾ ਹੈ। ਉਨ੍ਹਾਂ ਨੇ ਭਰੋਸਾ ਪ੍ਰਗਟਾਇਆ ਕਿ ਪੀਐੱਮ ਨਰਿੰਦਰ ਮੋਦੀ ਕਿਸੇ ਵੀ ਵਿਦੇਸ਼ੀ ਦਬਾਅ ਅੱਗੇ ਨਹੀਂ ਝੁਕਣਗੇ ਅਤੇ ਭਾਰਤ ਦੀ ਮਾਣ-ਮਰਿਆਦਾ ਅਤੇ ਰਣਨੀਤਕ ਖੁਦਮੁਖਤਿਆਰੀ ਦਾ ਵੀ ਸਮਰਥਨ ਕੀਤਾ।

ਪੁਤਿਨ ਦੀਆਂ ਇਹ ਟਿੱਪਣੀਆਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਦਿੱਤੇ ਭਾਸ਼ਣ ਦੇ ਦੋ ਹਫ਼ਤੇ ਬਾਅਦ ਆਈਆਂ ਹਨ, ਜਿਸ ਦੌਰਾਨ ਉਨ੍ਹਾਂ ਨੇ ਚੀਨ ਅਤੇ ਭਾਰਤ ਨੂੰ ਰੂਸੀ ਤੇਲ ਖਰੀਦਣਾ ਜਾਰੀ ਰੱਖ ਕੇ ਯੂਕਰੇਨ ਯੁੱਧ ਦੇ ਮੁੱਖ ਫੰਡ ਦੇਣ ਵਾਲੇ ਦੱਸਿਆ ਸੀ।

# ਅਨੰਦਪੁਰ ਸਾਹਿਬ 'ਚ ਹੋਵੇਗਾ ਵਿਧਾਨ ਸਭਾ ਦਾ ਸੈਸ਼ਨ !

**ਚੰਡੀਗੜ੍ਹ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350 ਸਾਲਾਂ ਸ਼ਤਾਬਦੀ ਸਮਾਗਮਾਂ ਨੂੰ ਸਮਰਪਿਤ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ 24 ਨਵੰਬਰ ਨੂੰ ਚੰਡੀਗੜ੍ਹ ਤੋਂ ਬਾਹਰ ਸੱਦਿਆ ਜਾ ਰਿਹਾ ਹੈ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇ ਸ਼ਹੀਦੀ ਸਮਾਗਮ ਮੁੱਖ ਤੌਰ 'ਤੇ 23 ਨਵੰਬਰ ਨੂੰ ਸ਼ੁਰੂ ਹੋ ਰਹੇ ਹਨ ਅਤੇ 24 ਨਵੰਬਰ ਨੂੰ ਸ਼ਹੀਦੀ ਦਿਹਾੜਾ ਹੈ। ਇਤਿਹਾਸ 'ਚ ਪਹਿਲੀ ਵਾਰ ਹੋਵੇਗਾ ਕਿ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਦਾ ਸੈਸ਼ਨ ਰਾਜਧਾਨੀ ਤੋਂ ਬਾਹਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੱਦਿਆ ਜਾ ਰਿਹਾ ਹੈ।

ਪੰਜਾਬ ਸਰਕਾਰ ਨੇ ਇਸ ਇਜਲਾਸ ਦੀ ਤਿਆਰੀ ਵਿੱਢ ਦਿੱਤੀ ਹੈ ਅਤੇ ਇਸ ਸਰਕਾਰੀ ਤਜਵੀਜ਼ 'ਤੇ ਮੰਥਨ ਲਈ ਮੀਟਿੰਗਾਂ ਦਾ ਦੌਰ ਚੱਲ ਰਿਹਾ ਹੈ। ਸੋਮਵਾਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਬਾਰੇ ਵਿਸ਼ੇਸ਼ ਮੀਟਿੰਗ ਸੱਦੀ ਹੈ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ 'ਪੰਜਾਬੀ ਟ੍ਰਿਬਿਊਨ' ਨੂੰ ਦੱਸਿਆ ਕਿ ਭਾਰਤੀ ਸੰਵਿਧਾਨ ਮੁਤਾਬਿਕ ਵਿਧਾਨ ਸਭਾ ਦਾ ਸੈਸ਼ਨ ਕਿਤੇ ਵੀ ਹੋ ਸਕਦਾ ਹੈ ਅਤੇ ਗਵਰਨਰ ਦੀ ਮਨਜ਼ੂਰੀ ਨਾਲ ਪੰਜਾਬ ਸਰਕਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ 24 ਨਵੰਬਰ ਨੂੰ ਬਾਬਾ ਜੀਵਨ ਸਿੰਘ ਯਾਦਗਾਰੀ ਪਾਰਕ ਵਿਖੇ ਇਹ ਇਜਲਾਸ ਸੱਦਣ ਦੀ ਤਿਆਰੀ 'ਚ ਹੈ। ਦੱਸਣਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ 5 ਅਕਤੂਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਾਬਾ ਜੀਵਨ ਸਿੰਘ ਯਾਦਗਾਰੀ ਪਾਰਕ ਦਾ ਉਦਘਾਟਨ ਕਰਨਗੇ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਕਰਨ ਲਈ ਇੱਕ ਮੀਟਿੰਗ ਮੁੱਖ ਮੰਤਰੀ ਭਗਵੰਤ ਮਾਨ ਨੇ ਸੋਮਵਾਰ ਨੂੰ ਬੁਲਾਈ ਹੈ ਜਿਸ 'ਚ ਸੈਸ਼ਨ ਦੀ ਰੂਪ ਰੇਖਾ ਤੈਅ ਕੀਤੀ ਜਾਵੇਗੀ।

# ਐਡਵੋਕੇਟ ਧਾਮੀ ਦੀ ਅਗਵਾਈ 'ਚ ਵਫ਼ਦ ਭਾਈ ਬਲਵੰਤ ਸਿੰਘ ਰਾਜੋਆਣਾ ਨਾਲ ਕਰੇਗਾ ਮੁਲਾਕਾਤ

**ਅੰਮ੍ਰਿਤਸਰ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਸ਼੍ਰੋਮਣੀ ਕਮੇਟੀ ਦਾ ਵਫ਼ਦ ਪਟਿਆਲਾ ਜੇਲ੍ਹ ਵਿਚ ਨਜ਼ਰਬੰਦ ਬੰਦੀ ਸਿੰਘ ਭਾਈ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਕਰੇਗਾ। ਮੁਲਾਕਾਤ ਲਈ ਸਮਾਂ ਦੇਣ ਵਾਸਤੇ ਸ਼੍ਰੋਮਣੀ ਕਮੇਟੀ ਸਕੱਤਰ ਵੱਲੋਂ ਏਡੀਜੀਪੀ ਜੇਲ੍ਹਾਂ ਨੂੰ ਪੱਤਰ ਲਿਖਿਆ ਗਿਆ ਹੈ। ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਜਾਰੀ ਬਿਆਨ ਵਿਚ ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਬੰਦੀ ਸਿੰਘ ਭਾਈ ਬਲਵੰਤ ਸਿੰਘ ਰਾਜੋਆਣਾ ਨਾਲ ਜਲਦ ਮੁਲਾਕਾਤ ਲਈ ਏਡੀਜੀਪੀ ਨੂੰ ਪੱਤਰ ਲਿਖ ਕੇ ਸਮਾਂ ਮੰਗਿਆ ਗਿਆ ਹੈ।

# ਕ੍ਰਿਕਟਰ ਅਭਿਸ਼ੇਕ ਸ਼ਰਮਾ ਦੀ ਭੈਣ ਦਾ ਅੱਜ, ਮੁੱਖ ਮੰਤਰੀ ਹੋਣਗੇ ਸ਼ਾਮਲ

## ਲੁਧਿਆਣਾ ਦੇ ਹੌਜ਼ਰੀ ਕਾਰੋਬਾਰੀ ਦੇ ਨਾਲ ਹੋ ਰਿਹਾ ਹੈ ਅਭਿਸ਼ੇਕ ਦੀ ਭੈਣ ਕੋਮਲ ਸ਼ਰਮਾ ਦਾ ਵਿਆਹ



**ਲੁਧਿਆਣਾ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕ੍ਰਿਕਟਰ ਅਭਿਸ਼ੇਕ ਸ਼ਰਮਾ ਦੀ ਭੈਣ ਕੋਮਲ ਸ਼ਰਮਾ ਦਾ ਵਿਆਹ ਲੁਧਿਆਣਾ ਦੇ ਹੌਜ਼ਰੀ ਕਾਰੋਬਾਰੀ ਲਵਿਸ਼ ਓਬਰਾਏ ਦੇ ਨਾਲ ਹੋਣ ਜਾ ਰਿਹਾ ਹੈ। ਇਸ ਵਿਆਹ ਦੇ ਲਈ ਅੱਜ ਲਵਿਸ਼ ਓਬਰਾਏ ਅੱਜ ਲੁਧਿਆਣਾ ਤੋਂ ਅੰਮ੍ਰਿਤਸਰ ਬਾਰਾਤ ਲੈ ਕੇ ਰਵਾਨਾ ਹੋਏ। ਸਵੇਰੇ ਸਵੇਰੇ ਵਿਆਹ ਦੀਆਂ ਸਾਰੀਆਂ ਰਸਮਾਂ ਉਨ੍ਹਾਂ ਦੇ ਘਰ ਵਿੱਚ ਕੀਤੀਆਂ ਗਈਆਂ।

ਜਾਣਕਾਰੀ ਅਨੁਸਾਰ ਇਸ ਵਿਆਹ ਵਿੱਚ ਕ੍ਰਿਕਟਰ ਅਭਿਸ਼ੇਕ ਸ਼ਰਮਾ ਨਹੀਂ ਪਹੁੰਚਣਗੇ। ਵਿਆਹ ਸਮਾਗਮ ਵਿੱਚ ਮੁੱਖ ਮਹਿਮਾਨ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਵੀ ਸ਼ਾਮਲ ਹੋਣ ਜਾ ਰਹੇ ਹਨ। ਮਾਡਲ ਟਾਉਣ ਵਿੱਚ ਲਵਿਸ਼ ਨੇ ਦੱਸਿਆ ਕਿ ਕਾਨਪੁਰ ਵਿੱਚ ਪਰੈਕਟਿਸ 'ਤੇ ਹੋਣ ਕਾਰਨ ਅਭਿਸ਼ੇਕ ਸ਼ਰਮਾ ਵਿਆਹ ਸਮਾਗਮ ਵਿੱਚ ਸ਼ਾਮਲ ਨਹੀਂ ਹੋਵੇਗਾ। ਇਸ ਤੋਂ ਪਹਿਲਾਂ ਲੁਧਿਆਣਾ ਵਿੱਚ ਸ਼ਗਨ ਸਮਾਗਮ ਵਿੱਚ ਕ੍ਰਿਕਟਰ ਅਭਿਸ਼ੇਕ ਸ਼ਰਮਾ ਭਾਰਤੀ ਟੀਮ ਦੇ ਸਾਬਕਾ ਖਿਡਾਰੀ ਯੁਵਰਾਜ ਸਿੰਘ ਸਮੇਤ ਲੁਧਿਆਣਾ ਪੁੱਜੇ ਸਨ।

ਦੱਸ ਦਈਏ ਕਿ ਲੁਧਿਆਣਾ ਦੇ ਲਵਿਸ਼ ਓਬਰਾਏ ਤੇ ਕੋਮਲ ਸ਼ਰਮਾ ਦੋਵੇਂ ਕਰੀਬ ਚਾਰ ਸਾਲ ਪਹਿਲਾਂ ਵਿਆਹ ਸਮਾਗਮ ਦੌਰਾਨ ਚਾਰ ਸਾਲ ਪਹਿਲਾਂ ਅੰਮ੍ਰਿਤਸਰ ਵਿੱਚ ਮਿਲੇ ਸਨ, ਜਿਥੇ ਦੋਵਾਂ ਵਿੱਚ ਜਾਣ ਪਹਿਚਾਣ ਹੋਈ ਸੀ। ਜਿਸ ਤੋਂ ਬਾਅਦ ਦੋਹਾਂ ਨੇ ਆਪਣੇ ਪਰਿਵਾਰਾਂ ਨੂੰ ਵਿਆਹ ਲਈ ਮਨਾਇਆ। ਲਵਿਸ਼ ਦਾ ਪਰਿਵਾਰ ਗੁਰੂ ਸਿੱਖ ਪਰਿਵਾਰ ਹੈ। ਜਿਨ੍ਹਾਂ ਦਾ ਹੌਜ਼ਰੀ ਤੇ ਅਕਾਲ ਗੜ੍ਹ ਮਾਰਕੀਟ ਵਿੱਚ ਰੇਡੀਮੇਡ ਦਾ ਕਾਰੋਬਾਰ ਹੈ। ਕੋਮਲ ਤੇ ਲਵਿਸ਼ ਦੇ ਵਿਆਹ ਦੀਆਂ ਰਸਮਾਂ ਸਿੱਖ ਧਰਮ ਦੇ ਅਨੁਸਾਰ ਹੋ ਰਹੀਆਂ ਹਨ।

# ਆਨਲਾਇਨ ਗੇਮਿੰਗ ਦੌਰਾਨ ਮੇਰੀ ਧੀ ਤੋਂ ਮੰਗੀਆਂ ਸਨ ਇਤਰਾਜ਼ਯੋਗ ਤਸਵੀਰਾਂ: ਬਾਲੀਵੁੱਡ ਅਦਾਕਾਰ ਅਕਸ਼ੇ ਕੁਮਾਰ

## ਬਾਲੀਵੁੱਡ ਅਦਾਕਾਰ ਅਕਸ਼ੇ ਕੁਮਾਰ ਨੇ ਆਨਲਾਈਨ ਗੇਮਿੰਗ ਦੌਰਾਨ ਧੀ ਨਾਲ ਵਾਪਰੀ ਪਰੇਸ਼ਾਨ ਕਰਨ ਵਾਲੀ ਘਟਨਾ ਦਾ ਖੁਲਾਸਾ ਕੀਤਾ; ਸਾਈਬਰ ਸੁਰੱਖਿਆ ਬਾਰੇ ਚਿੰਤਾਵਾਂ ਦਾ ਮੁੱਦਾ ਚੁੱਕਿਆ

**ਮੁੰਬਈ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਬਾਲੀਵੁੱਡ ਅਦਾਕਾਰ ਅਕਸ਼ੇ ਕੁਮਾਰ ਨੇ ਸ਼ੁੱਕਰਵਾਰ ਨੂੰ ਇੱਕ ਪ੍ਰੇਸ਼ਾਨ ਕਰਨ ਵਾਲੀ ਅਸਲ-ਜੀਵਨ ਘਟਨਾ ਸਾਂਝੀ ਕੀਤੀ ਜੋ ਉਨ੍ਹਾਂ ਦੀ 13 ਸਾਲਾ ਧੀ ਦੇ ਇੱਕ ਵੀਡੀਓ ਗੇਮ ਖੇਡਣ ਨਾਲ ਸਬੰਧਤ ਸੀ। ਉਨ੍ਹਾਂ ਜੋ ਬੱਚਿਆਂ ਵਿੱਚ ਸਾਈਬਰ ਅਪਰਾਧ ਦੇ ਵਧਦੇ ਖ਼ਤਰੇ ਨੂੰ ਉਜਾਗਰ ਕਰਨ ਦੇ ਮੱਦੇਨਜ਼ਰ ਇਹ ਘਟਨਾ ਸਾਂਝੀ ਕੀਤੀ।

ਅਦਾਕਾਰ ਨੇ ਯਾਦ ਕੀਤਾ ਕਿ ਕੁਝ ਮਹੀਨੇ ਪਹਿਲਾਂ ਉਨ੍ਹਾਂ ਦੀ ਧੀ ਨੂੰ, ਇੱਕ ਆਨਲਾਈਨ ਵੀਡੀਓ ਗੇਮ ਖੇਡਦੇ ਸਮੇਂ, ਇੱਕ ਅਣਜਾਣ ਵਿਅਕਤੀ ਵੱਲੋਂ ਪਹੁੰਚ ਕੀਤੀ ਗਈ ਸੀ ਜਿਸ ਨੇ ਉਸ ਨੂੰ ਆਪਣੀਆਂ ਇਤਰਾਜ਼ਯੋਗ ਤਸਵੀਰਾਂ ਭੇਜਣ ਲਈ ਕਿਹਾ ਸੀ।

ਬਾਲੀਵੁੱਡ ਅਦਾਕਾਰ ਨੇ ਅੱਜ ਮੁੰਬਈ ਵਿੱਚ ਸਟੇਟ ਪੁਲੀਸ ਹੈੱਡਕੁਆਰਟਰ ਵਿਖੇ ਆਯੋਜਿਤ ਸਾਈਬਰ ਜਾਗਰੂਕਤਾ ਮਹੀਨਾ 2025 ਦੇ ਉਦਘਾਟਨੀ ਸਮਾਰੋਹ ਵਿੱਚ ਆਪਣੇ ਸੰਬੋਧਨ ਵਿੱਚ ਇਸ ਤਜਰਬੇ ਦਾ ਜ਼ਿਕਰ ਕੀਤਾ। ਅਕਸ਼ੇ ਨੇ ਕਿਹਾ, "ਮੈਂ ਤੁਹਾਨੂੰ ਸਾਰਿਆਂ ਨੂੰ ਇੱਕ ਛੋਟੀ ਜਿਹੀ ਘਟਨਾ ਦੱਸਣਾ ਚਾਹੁੰਦਾ ਹਾਂ ਜੋ ਕੁਝ ਮਹੀਨੇ ਪਹਿਲਾਂ ਮੇਰੇ ਘਰ ਵਾਪਰੀ ਸੀ। ਮੇਰੀ ਧੀ ਇੱਕ ਵੀਡੀਓ ਗੇਮ ਖੇਡ ਰਹੀ ਸੀ, ਅਤੇ ਕੁਝ ਵੀਡੀਓ ਗੇਮਾਂ ਅਜਿਹੀਆਂ ਹਨ ਜੋ ਤੁਸੀਂ ਕਿਸੇ ਨਾਲ ਖੇਡ ਸਕਦੇ ਹੋ। ਤੁਸੀਂ ਇੱਕ ਅਣਜਾਣ ਵਿਅਕਤੀ ਨਾਲ ਖੇਡ ਰਹੇ ਹੋ।"

ਅਕਸ਼ੇ ਨੇ ਦੱਸਿਆ, ਜਦੋਂ ਤੁਸੀਂ ਖੇਡ ਰਹੇ ਹੁੰਦੇ ਹੋ, ਤਾਂ ਕਈ ਵਾਰ ਉੱਥੋਂ ਇੱਕ ਸੁਨੇਹਾ ਆਉਂਦਾ ਹੈ... ਫਿਰ ਇੱਕ ਸੁਨੇਹਾ ਆਇਆ, ਕੀ ਤੁਸੀਂ ਮਰਦ ਹੋ ਜਾਂ ਔਰਤ ਤਾਂ ਉਸਨੇ ਜਵਾਬ ਦਿੱਤਾ ਔਰਤ। ਅਤੇ ਫਿਰ ਉਸ ਨੇ ਇੱਕ ਸੁਨੇਹਾ ਭੇਜਿਆ। ਕੀ ਤੁਸੀਂ ਮੈਨੂੰ ਆਪਣੀਆਂ ਤਸਵੀਰਾਂ(ਬਿਨਾਂ ਕੱਪੜਿਆਂ ਤੋਂ) ਭੇਜ ਸਕਦੇ ਹੋ ? ਉਹ ਮੇਰੀ ਧੀ ਸੀ। ਉਸ ਨੇ ਸਭ ਕੁਝ ਬੰਦ ਕਰ ਦਿੱਤਾ ਅਤੇ ਜਾ ਕੇ ਮੇਰੀ ਪਤਨੀ ਨੂੰ ਦੱਸਿਆ। ਇਸ ਤਰ੍ਹਾਂ ਚੀਜ਼ਾਂ ਸ਼ੁਰੂ ਹੁੰਦੀਆਂ ਹਨ। ਇਹ ਵੀ ਸਾਈਬਰ ਅਪਰਾਧ ਦਾ ਇੱਕ ਹਿੱਸਾ ਹੈ... ਮੈਂ ਮੁੱਖ ਮੰਤਰੀ ਨੂੰ ਬੇਨਤੀ ਕਰਾਂਗਾ ਕਿ ਸਾਡੇ ਮਹਾਰਾਸ਼ਟਰ ਰਾਜ ਵਿੱਚ, ਹਰ ਹਫ਼ਤੇ ਸੱਤਵੀਂ, ਅੱਠਵੀਂ, ਨੌਵੀਂ ਅਤੇ ਦਸਵੀਂ ਕਲਾਸ ਵਿੱਚ, ਇੱਕ ਸਾਈਬਰ ਪੀਰੀਅਡ ਹੋਣਾ ਚਾਹੀਦਾ ਹੈ ਜਿੱਥੇ ਬੱਚਿਆਂ ਨੂੰ ਇਸ ਬਾਰੇ ਸਮਝਾਇਆ ਜਾਵੇ। ਤੁਸੀਂ ਸਾਰੇ ਜਾਣਦੇ ਹੋ ਕਿ ਇਹ ਅਪਰਾਧ ਗਲੀ ਦੇ ਅਪਰਾਧ ਨਾਲੋਂ ਵੱਡਾ ਹੁੰਦਾ ਜਾ ਰਿਹਾ ਹੈ। ਇਸ ਅਪਰਾਧ ਨੂੰ ਰੋਕਣਾ ਬਹੁਤ ਜ਼ਰੂਰੀ ਹੈ..

'ਵੈਲਕਮ' ਸਟਾਰ ਨੇ ਸਰਕਾਰ ਨੂੰ ਸਕੂਲੀ ਵਿਦਿਆਰਥੀਆਂ (7ਵੀਂ-10ਵੀਂ) ਲਈ ਸਾਈਬਰ ਸਿੱਖਿਆ ਨੂੰ ਹਫ਼ਤਾਵਾਰੀ ਵਿਸ਼ੇ ਵਜੋਂ ਸ਼ਾਮਲ ਕਰਨ ਦੀ ਅਪੀਲ ਵੀ ਕੀਤੀ, ਤਾਂ ਜੋ ਉਹ ਤੇਜ਼ੀ ਨਾਲ ਬਦਲ ਰਹੇ ਡਿਜੀਟਲ ਖੇਤਰ ਵਿੱਚ ਸੁਰੱਖਿਅਤ ਅਤੇ ਸੂਚਿਤ ਰਹਿ ਸਕਣ।

ਅਕਸ਼ੇ ਇਸ ਸਮਾਗਮ ਵਿੱਚ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ, ਡਾਇਰੈਕਟਰ ਜਨਰਲ ਆਫ਼ ਪੁਲੀਸ (ਮਹਾਰਾਸ਼ਟਰ ਰਾਜ) ਰਸ਼ਮੀ ਸ਼ੁਕਲਾ, ਇਕਬਾਲ ਸਿੰਘ ਚਾਹਲ (ਆਈਪੀਐੱਸ) ਅਤੇ ਰਾਣੀ ਮੁਖਰਜੀ ਸਮੇਤ ਹੋਰਨਾਂ ਨਾਲ ਸ਼ਾਮਲ ਹੋਏ।

# ਔਰਤਾਂ ਦਾ ਅਪਮਾਨ ਕਰਨ ਵਾਲੇ ਮੰਤਰੀ ਤੋਂ ਮੁੱਖ ਮੰਤਰੀ ਲੈਣ ਤੁਰੰਤ ਅਸਤੀਫਾ : ਖਨੌੜਾ

**ਪਟਿਆਲਾ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੀ ਮਹਿਲਾ ਵਿੰਗ ਦੀ ਆਗੂ ਤੇ ਜ਼ਿਲਾ ਯੋਜਨਾ ਕਮੇਟੀ ਦੀ ਮੌਜੂਦਾ ਮੈਂਬਰ ਸ਼ਵੇਤਾ ਜਿੰਦਲ ਵਲੋਂ ਸਿਹਤ ਮੰਤਰੀ 'ਤੇ ਜਿਣਸੀ ਸੋਸ਼ਣ ਦੇ ਲਾਏ ਗਏ ਦੋਸ਼ਾਂ ਸੰਬੰਧੀ ਗੱਲਬਾਤ ਕਰਦੇ ਹੋਏ ਕਾਂਗਰਸ ਪਾਰਟੀ ਦੇ ਜ਼ਿਲਾ ਦਿਹਾਤੀ ਪ੍ਰਧਾਨ ਮਹੰਤ ਹਰਵਿੰਦਰ ਖਨੌੜਾ ਨੇ ਕਿਹਾ ਕਿ ਔਰਤਾਂ ਦਾ ਅਪਮਾਨ ਕਰਨ ਵਾਲੇ ਮੰਤਰੀ ਤੋਂ ਤੁਰੰਤ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅਸਤੀਫਾ ਲੈਣਾ ਚਾਹੀਦਾ ਹੈ ਕਿਉਂਕਿ ਔਰਤਾਂ ਵੀ ਅੱਜ ਕਿਸੇ ਕੰਮ ਪੱਖੋਂ ਘੱਟ ਨਹੀਂ ਹਨ। ਜਿਹੜੀ ਔਰਤ ਨੇ ਪਾਰਟੀ ਦੀ ਮਜਬੂਤੀ ਲਈ ਦਿਨ ਰਾਤ ਇਕ ਕੀਤਾ ਹੋਵੇ, ਉਸੇ ਔਰਤ ਸੰਬੰਧੀ ਮੌਜੂਦਾ ਮੰਤਰੀ ਤੇ ਉਸ ਦੇ ਪੁੱਤਰ ਦੀ ਦੀ ਸੋੜੀ ਸੋਚ ਸੰਬੰਧੀ ਉਜਾਗਰ ਕੀਤੇ ਖੁਲਾਸਿਆਂ ਨੇ ਮੌਜੂਦਾ ਸਰਕਾਰ ਪ੍ਰਤੀ ਔਰਤਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਇਹ ਪਹਿਲੀ ਸਰਕਾਰ ਹੈ, ਜਿਸ ਵਿਚ ਔਰਤਾਂ ਵੀ ਸੁਰੱਖਿਅਤ ਨਹੀਂ ਅਤੇ ਇਸੇ ਹਲਕੇ ਤੋਂ ਕੁੱਝ ਸਮਾਂ ਪਹਿਲਾਂ ਵੀ ਇਕ ਔਰਤ ਨੂੰ ਧੱਕੇ ਨਾਲ ਪਾਰਟੀ ਵਿਚੋਂ ਕੱਢਿਆ ਗਿਆ ਹੈ। ਉਸੇ ਤਰ੍ਹਾਂ ਇਸ ਨੂੰ ਵੀ ਪਾਰਟੀ ਵਿਚੋਂ ਕੱਢ ਕੇ ਆਮ ਆਦਮੀ ਪਾਰਟੀ ਨੇ ਇਹ ਸਾਬਤ ਕਰ ਦਿੱਤਾ ਕਿ ਇਨ੍ਹਾਂ ਨੂੰ ਪੰਜਾਬ ਦੀਆਂ ਔਰਤਾਂ ਦੀ ਪਾਰਟੀ ਵਿਚ ਕੋਈ ਜ਼ਰੂਰਤ ਨਹੀਂ, ਜਿਸ ਕਰਕੇ ਇਹ ਲਗਾਤਾਰ ਸਰਕਾਰ ਵਿਚ ਔਰਤਾਂ ਦਾ ਨਿਰਾਦਰ ਕੀਤਾ ਜਾ ਰਿਹਾ ਹੈ। ਮਹੰਤ ਖਨੌੜਾ ਨੇ ਕਿਹਾ ਕਿ ਪੰਜਾਬ ਦੀਆਂ ਔਰਤਾਂ ਨੂੰ ਅਜਿਹੇ ਮੰਤਰੀ ਖਿਲਾਫ ਰੋਹ ਪ੍ਰਚੰਡ ਕਰਨਾ ਚਾਹੀਦਾ ਹੈ ਤਾਂ ਜੋ ਪੀੜ੍ਹਤ ਮਹਿਲਾ ਨੂੰ ਇਨਸਾਫ ਮਿਲ ਸਕੇ। ਉਨ੍ਹਾਂ ਕਿਹਾ ਕਿ ਔਰਤ ਵਲੋਂ ਕੀਤੇ ਗਏ ਖੁਲਾਸਿਆਂ ਦਾ ਅਸਰ ਉਸ ਦੇ ਬੱਚਿਆਂ 'ਤੇ ਵੀ ਪਵੇਗਾ। ਉਨ੍ਹਾਂ ਕਿਹਾ ਕਿ ਪੀੜ੍ਹਤ ਔਰਤ ਦੇ ਹੱਕ ਵਿਚ ਕਾਂਗਰਸ ਡਟ ਕੇ ਖੜੇਗੀ ਤਾਂ ਜੋ ਭਵਿੱਖ ਵਿਚ ਆਮ ਆਦਮੀ ਪਾਰਟੀ ਵਿਚ ਕੰਮ ਕਰ ਰਹੀਆਂ ਔਰਤਾਂ ਨਾਲ ਅਜਿਹਾ ਕੁੱਝ ਨਾ ਵਾਪਰ ਸਕੇ। ਉਨ੍ਹਾਂ ਕਿਹਾ ਕਿ ਜੇਕਰ ਪਾਰਟੀ ਵਿਚ ਔਰਤਾਂ ਦੀ ਕਮਾਂਡ ਕਰਨ ਵਾਲੀ ਮਹਿਲਾ ਲੀਡਰ ਦੀ ਪ੍ਰਸ਼ਾਸਨ ਵਿਚ ਸੁਣਵਾਈ ਨਹੀਂ ਹੋਵੇਗੀ ਤਾਂ ਉਸ ਨੂੰ ਆਪਣੀ ਸੁਣਵਾਈ ਕਰਵਾਉਣ ਲਈ ਅਦਾਲਤ ਦਾ ਦਰਵਾਜਾ ਖੜਕਾਉਣ ਲਈ ਮਜਬੂਰ ਹੋਣਾ ਪਿਆ ਹੈ। ਇਸ ਮਾਮਲੇ ਦੀ ਰਿਟਾਇਰ ਜੱਜ ਦੇ ਅਧੀਨ ਕਮੇਟੀ ਬਣਾ ਕੇ ਉਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਪੀੜ੍ਹਤ ਔਰਤ ਨੂੰ ਇਨਸਾਫ ਮਿਲ ਸਕੇ। ਉਨ੍ਹਾਂ ਕਿਹਾ ਕਿ ਮਹਿਲਾ ਆਗੂ ਸ਼ਵੇਤਾ ਜਿੰਦਲ ਨੇ ਮੀਡੀਆ ਵਿਚ ਸਾਫ ਤੌਰ 'ਤੇ ਅੱਗੇ ਹੋ ਕੇ ਸਿਹਤ ਮੰਤਰੀ ਵਲੋਂ ਕੀਤੀਆਂ ਗਤੀਵਿਧੀਆਂ ਸੰਬੰਧੀ ਹੋਰਨਾਂ ਔਰਤਾਂ ਨੂੰ ਵੀ ਚਾਨਣਾ ਪਾ ਕੇ ਅਜਿਹੇ ਆਗੂ ਤੋਂ ਦੂਰ ਰਹਿਣ ਦਾ ਸੁਨੇਹਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਲਕੇ ਦੇ ਵਿਧਾਇਕ ਦੀ ਸਪੋਟ ਲਈ ਜਿਹੜੀ ਔਰਤ ਨੇ ਚੋਣਾਂ ਦੌਰਾਨ ਮਦਦ ਕੀਤੀ ਹੋਵੇ, ਉਸ ਔਰਤ ਨਾਲ ਅਜਿਹਾ ਵਤੀਰਾ ਕੋਈ ਸਰਕਾਰ ਦਾ ਮੰਤਰੀ ਕਰੇ, ਉਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਜਲਦੀ ਹੀ ਇਸ ਸੰਬੰਧੀ ਕਾਂਗਰਸ ਵਲੋਂ ਰਣਨੀਤੀ ਤਿਆਰ ਕਰਕੇ ਪਾਰਟੀ ਹਾਈਕਮਾਂਡ ਅੱਗੇ ਇਸ ਮਸਲੇ 'ਤੇ ਮੌਜੂਦਾ ਸਿਹਤ ਮੰਤਰੀ ਖਿਲਾਫ ਮੋਰਚਾਬੰਦੀ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

ਕੌਮੀ ਪੱਤ੍ਰਿਕਾ

## ਸੰਪਾਦਕੀ

### ਹਰਿਆਣਾ 'ਚ ਪ੍ਰਾਇਮਰੀ ਸਕੂਲ ਦੇ ਵਿਦਿਆਰਥੀ ਨਾਲ ਵਧੀਕੀ

ਬੀਤੇ ਦਿਨੀਂ ਪਾਣੀਪਤ (ਹਰਿਆਣਾ) ਦੀ ਹੈਰਾਨ ਕਰਨ ਵਾਲੀ ਘਟਨਾ, ਜਿੱਥੇ ਸੱਤ ਸਾਲ ਦੇ ਮੁੰਡੇ ਨੂੰ ਉਸ ਦੇ ਅਧਿਆਪਕ ਨੇ ਉਲਟਾ ਲਟਕਾ ਦਿੱਤਾ, ਕੋਈ ਅਪਵਾਦ ਨਹੀਂ ਹੈ, ਸਗੋਂ ਭਾਰਤੀ ਸਕੂਲਾਂ ਵਿੱਚ ਬੇਰਹਿਮੀ ਦੇ ਪ੍ਰੇਸ਼ਾਨ ਕਰਨ ਵਾਲੇ ਰੁਝਾਨ ਦਾ ਹਿੱਸਾ ਹੈ। ਦੂਜੀ ਜਮਾਤ ਦੇ ਵਿਦਿਆਰਥੀ ਨੂੰ ਕਥਿਤ ਤੌਰ 'ਤੇ ਘਰੋਂ ਸਕੂਲ ਦਾ ਕੰਮ ਨਾ ਕਰ ਕੇ ਆਉਣ 'ਤੇ ਇਹ ਅਣਮਨੁੱਖੀ ਸਜ਼ਾ ਦਿੱਤੀ ਗਈ ਸੀ। ਵੀਡੀਓ ਵਿੱਚ ਕੈਦ ਹੋਈ ਇਸ ਕਾਰਵਾਈ 'ਚ ਬੱਚਾ ਬੇਵਸੀ ਨਾਲ ਲਟਕਦਾ ਦਿਖਾਈ ਦਿੰਦਾ ਹੈ ਜਦੋਂਕਿ ਉਸ ਦੇ ਜਮਾਤੀ ਦੇਖ ਰਹੇ ਹਨ- ਇਹ ਅਜਿਹਾ ਦ੍ਰਿਸ਼ ਹੈ ਜਿਸ ਤੋਂ ਰੋਹ ਪੈਦਾ ਹੋਣਾ ਜਾਇਜ਼ ਹੈ। ਘਟਨਾ ਭਾਵੇਂ ਅਗਸਤ ਵਿੱਚ ਵਾਪਰੀ ਸੀ, ਪਰ ਇਹ ਹਾਲ ਹੀ ਵਿੱਚ ਸਾਹਮਣੇ ਆਈ ਹੈ, ਜਿਸ ਨਾਲ ਇਹ ਸਵਾਲ ਖੜ੍ਹੇ ਹੋਏ ਹਨ ਕਿ ਸਕੂਲ ਪ੍ਰਬੰਧਕਾਂ ਅਤੇ ਸਥਾਨਕ ਅਧਿਕਾਰੀਆਂ ਨੇ ਚੁੱਪ ਕਿਉਂ ਵੱਟੀ ਰੱਖੀ।

ਇਕੱਲੇ ਸਤੰਬਰ ਵਿੱਚ ਹੀ ਅਜਿਹੇ ਕਈ ਮਾਮਲੇ ਸਾਹਮਣੇ ਆਏ ਹਨ। ਛੱਤੀਸਗੜ੍ਹ ਵਿੱਚ ਇੱਕ ਲੜਕੀ ਨੂੰ 100 ਬੈਠਕਾਂ ਕੱਢਣ ਲਈ ਮਜਬੂਰ ਕੀਤਾ ਗਿਆ ਅਤੇ ਇੰਨਾ ਜਿ ?ਆਦਾ ਕੁੱਟਿਆ ਗਿਆ ਕਿ ਉਹ ਤੁਰ ਵੀ ਨਹੀਂ ਸਕੀ। ਨਾਗਪੁਰ ਵਿੱਚ ਪੰਜਵੀਂ ਜਮਾਤ ਦੀਆਂ ਦੋ ਲੜਕੀਆਂ ਨੂੰ ਕੂੜਾ ਚੁੱਕਣ ਤੋਂ ਇਨਕਾਰ ਕਰਨ 'ਤੇ ਡੰਡੇ ਨਾਲ ਕੁੱਟਿਆ ਗਿਆ। ਵਿਸ਼ਾਖਾਪਟਨਮ ਵਿੱਚ ਪ੍ਰਿੰਸੀਪਲ ਨੇ ਦੋ ਕਿਸ਼ੋਰਾਂ ਨੂੰ ਧਾਤੂ ਦੇ ਪੈਮਾਨੇ ਨਾਲ ਕੁੱਟਿਆ। ਬਿਹਾਰ ਵਿੱਚ ਬੱਚਿਆਂ ਨੂੰ ਕਮਰੇ ਵਿੱਚ ਬੰਦ ਕਰ ਦਿੱਤਾ ਗਿਆ; ਯੂ ਪੀ ਵਿੱਚ ਇੱਕ ਮੁੰਡੇ ਦਾ ਮੋਢਾ ਟੁੱਟ ਗਿਆ। ਇਹ ਘਟਨਾਵਾਂ ਸੰਕੇਤ ਕਰਦੀਆਂ ਹਨ ਕਿ ਸੁਰੱਖਿਅਤ ਬਚਪਨ ਦਾ ਵਾਅਦਾ ਕਿੰਨਾ ਖੋਖਲਾ ਸਾਬਿਤ ਹੋ ਰਿਹਾ ਹੈ। ਸਿੱਖਿਆ ਅਧਿਕਾਰ ਐਕਟ ਦੀ ਧਾਰਾ 17 ਸਰੀਰਕ ਸਜ਼ਾ ਅਤੇ ਮਾਨਸਿਕ ਸ਼ੋਸ਼ਣ 'ਤੇ ਰੋਕ ਲਾਉਂਦੀ ਹੈ। ਬਾਲ ਨਿਆਂ ਐਕਟ ਬੱਚੇ ਨਾਲ ਬੇਰਹਿਮੀ ਕਰਨ 'ਤੇ ਤਿੰਨ ਸਾਲ ਤੱਕ ਦੀ ਕੈਦ ਦੀ ਸਜ਼ਾ ਦਿੰਦਾ ਹੈ। ਸਾਡੇ ਕਾਨੂੰਨ ਸੱਟ ਜਾਂ ਗੰਭੀਰ ਸੱਟ ਪਹੁੰਚਾਉਣ 'ਤੇ ਮੁਕੱਦਮਾ ਚਲਾਉਣ ਦੀ ਤਜਵੀਜ਼ ਰੱਖਦੇ ਹਨ। ਫਿਰ ਵੀ ਇੱਕ ਤੋਂ ਬਾਅਦ ਇੱਕ ਵਾਪਰਦੀਆਂ ਘਟਨਾਵਾਂ ਵਿੱਚ ਕਾਰਵਾਈ ਮੁਅੱਤਲੀ ਜਾਂ ਬਰਖ਼ਾਸਤਗੀ ਤੋਂ ਘੱਟ ਹੀ ਅੱਗੇ ਵਧਦੀ ਹੈ। ਪੁਲੀਸ ਕਾਰਵਾਈ ਅਤੇ ਗ੍ਰਿਫ਼ਤਾਰੀਆਂ ਤਾਂ ਹੀ ਹੁੰਦੀਆਂ ਹਨ, ਜਦੋਂ ਗੁੱਸਾ ਜਨਤਕ ਦਾਇਰੇ ਵਿੱਚ ਫੈਲ ਜਾਂਦਾ ਹੈ। ਸਜ਼ਾਵਾਂ ਤਾਂ ਬਿਲਕੁਲ ਹੀ ਘੱਟ ਹੁੰਦੀਆਂ ਹਨ। ਇਸ ਨਾਲ ਉਨ੍ਹਾਂ ਲੋਕਾਂ ਦਾ ਹੌਸਲਾ ਵਧਦਾ ਹੈ, ਜੋ ਅੱਜ ਵੀ ਉਹੀ ਪੁਰਾਣੀ ਸੋਚ ਰੱਖਦੇ ਹਨ ਕਿ ਡਰ ਨਾਲ ਅਨੁਸ਼ਾਸਨ ਆਉਂਦਾ ਹੈ। ਇਸ ਦੀ ਥਾਂ ਇਹ ਮਾਨਸਿਕ ਤੌਰ 'ਤੇ ਸੱਟ ਮਾਰਦਾ ਹੈ। ਬਚਪਨ ਵਿੱਚ ਮਿਲੇ ਅਪਮਾਨ ਅਤੇ ਹਿੰਸਾ ਦੇ ਜ਼ਖ਼ਮ ਸਿੱਖਣ ਦੀ ਯੋਗਤਾ, ਵਿਸ਼ਵਾਸ ਤੇ ਭਰੋਸੇ ਨੂੰ ਕਮਜ਼ੋਰ ਕਰਦੇ ਹਨ। ਅਧਿਕਾਰੀਆਂ ਨੂੰ ਬਿਲਕੁਲ ਨਰਮੀ ਨਹੀਂ ਵਰਤਣੀ ਚਾਹੀਦੀ: ਐੱਫ ਆਈ ਆਰ, ਤੇਜ਼ੀ ਨਾਲ ਮੁਕੱਦਮੇ, ਜ਼ਿੰਮੇਵਾਰਾਂ ਦੀ ਬਰਖ਼ਾਸਤਗੀ ਅਤੇ ਸਕੂਲ ਪ੍ਰਬੰਧਨ ਦੀ ਜਵਾਬਦੇਹੀ ਤੈਅ ਹੋਣੀ ਚਾਹੀਦੀ ਹੈ। ਪਾਣੀਪਤ ਦਾ ਮਾਮਲਾ ਜਮਾਤਾਂ 'ਚੋਂ ਬੇਰਹਿਮੀ ਨੂੰ ਬਾਹਰ ਕੱਢਣ ਦਾ ਮੌਕਾ ਬਣਨਾ ਚਾਹੀਦਾ ਹੈ।

### ਏਸ਼ੀਅਨ ਕੱਪ ਕ੍ਰਿਕਟ ਕੁੜੱਤਣ ਭਰਿਆ ਰਿਹਾ

ਏਸ਼ੀਆ ਕੱਪ ਕ੍ਰਿਕਟ ਟੂਰਨਾਮੈਂਟ ਕੁੜੱਤਣ ਭਰਿਆ ਅਹਿਸਾਸ ਪਿੱਛੇ ਛੱਡ ਗਿਆ ਹੈ ਜੋ ਜਲਦੀ ਭੁਲਾਇਆ ਨਹੀਂ ਜਾ ਸਕੇਗਾ। ਪਹਿਲਗਾਮ ਅਤਿਵਾਦੀ ਹਮਲੇ ਅਤੇ ਅਪਰੇਸ਼ਨ ਸਿੰਧੂਰ ਤੋਂ ਬਾਅਦ ਪਹਿਲੀ ਵਾਰ ਇੱਕ ਦੂਜੇ ਵਿਰੁੱਧ ਖੇਡਦਿਆਂ ਭਾਰਤ ਅਤੇ ਪਾਕਿਸਤਾਨ ਭੂ-ਰਾਜਨੀਤਕ ਤਣਾਅ ਦਾ ਬੋਝ ਬਰਦਾਸ਼ਤ ਨਹੀਂ ਕਰ ਸਕੇ। 'ਹੱਥ ਨਾ ਮਿਲਾਉਣ' ਵਾਲੇ ਵਿਵਾਦ 'ਚੋਂ ਉਹ ਕੁੜੱਤਣ ਦਿਸੀ ਜਿਸ ਨੇ ਕ੍ਰਿਕਟ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਅਤੇ ਜਿਵੇਂ-ਜਿਵੇਂ ਟੂਰਨਾਮੈਂਟ ਅੱਗੇ ਵਧਿਆ, ਹਾਲਾਤ ਹੋਰ ਵਿਗੜ ਗਏ। ਏਸ਼ੀਆ ਕੱਪ ਦਾ ਫਾਈਨਲ, ਜੋ ਅਕਤੂਬਰ 2022 ਦੇ ਰੁਮਾਂਚਕ ਮੈਲਬਰਨ ਮੁਕਾਬਲੇ ਤੋਂ ਬਾਅਦ ਭਾਰਤ-ਪਾਕਿਸਤਾਨ ਵਿਚਾਲੇ ਖੇਡਿਆ ਗਿਆ ਸਭ ਤੋਂ ਦਿਲਚਸਪ ਮੈਚ ਸੀ, ਨਾਟਕੀ ਘਟਨਾਕ੍ਰਮ ਦਾ ਸ਼ਿਕਾਰ ਹੋ ਗਿਆ। ਭਾਰਤੀ ਟੀਮ ਨੇ ਏਸ਼ੀਅਨ ਕ੍ਰਿਕਟ ਕੌਂਸਲ ਦੇ ਚੇਅਰਮੈਨ ਅਤੇ ਪਾਕਿਸਤਾਨ ਦੇ ਮੰਤਰੀ ਮੋਹਸਿਨ ਨਕਵੀ ਤੋਂ ਟਰਾਫੀ ਲੈਣ ਤੋਂ ਹੀ ਇਨਕਾਰ ਕਰ ਦਿੱਤਾ। ਇਸ ਅਪਮਾਨ ਤੋਂ ਨਾਰਾਜ਼ ਹੋ ਕੇ ਉਹ ਟਰਾਫੀ ਲੈ ਕੇ ਸਟੇਡੀਅਮ 'ਚੋਂ ਚਲੇ ਗਏ। ਇਸ ਤੋਂ ਬੇਪਰਵਾਹ, ਜੇਤੂਆਂ ਨੇ ਖ਼ਿਆਲੀ ਟਰਾਫੀ ਨਾਲ ਪੋਜ਼ ਦਿੱਤਾ, ਭਾਵੇਂ ਮੈਦਾਨ 'ਚ ਹੋ ਰਹੀ ਆਤਿਸ਼ਬਾਜ਼ੀ ਬੇਕਾਰ ਹੀ ਇਹ ਪ੍ਰਭਾਵ ਦੇਣ ਦਾ ਯਤਨ ਕਰ ਰਹੀ ਸੀ ਕਿ 'ਸਭ ਠੀਕ ਹੈ'। ਇਸ ਟੂਰਨਾਮੈਂਟ ਨੂੰ ਗ਼ਲਤ ਕਾਰਨਾਂ ਕਰ ਕੇ ਯਾਦ ਕੀਤਾ ਜਾਵੇਗਾ। ਇਹ ਮੰਦਭਾਗਾ ਹੈ, ਕਿਉਂਕਿ ਇਸ ਨੇ ਭਾਰਤ ਦੇ ਤੇਜ਼ ਤਰਾਰ ਸਲਾਮੀ ਬੱਲੇਬਾਜ਼ ਅਭਿਸ਼ੇਕ ਸ਼ਰਮਾ, ਸਪਿਨ ਦੇ ਜਾਦੂਗਰ ਕੁਲਦੀਪ ਯਾਦਵ, ਪਾਕਿਸਤਾਨ ਦੇ ਸਾਹਿਬਜ਼ਾਦਾ ਫਰਹਾਨ ਅਤੇ ਸ਼ਾਹੀਨ ਸ਼ਾਹ ਅਫਰੀਦੀ ਤੇ ਸ੍ਰੀਲੰਕਾ ਦੇ ਪਥੁਮ ਨਿਸਾਂਕਾ ਦਾ ਯਾਦਗਾਰੀ ਪ੍ਰਦਰਸ਼ਨ ਦੇਖਿਆ ਹੈ ਤੇ ਨਾਲ ਹੀ ਤਿਲਕ ਵਰਮਾ ਦੀ ਫਾਈਨਲ ਜਿਤਾਉਣ ਵਾਲੀ ਸਭ ਤੋਂ ਮਹੱਤਵਪੂਰਨ ਪਾਰੀ ਦਾ ਵੀ ਇਹ ਗਵਾਹ ਬਣਿਆ; ਹਾਲਾਂਕਿ ਇਹ ਸਭ ਕੁਝ ਸਿਆਸੀ ਸ੍ਰੇਸ਼ਠਤਾ ਅਤੇ ਅੰਧ-ਰਾਸ਼ਟਰਵਾਦ ਦੇ ਹੇਠਾਂ ਦੱਬਿਆ ਗਿਆ। ਸ਼ਿਕਾਇਤਾਂ ਦਾ ਦੌਰ ਤੇਜ਼ੀ ਨਾਲ ਚੱਲਿਆ, ਕਿਉਂਕਿ ਵੱਡੇ-ਵੱਡੇ ਲੋਕ ਵੀ ਸ਼ਰਾਰਤੀ ਸਕੂਲੀ ਬੱਚਿਆਂ ਵਾਂਗ ਵਿਹਾਰ ਕਰਦੇ ਰਹੇ।

ਇਹ ਅਫ਼ਸੋਸਜਨਕ ਹੈ ਕਿ ਦੋਵਾਂ ਪਾਸਿਆਂ ਦੇ ਕੁਝ ਖਿਡਾਰੀਆਂ ਨੇ ਆਪਣੇ ਆਪ ਨੂੰ ਇੱਕ ਕਿਸਮ ਦੀ 'ਪ੍ਰੌਕਸੀ' ਜੰਗ ਵਿੱਚ ਮੋਹਰਿਆਂ ਵਜੋਂ ਵਰਤੇ ਜਾਣ ਦੀ ਇਜਾਜ਼ਤ ਦਿੱਤੀ। ਭਾਰਤੀ ਟੀਮ 'ਤੇ ਬਹੁਤ ਜ਼ਿਆਦਾ ਦਬਾਅ ਸੀ- ਪੂਰੇ ਦੇਸ਼ ਵਿੱਚ ਜਨਤਾ ਦੀ ਭਾਵਨਾ ਆਮ ਤੌਰ 'ਤੇ ਪਾਕਿਸਤਾਨ ਨਾਲ ਖੇਡਣ ਦੇ ਹੱਕ ਵਿੱਚ ਨਹੀਂ ਸੀ। ਜਨਤਾ ਦੇ ਗੁੱਸੇ ਦੇ ਡਰੋਂ ਸੂਰਿਆਕੁਮਾਰ ਯਾਦਵ ਦੀ ਅਗਵਾਈ ਵਾਲੀ ਟੀਮ ਨੂੰ ਆਪਣੇ ਹਮਵਤਨਾਂ ਨੂੰ ਸ਼ਾਂਤ ਅਤੇ ਖ਼ੁਸ਼ ਕਰਨ ਲਈ ਨਿਰਾਸ਼ਾਜਨਕ ਕਦਮ ਚੁੱਕਣੇ ਪਏ। ਭਾਰਤ ਨੂੰ ਹਰਾਉਣ ਵਿੱਚ ਆਪਣੀ ਨਾਕਾਮੀ ਤੋਂ ਨਿਰਾਸ਼ ਹੋਏ ਪਾਕਿਸਤਾਨੀਆਂ ਨੇ ਵੀ ਸਭ ਤੋਂ ਹਲਕੇ ਪੱਧਰ 'ਤੇ ਡਿੱਗਣ ਵਿੱਚ ਕੋਈ ਝਿਜਕ ਨਹੀਂ ਦਿਖਾਈ। ਆਖ਼ਿਰ 'ਚ ਹਾਰ ਕ੍ਰਿਕਟ ਦੀ ਹੋਈ, ਜੋ ਸਦਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਜਾਣਿਆ ਜਾਂਦਾ ਸੀ ਤੇ ਟੂਰਨਾਮੈਂਟ 'ਚ ਬਿਖਰਿਆ ਹੋਇਆ ਨਜ਼ਰ ਆਇਆ। ਜਿਹੜੀਆਂ ਹੱਦਾਂ ਪਾਰ ਕੀਤੀਆਂ ਗਈਆਂ ਹਨ, ਉਹ ਉਪ ਮਹਾਂਦੀਪ ਦੀ ਇਸ ਸਭ ਤੋਂ ਹਰਮਨਪਿਆਰੀ ਖੇਡ ਲਈ ਚੰਗਾ ਸੰਕੇਤ ਨਹੀਂ ਹੈ। ਅਗਾਂਹ ਤੋਂ ਕੋਸਿ ?ਸ਼ ਇਹ ਹੋਣੀ ਚਾਹੀਦੀ ਹੈ ਕਿ ਖੇਡਾਂ ਵਿੱਚ ਅਜਿਹੀ ਸੌੜੀ ਸਿਆਸਤ ਨਾ ਕੀਤੀ ਜਾਵੇ। ਉਂਝ, ਇਹ ਸਾਰਾ ਕੁਝ ਸਿਆਸਤਦਾਨਾਂ ਦੀ ਪਹੁੰਚ 'ਤੇ ਨਿਰਭਰ ਹੈ, ਤੇ ਸਿਆਸਤਦਾਨ ਅੱਜ ਕੱਲ੍ਹ ਮੁਹੱਬਤ ਦੀ ਥਾਂ ਨਫ਼ਰਤ ਨੂੰ ਤਰਜੀਹ ਦੇ ਰਹੇ ਹਨ।

# ਰੋਗੀ ਕਲਿਆਣ ਸੰਮਤੀ ਦੀ ਮੀਟਿੰਗ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਸੰਪੰਨ



**ਮਲੇਰਕੋਟਲਾ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰੋਗੀ ਕਲਿਆਣ ਸੰਮਤੀ ਦੀ ਜਨਰਲ ਬਾਡੀ ਮੀਟਿੰਗ ਅੱਜ ਡਿਪਟੀ ਕਮਿਸ਼ਨਰ ਮਾਲੇਰਕੋਟਲਾ ਵਿਰਾਜ ਐਸ. ਤਿੜਕੇ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸੰਮਤੀ ਦਾ ਮੁੱਖ ਮਕਸਦ ਸਰਕਾਰੀ ਹਸਪਤਾਲ ਵਿੱਚ ਇਲਾਜ ਕਰਵਾ ਰਹੇ ਲੋੜਵੰਦ ਮਰੀਜ਼ਾਂ ਦੀ ਭਲਾਈ ਅਤੇ ਉਨ੍ਹਾਂ ਲਈ ਸਿਹਤ ਸਹੂਲਤਾਂ ਦਾ ਵਾਧਾ ਕਰਨਾ ਹੈ।

ਉਨ੍ਹਾਂ ਕਿਹਾ ਕਿ ਮਰੀਜ਼ਾਂ ਦੀ ਸੇਵਾ ਸਭ ਤੋਂ ਵੱਡੀ ਮਾਨਵਤਾ ਹੈ ਅਤੇ ਇਸ ਕੰਮ ਲਈ ਸਾਰੇ ਵਿਭਾਗਾਂ ਨੂੰ ਸਾਂਝੀ ਜ਼ਿੰਮੇਵਾਰੀ ਨਾਲ ਅੱਗੇ ਆਉਣਾ ਚਾਹੀਦਾ ਹੈ।

ਉਨ੍ਹਾਂ ਨੇ ਨਿਰਦੇਸ਼ ਜਾਰੀ ਕੀਤੇ ਕਿ ਓ.ਪੀ.ਡੀ. ਰਜਿਸਟ੍ਰੇਸ਼ਨ ਕਾਊਂਟਰ ਦੇ ਨੇੜੇ ਫੈਸੀਲੇਸ਼ਨ ਸੈਂਟਰ ਦੀ ਸਥਾਪਨਾ ਜਲਦ ਕੀਤੀ ਜਾਵੇ,ਜਿੱਥੇ ਮਰੀਜ਼ ਅਤੇ ਉਨ੍ਹਾਂ ਦੇ ਪਰਿਵਾਰ ਮੈਂਬਰ ਸੁਵਿਧਾਜਨਕ ਢੰਗ ਨਾਲ ਬੈਠ ਸਕਣ। ਨਾਲ ਹੀ ਨਿਰਵਿਘਨ ਫਾਰਮੈਸੀ ਦੀ ਵਿਵਸਥਾ ਵੀ ਕੀਤੀ ਜਾਵੇ ਤਾਂ ਜੋ ਦਵਾਈਆਂ ਆਸਾਨੀ ਨਾਲ ਮਰੀਜ਼ਾਂ ਤੱਕ ਪਹੁੰਚ ਸਕਣ।

ਮੈਂਬਰ ਸਕੱਤਰ ਰੋਗੀ ਕਲਿਆਣ ਸੰਮਤੀ-ਕਮ-ਐਸ.ਐਮ.ਓ. ਡਾ. ਸੁਖਵਿੰਦਰ ਸਿੰਘ ਨੇ ਸੰਮਤੀ ਤਹਿਤ ਉਪਲਬਧ ਫੰਡਾਂ, ਕੀਤੀਆਂ ਗਈਆਂ ਖਰਚਾਵਾਰੀਆਂ ਅਤੇ ਮਰੀਜ਼ਾਂ ਲਈ ਚੱਲ ਰਹੀਆਂ ਯੋਜਨਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਸਿਵਲ ਹਸਪਤਾਲ ਮਾਲੇਰਕੋਟਲਾ ਵਿੱਚ ਹੁਣ ਨਿਰਵਿਘਨ ਤਰੀਕੇ ਨਾਲ ਅਲਟਰਾ ਸਾਊਂਡ ਦੀ ਸੁਵਿਧਾ ਉਪਲਬਧ ਹੈ ਅਤੇ ਗਰਭਵਤੀ ਔਰਤਾਂ ਲਈ ਇਹ ਸੇਵਾ ਮੁਫ਼ਤ ਹੈ। ਇਸ ਦੇ ਨਾਲ ਹੀ ਸੀ.ਐਸ.ਆਰ ਫੰਡਾਂ ਤਹਿਤ ਪ੍ਰਾਪਤ ਕੀਤੀ ਗਈ ਅਧੁਨਿਕ ਸਿਹਤ ਮਸ਼ੀਨਰੀ ਬਾਰੇ ਵੀ ਵੇਰਵਾ ਸਾਂਝਾ ਕੀਤਾ ਗਿਆ।

ਇਸ ਮੌਕੇ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਨੇ ਜ਼ਿਲ੍ਹੇ ਦੀਆਂ ਸਥਾਨਕ ਇੰਡਸਟਰੀਆਂ, ਵਪਾਰਿਕ ਇਕਾਈਆਂ ਅਤੇ ਸਮਾਜਸੇਵੀ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਕਾਰਪੋਰੇਟ ਸੋਸ਼ਲ ਰਿਸਪਾਂਸਬਿਲਿਟੀ ਦੇ ਤਹਿਤ ਸਰਕਾਰੀ ਹਸਪਤਾਲਾਂ ਲਈ ਆਧੁਨਿਕ ਮਸ਼ੀਨਰੀ ਅਤੇ ਸਹੂਲਤਾਂ ਦੇ ਪ੍ਰਬੰਧ ਵਿੱਚ ਯੋਗਦਾਨ ਪਾਉਣ। ਉਨ੍ਹਾਂ ਕਿਹਾ ਕਿ ਲੋਕਲ ਇੰਡਸਟਰੀ ਵੱਲੋਂ ਮਿਲਣ ਵਾਲਾ ਹਰ ਯੋਗਦਾਨ ਲੋੜਵੰਦ ਮਰੀਜ਼ਾਂ ਦੀ ਜ਼ਿੰਦਗੀ ਬਚਾਉਣ ਵਿੱਚ ਮਹੱਤਵਪੂਰਨ ਸਾਬਤ ਹੋ ਸਕਦਾ ਹੈ।ਉਨ੍ਹਾਂ ਕਿਹਾ ਕਿ ਸਿਹਤ ਸੇਵਾਵਾਂ ਵਿੱਚ ਸੁਧਾਰ ਲਈ ਸਾਡੀ ਸਾਂਝੀ ਕੋਸ਼ਿਸ਼ ਹੀ ਮਰੀਜ਼ਾਂ ਦੇ ਚਿਹਰਿਆਂ 'ਤੇ ਖ਼ੁਸ਼ੀ ਅਤੇ ਉਮੀਦ ਵਾਪਸ ਲਿਆ ਸਕਦੀ ਹੈ।

ਮੀਟਿੰਗ ਦੌਰਾਨ ਬੀ.ਡੀ.ਪੀ.ਓ. ਅਮਰਗੜ੍ਹ/ਅਹਿਮਦਗੜ੍ਹ ਬਬਲਜੀਤ ਕੌਰ, ਕਾਰਜ ਸਾਧਕ ਅਫਸਰ ਮਾਲੇਰਕੋਟਲਾ/ ਅਮਰਗੜ੍ਹ ਚੰਦਰ ਪ੍ਰਕਾਸ ਵਧਵਾ, ਬਾਲ ਵਿਕਾਸ ਪ੍ਰੋਜੈਕਟ ਅਫਸਰ ਪਵਨ ਕੁਮਾਰ, ਆਯੂਸ ਮੈਡੀਕਲ ਅਫਸਰ ਡਾ. ਸ਼ਾਹੀਦ ਖਾਨ, ਐਸ.ਡੀ.ਈ. ਵਾਟਰ ਸਪਲਾਈ ਅਤੇ ਸੈਨੀਟੇਸ਼ਨ ਇੰਜ.ਲਵੇਸ਼ ਜੈਨ, ਏ.ਐਸ.ਐਮ ਰਾਜ ਕੁਮਾਰ, ਸਹਾਇਕ ਇੰਜੀ. ਪੀ.ਐਸ.ਪੀ.ਸੀ.ਐਲ ਮੁਹੰਮਦ ਇਸ਼ਾਕ, ਸਹਾਇਕ ਇੰਜੀ. ਪੀ.ਡਬਲਿਊ.ਡੀ ਹਰਮੁਨੀਤ, ਸਟਾਫ ਨਰਸ ਸਵੀਟੀ ਕੱਕੜ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜਰ ਸਨ।

# ਐਸ.ਡੀ.ਐਮ. ਮਾਲੇਰਕੋਟਲਾ ਨੇ ਕਿਸਾਨ ਯੂਨੀਅਨਾਂ ਦੇ ਆਗੂਆਂ ਨਾਲ ਕੀਤੀ ਮੀਟਿੰਗ

**ਮਲੇਰਕੋਟਲਾ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰੇਕ ਸਾਲ 29 ਸਤੰਬਰ ਨੂੰ ਵਿਸ਼ਵ ਦਿਲ ਦਿਵਸ ਮਨਾਉਣ ਦਾ ਮਹੱਤਵ ਸਿਹਤ ਸਟਾਫ਼ ਵੱਲੋਂ ਲੋਕਾਂ ਨੂੰ ਦਿਲ ਦੀ ਬਿਮਾਰੀਆਂ ਬਾਰੇ ਅਤੇ ਇਨ੍ਹਾਂ ਤੋਂ ਕਿਵੇ ਬਚਿਆ ਜਾ ਸਕਦਾ ਹੈ, ਸਬੰਧੀ ਜਾਗਰੂਕ ਕਰਨਾ ਹੈ। ਵਿਸ਼ਵ ਦਿਲ ਦਿਵਸ ਮੌਕੇ ਸਿਵਲ ਸਰਜਨ ਡਾ. ਸੰਜੇ ਗੋਇਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਨਾਲ ਹੀ ਦਿਲ ਦੀਆਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਉਹਨਾਂ ਕਿਹਾ ਕਿ ਦਿਲ ਸਾਡੇ ਸਰੀਰ ਦਾ ਅਹਿਮ ਅੰਗ ਹੈ, ਇਸ ਲਈ ਇਸ ਨੂੰ ਸਿਹਤਮੰਦ ਰੱਖਣਾ ਜਰੂਰੀ ਹੈ।

ਉਨ੍ਹਾਂ ਕਿਹਾ ਕਿ ਦਿਲ ਦੀਆਂ ਬਿਮਾਰੀਆਂ ਦੁਨੀਆ ਭਰ ਵਿੱਚ ਮੌਤਾਂ ਦਾ ਸਭ ਤੋਂ ਵੱਡਾ ਕਾਰਨ ਉੱਭਰ ਕੇ ਸਾਹਮਣੇ ਆ ਰਿਹਾ ਹੈ ਪਰ ਜੇਕਰ ਸਮੇਂ-ਸਿਰ ਸਾਵਧਾਨੀਆਂ ਅਤੇ ਰੋਜਾਨਾ ਜੀਵਨ ਸ਼ੈਲੀ 'ਚ ਬਦਲਾਅ ਕੀਤਾ ਜਾਵੇ ਤਾਂ ਇਸ ਤੋਂ ਬਚਾਅ ਸੰਭਵ ਹੈ। ਉਨ੍ਹਾਂ ਲੋਕਾਂ ਨੂੰ ਸੁਝਾਅ ਦਿੱਤਾ ਕਿ ਦਿਨ ਵਿੱਚ ਘੱਟੋ-ਘੱਟ 30 ਮਿੰਟ ਕਸਰਤ ਕਰਨ, ਤਾਜੇ ਫਲ, ਸਬਜ਼ੀਆਂ, ਅਨਾਜ ਅਤੇ ਘੱਟ ਤੇਲ ਵਾਲੇ ਖਾਣੇ ਦੀ ਵਰਤੋਂ ਕਰਨ। ਇਸ ਤੋਂ ਇਲਾਵਾ ਉਨ੍ਹਾਂ ਨੇ ਤੰਬਾਕੂ, ਸ਼ਰਾਬ ਅਤੇ ਨਸ਼ਿਆਂ ਤੋਂ ਦੂਰ ਰਹਿਣ ਦੀ ਵੀ ਅਪੀਲ ਕੀਤੀ।

\ ਡਾ. ਗੋਇਲ ਨੇ ਦੱਸਿਆ ਕਿ 30 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹਰ ਵਿਅਕਤੀ ਨੂੰ ਬਲੱਡ ਪ੍ਰੈਸ਼ਰ, ਸ਼ੂਗਰ ਅਤੇ ਕੋਲੇਸਟ੍ਰੋਲ ਦੀ ਨਿਯਮਿਤ ਜਾਂਚ ਕਰਵਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇ ਛਾਤੀ ਵਿੱਚ ਦਰਦ, ਘਬਰਾਹਟ, ਬਹੁਤ ਪਸੀਨਾ ਆਉਣਾ ਜਾਂ ਸਾਹ ਲੈਣ ਵਿੱਚ ਤਕਲੀਫ਼ ਮਹਿਸੂਸ ਹੋਵੇ ਤਾਂ ਤੁਰੰਤ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ।

ਉਪ ਮੰਡਲ ਮੈਜਿਸਟ੍ਰੇਟ ਮਾਲੇਰਕੋਟਲਾ ਗੁਰਮੀਤ ਕੁਮਾਰ ਬਾਂਸਲ ਵੱਲੋਂ ਅੱਜ ਕਿਸਾਨ ਯੂਨੀਅਨਾਂ ਦੇ ਆਗੂਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿੱਚ ਪਰਾਲੀ ਸਾੜਨ ਦੀ ਰੋਕਥਾਮ ਤੇ ਇਸ ਦੇ ਯੋਗ ਪ੍ਰਬੰਧਨ ਲਈ ਵਿਆਪਕ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਮੌਕੇ ਕਿਸਾਨ ਆਗੂ ਕੇਵਲ ਸਿੰਘ ਭੜੀ,ਨਿਰਮਲ ਸਿੰਘ ਅਲੀਪੁਰ,ਚਰਨਜੀਤ ਸਿੰਘ ਹਥਨ,ਬੁੱਟਾ



ਖ਼ਾ, ਤੋਂ ਇਲਾਵਾ ਕਿਸਾਨ ਜੰਥੇਬੰਦੀ ਦੇ ਹੋਰ ਨੁਮਾਇੰਦੇ ਵੀ ਮੌਜੂਦ ਸਨ।

ਮੀਟਿੰਗ ਦੌਰਾਨ ਐਸ.ਡੀ.ਐਮ. ਨੇ ਸਪੱਸ਼ਟ ਕੀਤਾ ਕਿ ਪਰਾਲੀ ਸਾੜਨ ਨੂੰ ਹੁਣ ਕੇਵਲ ਵਾਤਾਵਰਣਕ ਗਲਤੀ ਹੀ ਨਹੀਂ, ਸਗੋਂ ਗੰਭੀਰ ਅਪਰਾਧ ਮੰਨਿਆ ਗਿਆ ਹੈ ਅਤੇ ਇਸ ਸਬੰਧੀ ਰਾਸ਼ਟਰੀ ਗਰੀਨ ਟ੍ਰਿਬਿਊਨਲ (©7") ਅਤੇ ਮਾਨਯੋਗ ਸੁਪਰੀਮ ਕੋਰਟ ਬਹੁਤ ਹੀ ਗੰਭੀਰ ਹੈ ਜਿਸ ਸਦਕਾ ਉਨ੍ਹਾਂ ਵੱਲੋਂ ਸਪੱਸ਼ਟ ਹੁਕਮ ਜਾਰੀ ਹੋ ਚੁੱਕੇ ਹਨ।

ਉਨ੍ਹਾਂ ਦੱਸਿਆ ਕਿ ਜੋ ਕਿਸਾਨ ਪਰਾਲੀ ਸਾੜੇਗਾ, ਉਸ ਦੇ ਵਿਰੁੱਧ ਕੇਵਲ ਜੁਰਮਾਨਾ ਹੀ ਨਹੀਂ ਲੱਗੇਗਾ, ਸਗੋਂ ਉਸਦੇ ਮਾਲ ਰਿਕਾਰਡ ਵਿੱਚ ਲਾਲ ਐਂਟਰੀ ਕੀਤੀ ਜਾਵੇਗੀ ਅਤੇ ਫੌਜਦਾਰੀ ਕਾਰਵਾਈ ਵੀ ਸ਼ੁਰੂ ਹੋਵੇਗੀ। ਇਹ ਕਾਰਵਾਈ ਕਿਸਾਨ ਦੇ ਭਵਿੱਖੀ ਲਾਭਾਂ ਨੂੰ ਸਿੱਧਾ ਪ੍ਰਭਾਵਿਤ ਕਰ ਸਕਦੀ ਹੈ।

ਐਸ.ਡੀ.ਐਮ. ਨੇ ਕਿਸਾਨ ਯੂਨੀਅਨਾਂ ਦੇ ਪ੍ਰਤੀਨਿਧੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਆਪਣੇ ਮੈਂਬਰਾਂ ਅਤੇ ਪਿੰਡਾਂ ਦੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਪ੍ਰੇਰਿਤ ਕਰਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਵੱਖ-ਵੱਖ ਆਧੁਨਿਕ ਖੇਤੀ ਸੰਦ ਸਬਸਿਡੀ 'ਤੇ ਉਪਲਬਧ ਕਰਵਾਏ ਜਾ ਰਹੇ ਹਨ, ਜਿਨ੍ਹਾਂ ਦੀ ਵਰਤੋਂ ਕਰਕੇ ਕਿਸਾਨ ਫਸਲੀ ਅਵਸ਼ੇਸ਼ਾਂ ਦਾ ਸੁਚੱਜਾ ਪ੍ਰਬੰਧ ਕਰ ਸਕਦੇ ਹਨ।

ਉਨ੍ਹਾਂ ਨੇ ਭਾਵਨਾਤਮਕ ਅੰਦਾਜ਼ ਵਿੱਚ ਕਿਹਾ ਕਿ ਸਾਨੂੰ ਆਪਣੇ ਧਾਰਮਿਕ ਆਗੂਆਂ ਦੇ ਦਰਸਾਏ ਹੋਏ ਰਸਤੇ 'ਤੇ ਤੁਰਦਿਆਂ ਹਵਾ, ਪਾਣੀ ਅਤੇ ਕੁਦਰਤੀ ਸਰੋਤਾਂ ਦੀ ਰੱਖਿਆ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਾਡਾ ਹਰ ਇੱਕ ਫੈਸਲਾ ਸਿਰਫ਼ ਅੱਜ ਦੀਆਂ ਜ਼ਿੰਦਗੀਆਂ 'ਤੇ ਨਹੀਂ, ਸਗੋਂ ਭਵਿੱਖ ਦੀਆਂ ਪੀੜ੍ਹੀਆਂ 'ਤੇ ਵੀ ਪ੍ਰਭਾਵ ਪਾਂਦਾ ਹੈ।

ਇਸ ਲਈ ਪਰਾਲੀ ਸਾੜਨ ਵਰਗੀਆਂ ਆਦਤਾਂ ਛੱਡ ਕੇ ਸਾਫ਼ ਹਵਾ ਅਤੇ ਸਿਹਤਮੰਦ ਵਾਤਾਵਰਣ ਨੂੰ ਤੋਹਫ਼ੇ ਵਜੋਂ ਦੇਣਾ ਸਾਡੇ ਧਾਰਮਿਕ ਤੇ ਸਮਾਜਿਕ ਫਰਜ਼ਾਂ ਦਾ ਹਿੱਸਾ ਹੈ, ।

ਉਨ੍ਹਾਂ ਕਿਸਾਨ ਯੂਨੀਅਨਾਂ ਦੇ ਆਗੂਆਂ ਨੂੰ ਭਰੋਸਾ ਦਿਵਾਇਆ ਕਿ ਪ੍ਰਸ਼ਾਸਨ ਕਿਸਾਨਾਂ ਨਾਲ ਮਿਲ ਕੇ ਹੱਲ ਲੱਭਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਕਿਸਾਨਾਂ ਨੂੰ ਜਰੂਰੀ ਮਸ਼ੀਨਰੀ ਤੇ ਸਹੂਲਤਾਂ ਸਮੇਂ ਸਿਰ ਉਪਲਬਧ ਕਰਵਾਈਆਂ ਜਾਣਗੀਆਂ।

ਮੀਟਿੰਗ ਵਿੱਚ ਕਿਸਾਨ ਯੂਨੀਅਨਾਂ ਦੇ ਆਗੂਆਂ ਨੇ ਵੀ ਆਪਣੇ ਪੂਰੇ ਸਹਿਯੋਗ ਦੀ ਭਰੋਸਾ ਦਿਵਾਇਆ ਅਤੇ ਪਰਾਲੀ ਪ੍ਰਬੰਧਨ ਬਾਰੇ ਜਾਗਰੂਕਤਾ ਫੈਲਾਉਣ ਲਈ ਆਪਣੇ ਪੱਧਰ 'ਤੇ ਉਪਰਾਲੇ ਕਰਨ ਦਾ ਵਾਅਦਾ ਕੀਤਾ।

# ਵਾਕੋ ਇੰਡੀਆ ਕਿੱਟ ਬਾਕਸਿੰਗ ਵਿੱਚ ਗੋਲਡ ਮੈਡਲ ਜਿੱਤਣ ਵਾਲੇ ਖਿਡਾਰੀਆਂ ਦਾ ਪਾਤੜਾਂ ਵਿਖੇ ਪਹੁੰਚਣ 'ਤੇ ਕੀਤਾ ਗਿਆ ਭਰਵਾਂ ਸਵਾਗਤ

**ਪਾਤੜਾਂ,4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੋਲਨ ਹਿਮਾਚਲ ਪ੍ਰਦੇਸ਼ ਵਿੱਚ 22ਵੀਆਂ ਵਾਕੋ ਇੰਡੀਆ ਫੈਡਰੇਸ਼ਨ ਕਿੱਕ ਬਾਕਸਿੰਗਦੀਆਂ ਹੋਈਆਂ ਨੈਸ਼ਨਲ ਪੱਧਰ ਦੀਆਂ ਖੇਡਾਂ ਵਿੱਚ ਏ.ਪੀ.ਐਸ. ਸ਼ੁਤਰਾਣਾ ਦੇ 4 ਖਿਡਾਰੀਆਂ ਵੱਲੋਂ 2 ਗੋਲਡ ਮੈਡਲ ਅਤੇ 2 ਸਿਲਵਰ ਮੈਡਲ ਜਿੱਤ ਕੇ ਪੰਜਾਬ ਦਾ ਨਾਮ ਰੌਸ਼ਨ ਕੀਤਾ ਹੈ।



ਨੈਸ਼ਨਲ ਖਿਡਾਰਨ ਅਮਨਦੀਪ ਕੌਰ, ਨਵਦੀਪ ਕੌਰ ਅਤੇ ਖਿਡਾਰੀਆਂ ਗੁਰਪ੍ਰੀਤ ਸਿੰਘ, ਕਾਰਤਿਕ ਕੁਮਾਰ ਅਤੇ ਕੋਚ ਅਜੇ ਠਾਕੁਰ ਦਾ ਪਾਤੜਾਂ ਪਹੁੰਚਣ 'ਤੇ ਸਕੂਲ ਦੇ ਪ੍ਰਿੰਸੀਪਲ ਜਤਿੰਦਰ ਸਿੰਘ, ਹਲਕਾ ਐੱਮ. ਐੱਲ. ਏ. ਕੁਲਵੰਤ ਸਿੰਘ ਬਾਜ਼ੀਗਰ, ਮਾਰਕੀਟ ਕਮੇਟੀ ਦੇ ਚੇਅਰਮੈਨ ਮਹਿੰਗਾ ਸਿੰਘ, ਮੁਖਤਿਆਰ ਸਿੰਘ ਪੱਪੀ ਬੀ.ਜੇ.ਪੀ.ਆਦਿ ਪਤਵੰਤੇ ਸੱਜਣਾਂ ਵੱਲੋਂ ਇਨ੍ਹਾਂ ਸਭ ਦਾ ਭਰਵਾਂ ਸਵਾਗਤ ਕੀਤਾ ਗਿਆ। ਇਹ ਖਿਡਾਰੀ ਜਨਵਰੀ ਮਹੀਨੇ ਵਿੱਚ ਹੋਣ ਜਾ ਰਹੀਆਂ ਅੰਤਰਰਾਸ਼ਟਰੀ ਪੱਧਰ ਦੀਆਂ ਕਿੱਕ ਬਾਕਸਿੰਗ ਖੇਡਾਂ, ਜੋ ਕਿ ਆਬੂ ਧਾਬੀ ਵਿੱਚ ਹੋਣ ਜਾ ਰਹੀਆਂ ਹਨ, ਉਨ੍ਹਾਂ ਵਿੱਚ ਹਿੱਸਾ ਲੈਣਗੇ। ਏ.ਪੀ. ਐੱਸ.ਸਕੂਲ ਦੇ ਪ੍ਰਿੰਸੀਪਲ ਜਤਿੰਦਰ ਸਿੰਘ ਅਤੇ ਸਮੂਹ ਸਟਾਫ ਮੈਂਬਰਾਂ ਨੇ ਇਨ੍ਹਾਂ ਖਿਡਾਰੀਆਂ ਦਾ ਸਨਮਾਨ ਗਲਾਂ ਵਿੱਚ ਹਾਰ ਪਾ ਕੇ,ਢੋਲ ਵਜਾ ਕੇ ਕੀਤਾ। ਇਸ ਮੌਕੇ ਵਾਇਸ ਪ੍ਰਿੰਸੀਪਲ ਮੈਡਮ ਗੁਰਜੀਤ ਕੌਰ, ਮੈਡਮ ਬਲਵਿੰਦਰ ਕੌਰ, ਨਵਜੋਤ ਕੌਰ, ਗੁਰਵਿੰਦਰ ਕੌਰ, ਕੁਲਵਿੰਦਰ ਕੌਰ, ਜੋਬਨਪ੍ਰੀਤ ਕੌਰ, ਰੀਨਾ ਦੇਵੀ, ਗੁਰਜੀਤ ਕੌਰ, ਮਾਨਵੀ ਰਾਣੀ, ਜਸ਼ਨਪ੍ਰੀਤ ਕੌਰ ਮਨਪ੍ਰੀਤ ਕੌਰ, ਹਰਸਿਮਰਨ ਕੌਰ, ਕ੍ਰਿਸ਼ਨ ਸਿੰਘ, ਮੁੱਖ ਕੋਚ ਰਫ਼ੀਕ ਅਲੀ ਆਦਿ ਅਧਿਆਪਕ ਹਾਜ਼ਰ ਸਨ । ਇਨ੍ਹਾਂ ਸਾਰੇ ਆਧਿਆਪਕਾਂ ਨੇ ਇਨ੍ਹਾਂ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਦੋਵਾਂ ਧਿਰਾਂ ਵਿਚਕਾਰ ਹੋਈ ਲੜਾਈ ਚ 34 ਲੋਕਾਂ ਖ਼ਿਲਾਫ਼ ਕਰਾਸ ਕੇਸ ਦਰਜ

**ਪਾਤੜਾਂ,4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਬਡਵੀਜ਼ਨ ਪਾਤੜਾਂ ਚ ਪੈਂਦੇ ਪਿੰਡ ਖੇੜੀ ਨਗਾਈਆ ਵਿਖੇ ਪੁਰਾਣੀ ਰੰਜਸ਼ ਨੂੰ ਲੈਕੇ ਦੋਵਾਂ ਧਿਰਾਂ ਵਿਚਕਾਰ ਲੜਾਈ ਹੋਈ ਜਿਸ ਕਰਕੇ ਘੱਗਾ ਪੁਲਿਸ ਨੇ ਦੋਵਾਂ ਧਿਰਾਂ ਦੇ 34 ਲੋਕਾਂ ਖ਼ਿਲਾਫ਼ ਕਰਾਸ ਕੇਸ ਦਰਜ ਕੀਤਾ ਹੈ ਮੁਲਜ਼ਮਾਂ ਵਿਚ ਵਿਕਰਮ ਸਿੰਘ, ਰਿੰਪੀ ਕੌਰ,ਕਿਰਸਨਾ ਕੌਰ, ਤੇਜ਼ਾ ਸਿੰਘ, ਗੁਰਜੰਟ ਸਿੰਘ, ਲਾਡੀ ਸਿੰਘ,ਸੋਨੀ ਸਿੰਘ, ਜਸਵਿੰਦਰ ਸਿੰਘ,ਆਦਿ ਦੂਜੀ ਧਿਰ ਦੇ ਨਵਜੋਤ ਸਿੰਘ, ਕਰਨਵੀਰ ਸਿੰਘ, ਕੁਲਦੀਪ ਸਿੰਘ ਗੁਰਪ੍ਰੀਤ ਸਿੰਘ,ਰਾਜ ਸਿੰਘ, ਅਤੇ ਬਾਕੀ ਸਾਰੇ ਦੋਸ਼ੀ ਵਾਸੀ ਖੇੜੀ ਨਗਾਈਆ ਦੇ ਵਸਨੀਕ ਹਨ ।

ਮਾਮਲੇ ਦੀ ਜਾਂਚ ਕਰ ਰਹੇ ਅਧਿਕਾਰੀ ਘੱਗਾ ਪੁਲਿਸ ਦੇ ਏ,ਐਸ,ਆਈ, ਬਲਵਿੰਦਰ ਕੁਮਾਰ ਨੇ ਦੱਸਿਆ ਜਗਦੀਸ਼ ਸਿੰਘ ਵਾਸੀ ਪਿੰਡ ਖੇੜੀ ਨਗਾਈਆ ਵਿਕਰਮ ਸਿੰਘ ਵਾਸੀ ਖੇੜੀ ਨਗਾਈਆ ਵਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਇਕੋ ਪਿੰਡ ਖੇੜੀ ਨਗਾਈਆ ਦੇ ਰਹਿਣ ਵਾਲੀਆਂ ਦੋਵਾਂ ਧਿਰਾਂ ਵਿਚਕਾਰ ਚੱਲ ਰਹੀ ਪੁਰਾਣੀ ਰੰਜਸ਼ ਕਾਰਨ 26 ਸਤੰਬਰ ਦੀ ਰਾਤ ਤਰਕਸ਼ੀਲ 8 ਵਜੇ ਦੋਵਾਂ ਧਿਰਾਂ ਵਿਚਕਾਰ ਤੂੰ ਤੂੰ ਮੈਂ ਮੈਂ ਹੋਈ ਸੀ ਜਿਸ ਕਰਕੇ ਸਵੇਰ ਨੂੰ ਇਸ ਨੇ ਲੜਾਈ ਦਾ ਰੂਪ ਧਾਰ ਲਿਆ ਜਿਸ ਲੜਾਈ ਵਿੱਚ ਇਟਾ ਰੋੜੇ ਲਾਠੀਆਂ ਦਾ ਇਸਤੇਮਾਲ ਕਿਤਾ ਗਿਆ ਲੜਾਈ ਵਿੱਚ ਦੋਵਾਂ ਧਿਰਾਂ ਦੇ ਸੱਤ ਸੱਤ ਲੋਕ ਜ਼ਖਮੀਂ ਹੋਏ ਜਿਹਨਾਂ ਨੂੰ ਸਮਾਣਾ ਦੇ ਸਿਵਲ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਪੁਲਿਸ ਅਧਿਕਾਰੀ ਅਨੁਸਾਰ ਦੋਵਾਂ ਧਿਰਾਂ ਦੀ ਸ਼ਿਕਾਇਤ ਦੇ ਆਧਾਰ ਤੇ ਕਰਾਸ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ

# 18 ਅਕਤੂਬਰ ਨੂੰ ਪੰਜਾਬੀ ਭਵਨ ਵਿਖੇ ਹੋਵੇਗਾ ਪ੍ਰੋਫੈਸਰ ਮੋਹਨ ਸਿੰਘ ਮੇਲੇ ਦਾ ਆਯੋਜਨ



**ਲੁਧਿਆਣਾ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰੋਫੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਵੱਲੋਂ ਪ੍ਰੋਫੈਸਰ ਮੋਹਨ ਸਿੰਘ ਮੇਲੇ ਦਾ ਆਯੋਜਨ 18 ਅਕਤੂਬਰ, ਦਿਨ ਸ਼ਨੀਵਾਰ ਨੂੰ ਪੰਜਾਬੀ ਸਾਹਿਤ ਅਕੈਡਮੀ ਦੇ ਸਹਿਯੋਗ ਨਾਲ ਪੰਜਾਬੀ ਭਵਨ ਲੁਧਿਆਣਾ ਵਿਖੇ ਕੀਤਾ ਜਾ ਰਿਹਾ ਹੈ। ਮੇਲੇ ਦੀ ਸ਼ੁਰੂਆਤ ਪ੍ਰੋਫੈਸਰ ਮੋਹਨ ਸਿੰਘ ਦੇ ਬੁੱਤ ਨੂੰ ਫੁੱਲਾਂ ਦੇ ਹਾਰ ਭੇਂਟ ਕਰਨ ਤੋਂ ਬਾਅਦ ਕਵੀ ਦਰਬਾਰ ਅਤੇ ਗੋਸ਼ਟੀ ਦੇ ਆਯੋਜਨ ਨਾਲ ਹੋਵੇਗੀ। ਹਾਲਾਂਕਿ ਪੰਜਾਬ ਦੇ ਹੜ੍ਹ ਪੀੜਤਾਂ ਦੇ ਦੁੱਖ ਨੂੰ ਦੇਖਦਿਆਂ ਹੋਇਆ ਇਸ ਵਾਰ ਸੱਭਿਆਚਾਰਕ ਸਟੇਜ ਨਹੀਂ ਲਗਾਈ ਜਾਵੇਗੀ।

ਇਸ ਸਬੰਧੀ ਗੁਰਦੇਵ ਨਗਰ ਵਿਖੇ ਸਵ. ਸ. ਜਗਦੇਵ ਸਿੰਘ ਜੱਸੋਵਾਲ ਦੇ ਘਰ ਵਿਖੇ ਹੋਏ ਮੀਟਿੰਗ ਬਾਰੇ ਜਾਣਕਾਰੀ ਦਿੰਦੇ ਹੋਏ, ਫਾਊਂਡੇਸ਼ਨ ਦੇ ਚੇਅਰਮੈਨ ਗੁਰਨਾਮ ਸਿੰਘ ਧਾਲੀਵਾਲ ਅਤੇ ਪ੍ਰਧਾਨ ਰਾਜੀਵ ਕੁਮਾਰ ਲਵਲੀ ਨੇ ਦੱਸਿਆ ਕਿ ਸੂਬੇ ਅੰਦਰ ਆਏ ਹੜ੍ਹਾਂ ਕਾਰਨ ਵੱਡੀ ਗਿਣਤੀ ਚ ਨੁਕਸਾਨ ਹੋਇਆ ਹੈ।

ਇਸ ਦੌਰਾਨ ਵੱਡੀ ਗਿਣਤੀ ਵਿੱਚ ਲੋਕਾਂ ਦੀਆਂ ਜਾਨਾਂ ਜਾਣ ਤੋਂ ਇਲਾਵਾ, ਘਰਾਂ, ਪਸ਼ੂਆਂ, ਸਕੂਲਾਂ, ਹਸਪਤਾਲਾਂ, ਸੜਕਾਂ ਸਣੇ ਵੱਡੇ ਪੱਧਰ ਤੇ ਹੋਰ ਮਾਲੀ ਨੁਕਸਾਨ ਵੀ ਹੋਇਆ ਹੈ। ਇਸ ਕਰਕੇ ਸਭਿਆਚਾਰਕ ਸਟੇਜ ਨਹੀਂ ਲਗਾਈ ਜਾਵੇਗੀ ਅਤੇ ਸਿਰਫ ਕਵੀ ਦਰਬਾਰ ਤੇ ਗੋਸ਼ਟੀ ਤੋਂ ਬਾਅਦ ਮੇਲੇ ਦੀ ਸਮਾਪਤੀ ਕੀਤੀ ਜਾਵੇਗੀ।

ਮੀਟਿੰਗ ਦੌਰਾਨ ਪ੍ਰਗਟ ਸਿੰਘ ਗਰੇਵਾਲ, ਕ੍ਰਿਸ਼ਨ ਕੁਮਾਰ ਬਾਵਾ, ਅਮਰਿੰਦਰ ਸਿੰਘ ਜੱਸੋਵਾਲ, ਡਾ. ਜਗਤਾਰ ਧੀਮਾਨ, ਵਰਿੰਦਰ ਸਿੰਘ, ਵੀ ਵਿਸ਼ੇਸ਼ ਤੌਰ ਤੇ ਮੌਜੂਦ ਰਹੇ। ਉਹਨਾਂ ਨੇ ਇਹ ਵੀ ਸਪਸ਼ਟ ਕੀਤਾ ਕਿ 20 ਅਕਤੂਬਰ ਨੂੰ ਦਿਵਾਲੀ ਦਾ ਤਿਉਹਾਰ ਹੋਣ ਕਰਕੇ ਇਸ ਵਾਰ 18 ਅਕਤੂਬਰ ਨੂੰ ਮੇਲੇ ਦਾ ਆਯੋਜਨ ਹੋਵੇਗਾ। ਇਸ ਤੋਂ ਇਲਾਵਾ, ਫਾਊਂਡੇਸ਼ਨ ਵੱਲੋਂ ਹੜ ਪੀੜਤਾਂ ਦੀ ਮਦਦ ਕਰਨ ਦਾ ਫੈਸਲਾ ਵੀ ਲਿਆ ਗਿਆ ਹੈ।

# ਮਲਕਪੁਰ ਜੱਟਾਂ ਦੇ ਸਰਕਾਰੀ ਸਕੂਲ ਚ ਸੈਂਟਰ ਪੱਧਰੀ ਖੇਡਾਂ ਦਾ ਆਯੋਜਨ



**ਸਨੌਰ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਪ੍ਰਾਇਮਰੀ ਸਕੂਲ ਮਲਕਪੁਰ ਜੱਟਾਂ ਵਿਖੇ ਕਲੱਸਟਰ ਮਾੜੂ ਅੰਦਰ ਆਉਂਦੇ ਗਿਆਰਾਂ ਸਕੂਲਾਂ ਦੀਆਂ ਖੇਡਾਂ ਸੈਂਟਰ ਹੈੱਡ ਸ਼੍ਰੀ ਮਤੀ ਲਲਿਤਾ ਬੰਗਾ ਜੀ ਦੀ ਅਗਵਾਈ ਹੇਠ ਕਾਰਵਾਈਆਂ ਗਈਆਂ। ਇਸ ਵਿੱਚ ਬੀ,ਐਸ,ਓ, ਘਨੌਰ ਸ,ਹਰਮੋਹਿੰਦਰ ਸਿੰਘ ਜੀ ਅਤੇ ਪਿੰਡ ਮਲਕਪੁਰ ਜੱਟਾਂ ਦੇ ਸਰਪੰਚ ਸ ਗੁਰਿੰਦਰ ਸਿੰਘ ਨੇ ਮੁੱਖ ਮਹਿਮਾਨ ਵਜੋ ਸ਼ਿਰਕਤ ਕੀਤੀ।ਇਸ ਮੌਕੇ ਤੇ ਸਮੂਹ ਅਧਿਆਪਕ ਸਾਹਿਬਾਨ ਕਲੱਸਟਰ ਮਾੜੂ,ਪਿੰਡ ਮਲਕਪੁਰ ਜੱਟਾਂ ਦੀ,ਸਮੂਹ ਮੈਨੇਜਮੈਂਟ ਕਮੇਟੀ ਅਤੇ ਪਿੰਡ ਵਾਸੀ ਸ਼ਾਮਿਲ ਹੋਏ। ਇਸ ਵਿਚ ਭਾਗ ਲੈਣ ਆਏ ਖਿਡਾਰੀ ਪਹਿਲੇ ਸਕੂਲ ਲੈਵਲ ਕੁਆਲੀਫਾਈ ਕਰ ਕੇ ਆਏ ਸਨ।ਕਲੱਸਟਰ ਲੈਵਲ ਤੋਂ ਕੁਆਲੀਫਾਈ ਖਿਡਾਰੀ ਬਲਾਕ ਲੈਵਲ ਚ ਹਿੱਸਾ ਲੈਣਗੇ। ਬੀ ਐੱਸ ਓ ਘਨੌਰ ਹਰਮੋਹਿੰਦਰ ਸਿੰਘ ਨੇ ਕਿਹਾ ਕਿ ਸੈਂਟਰ ਪੱਧਰੀ ਖੇਡਾਂ ਕਰਵਾਈਆ ਜਾ ਰਹੀਆਂ ਨੇ, ਪੜ੍ਹਾਈ ਦੇ ਨਾਲ ਨਾਲ ਬੱਚਿਆ ਨੂੰ ਖੇਡਾਂ ਵੱਲ ਵੀ ਪ੍ਰੇਰਿਤ ਕੀਤਾ ਜਾ ਰਿਹਾ ਹੈ। ਬੱਚਿਆ ਦੇ ਮਾਪਿਆ ਦਾ ਵੀ ਵਿਸ਼ੇਸ ਯੋਗਦਾਨ ਮਿਲ ਰਿਹਾ ਹੈ। ਮਲਕਪੁਰ ਜੱਟਾਂ ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਦੇ ਅਧਿਆਪਕ ਸੁਖਮਨ ਸਿੰਘ ਨੇ ਵੀ ਬੱਚਿਆਂ ਦੇ ਮਾਪਿਆਂ ਅਤੇ ਪਿੰਡ ਮਲਕਪੁਰ ਜੱਟਾਂ ਦੀ ਪੰਚਾਇਤ ਵੱਲੋਂ ਮਿਲ ਰਹੇ ਸਹਿਯੋਗ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਪਹਿਲੀ ਵਾਰ ਮਲਕਪੁਰ ਜੱਟਾਂ ਦੇ ਸਰਕਾਰੀ ਸਕੂਲ ਚ ਬੱਚਿਆਂ ਦੀਆਂ ਸੈਂਟਰ ਪੱਧਰੀ ਖੇਡਾਂ ਦਾ ਆਯੋਜਨ ਕੀਤਾ ਗਿਆ ਹੈ ।

# ਕ੍ਰਿਸ਼ੀ ਵਿਗਿਆਨ ਕੇਂਦਰ, ਅੰਮ੍ਰਿਤਸਰ ਵਿਖੇ ਲੱਗਣ ਵਾਲਾ ਕਿਸਾਨ ਮੇਲਾ ਰੱਦ

**ਤਰਨ ਤਾਰਨ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ ਦੇ ਇੰਚਾਰਜ਼ ਡਾ ਪਰਵਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਵਿੱਚ ਹੜ੍ਹਾਂ ਕਾਰਨ ਬਣੇ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਪੰਜਾਬ ਖੇਤੀਬਾੜੀ ਯੂਨੀਵਰਸਿਟੀ,ਲੁਧਿਆਣਾ ਵੱਲੋਂ ਜਿਹੜਾ ਕਿਸਾਨ ਮੇਲਾ ਮਿਤੀ 01 ਅਕਤੂਬਰ 2025 ਦਿਨ ਬੁੱਧਵਾਰ ਨੂੰ ਕ੍ਰਿਸ਼ੀ ਵਿਗਿਆਨ ਕੇਂਦਰ, ਨਾਗ ਕਲਾਂ-ਜਹਾਂਗੀਰ, ਅੰਮ੍ਰਿਤਸਰ ਵਿਖੇ ਲਾਇਆ ਜਾਣਾ ਸੀ, ਹੁਣ ਇਹ ਕਿਸਾਨ ਮੇਲਾ ਰੱਦ ਕਰ ਦਿੱਤਾ ਗਿਆ ਹੈ ਉਨ੍ਹਾਂ ਦੱਸਿਆ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਕਣਕ, ਅੰਮ੍ਰਿਤਸਰ, ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ ਅਤੇ ਬੀਜ ਫਾਰਮ, ਉਸਮਾਂ ਤੋਂ ਆਮ ਵਾਂਗ ਮਿਲਣਗੇ ।\

# ਵਿਜੀਲੈਂਸ ਵੱਲੋਂ 30,000 ਰੁਪਏ ਰਿਸ਼ਵਤ ਲੈਂਦਾ ASI ਰੰਗੇ ਹੱਥੀਂ ਕਾਬੂ



**ਚੰਡੀਗੜ੍ਹ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਅੱਜ ਜ਼ਿਲ੍ਹਾ ਐਸਏਐਸ ਨਗਰ ਦੇ ਪੁਲਿਸ ਥਾਣਾ ਲਾਲੜੂ ਵਿਖੇ ਤਫ਼ਤੀਸ਼ੀ ਅਫ਼ਸਰ ਵਜੋਂ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏਐਸਆਈ) ਬਲਜਿੰਦਰ ਸਿੰਘ ਨੂੰ 30,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ।

ਅੱਜ ਇੱਥੇ ਇਸ ਬਾਰੇ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਅਧਿਕਾਰਤ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਪੁਲਿਸ ਮੁਲਾਜ਼ਮ ਨੂੰ ਪਿੰਡ ਛੰਨਾ ਗੁਲਾਬ ਸਿੰਘ ਵਾਲਾ, ਜ਼ਿਲ੍ਹਾ ਬਠਿੰਡਾ ਦੇ ਵਸਨੀਕ, ਜੋ ਇਸ ਸਮੇਂ ਐਸਏਐਸ ਨਗਰ ਜ਼ਿਲ੍ਹੇ ਦੇ ਖਰੜ ਦੀ ਗਿਲਕੋ ਵੈਲੀ ਵਿਖੇ ਰਹਿ ਰਿਹਾ ਹੈ, ਵੱਲੋਂ ਦਰਜ ਕਰਵਾਈ ਸ਼ਿਕਾਇਤ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਕਿਹਾ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਸ਼ਿਕਾਇਤ ਦਰਜ ਕਰਵਾਈ ਕਿ ਉਕਤ ਏਐਸਆਈ ਉਸ ਵਿਰੁੱਧ ਆਈਪੀਸੀ ਦੀ ਧਾਰਾ 406 ਅਤੇ 420 ਤਹਿਤ ਥਾਣਾ ਲਾਲੜੂ ਵਿਖੇ ਦਰਜ ਮਾਮਲੇ ਦੀ ਜਾਂਚ ਕਰ ਰਿਹਾ ਹੈ ਅਤੇ ਉਸ ਨੇ ਉਸ ਕੋਲੋਂ 1,30,000 ਰੁਪਏ ਦੀ ਰਿਸ਼ਵਤ ਮੰਗੀ ਹੈ। ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸ ਤੋਂ ਇਹ ਰਿਸ਼ਵਤ ਜਾਂਚ ਵਿੱਚ ਉਸਦਾ ਪੱਖ ਲੈਣ ਬਦਲੇ ਮੰਗੀ ਗਈ ਹੈ, ਜਿਸ ਵਿੱਚ ਪੁਲਿਸ ਰਿਮਾਂਡ ਦੌਰਾਨ 10,00,000 ਰੁਪਏ ਦੀ ਠੱਗੀ ਵਾਲੀ ਰਕਮ ਦੀ ਵਸੂਲੀ ਤੋਂ ਬਚਾਉਣਾ, ਭਵਿੱਖੀ ਜਾਂਚ ਵਿੱਚ ਨਰਮੀ ਵਰਤਣਾ ਅਤੇ ਉਕਤ ਪੁਲਿਸ ਮੁਲਾਜ਼ਮ ਦੁਆਰਾ ਕਬਜ਼ੇ ਵਿੱਚ ਲਈ ਗਈ, ਪਰ ਰਿਕਾਰਡ 'ਚ ਦਰਜ ਨਾ ਕੀਤੀ, ਸ਼ਿਕਾਇਤਕਰਤਾ ਦੀ ਕਾਰ ਨੂੰ ਛੱਡਣਾ ਸ਼ਾਮਲ ਹੈ।ਉਸਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੂੰ ਮੁਲਜ਼ਮ ਕਰਮਚਾਰੀ ਵੱਲੋਂ ਰਿਸ਼ਵਤ ਦੀ ਕੁੱਲ ਰਕਮ ਵਿੱਚੋਂ ਪਹਿਲੀ ਕਿਸ਼ਤ ਵਜੋਂ 30,000 ਰੁਪਏ ਤੁਰੰਤ ਅਦਾ ਕਰਨ ਲਈ ਕਿਹਾ ਗਿਆ ਹੈ।

ਦੱਸਣਯੋਗ ਹੈ ਕਿ ਸ਼ਿਕਾਇਤਕਰਤਾ ਨੇ ਮੁਲਜ਼ਮ ਕਰਮਚਾਰੀ ਦੀ ਸਾਰੀ ਗੱਲਬਾਤ ਰਿਕਾਰਡ ਕਰ ਲਈ ਸੀ, ਜੋ ਉਸਨੇ ਸਬੂਤ ਵਜੋਂ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤੀ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ 'ਤੇ ਤੁਰੰਤ ਕਾਰਵਾਈ ਕਰਦਿਆਂ ਵਿਜੀਲੈਂਸ ਬਿਊਰੋ ਦੇ ਉਡਣ ਦਸਤੇ ਨੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕਰਕੇ ਮੁਲਜ਼ਮ ਨੂੰ ਫੜਨ ਲਈ ਟੀਮ ਦਾ ਗਠਨ ਕੀਤਾ।

ਉਨ੍ਹਾਂ ਅੱਗੇ ਦੱਸਿਆ ਕਿ ਯੋਜਨਾ ਅਨੁਸਾਰ, ਮੁਲਜ਼ਮ ਏਐਸਆਈ ਨੇ ਸ਼ਿਕਾਇਤਕਰਤਾ ਨੂੰ ਲਾਲੜੂ ਦੇ ਨੈਸ਼ਨਲ ਹਾਈਵੇਅ 'ਤੇ ਸਥਿਤ ਪੰਜਾਬੀ ਵੈਸ਼ਨੋ ਢਾਬੇ 'ਤੇ ਮਿਲਣ ਲਈ ਬੁਲਾਇਆ ਜਿੱਥੇ ਉਹ ਆਪਣੀ ਨਿੱਜੀ ਗੱਡੀ ਵਿੱਚ ਪਹੁੰਚਿਆ। ਇਸ ਮੌਕੇ ਵਿਜੀਲੈਂਸ ਟੀਮ ਨੇ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ 30,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਅਤੇ ਇਸ ਸਬੰਧੀ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।

# ਭ੍ਰਿਸ਼ਟਾਚਾਰ ਵਿਰੁੱਧ ਵਿਜੀਲੈਂਸ ਬਿਊਰੋ ਦੀ ਮੁਹਿੰਮ ਜਾਰੀ 4000 ਰੁਪਏ ਰਿਸ਼ਵਤ ਲੈਂਦਾ ਸਿੱਖਿਆ ਵਿਭਾਗ ਦਾ ਜੇ.ਈ. ਕਾਬੂ

**ਚੰਡੀਗੜ੍ਹ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਕਪੂਰਥਲਾ ਵਿਖੇ ਤਾਇਨਾਤ ਸਿੱਖਿਆ ਵਿਭਾਗ ਦੇ ਜੂਨੀਅਰ ਇੰਜੀਨੀਅਰ (ਜੇ.ਈ.) ਹਰਜੀਤ ਸਿੰਘ ਨੂੰ 4000 ਰੁਪਏ ਰਿਸ਼ਵਤ ਲੈਂਦਿਆਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਕਪੂਰਥਲਾ ਜ਼ਿਲ੍ਹੇ ਦੇ ਸਰਕਾਰੀ ਸਕੂਲ, ਧਾਲੀਵਾਲ ਦੋਨਾ ਵਿਖੇ ਤਾਇਨਾਤ ਇੱਕ ਸਕੂਲ ਅਧਿਆਪਕ ਦੀ ਸ਼ਿਕਾਇਤ ਉਪਰੰਤ ਗ੍ਰਿਫ਼ਤਾਰ ਕੀਤਾ ਗਿਆ ਹੈ।



ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਹੈ ਕਿ ਉਕਤ ਮੁਲਜ਼ਮ ਨੇ ਸਕੂਲ ਵੱਲੋਂ ਵਰਤੀ ਗਈ 40 ਲੱਖ ਰੁਪਏ ਦੀ ਗ੍ਰਾਂਟ ਦੇ ਸਬੰਧ ਵਿੱਚ ਸੰਪੂਰਨਤਾ ਸਰਟੀਫਿਕੇਟ ਜਾਰੀ ਕਰਨ ਬਦਲੇ 10,000 ਰੁਪਏ ਰਿਸ਼ਵਤ ਦੀ ਮੰਗ ਕੀਤੀ। ਸ਼ਿਕਾਇਤਕਰਤਾ ਨੇ ਦੱਸਿਆ ਕਿ ਇਸ ਸਬੰਧੀ ਮੁਲਜ਼ਮ ਜੇ.ਈ. ਪਹਿਲਾਂ ਹੀ 2000 ਰੁਪਏ ਰਿਸ਼ਵਤ ਲੈ ਚੁੱਕਾ ਹੈ ਅਤੇ ਰਿਸ਼ਵਤ ਦੇ ਬਾਕੀ ਪੈਸਿਆਂ ਦੀ ਮੰਗ ਕਰ ਰਿਹਾ ਹੈ। ਸ਼ਿਕਾਇਤਕਰਤਾ ਨੇ ਰਿਸ਼ਵਤ ਮੰਗਣ ਸਮੇਂ ਜੇ.ਈ. ਨਾਲ ਹੋਈ ਗੱਲਬਾਤ ਨੂੰ ਰਿਕਾਰਡ ਕਰ ਲਿਆ ਅਤੇ ਇਸ ਰਿਕਾਰਡਿੰਗ ਨੂੰ ਸਬੂਤ ਵਜੋਂ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤਾ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਉਪਰੰਤ, ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾ ਕੇ ਮੁਲਜ਼ਮ ਜੇ.ਈ. ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਅਧਿਆਪਕ ਤੋਂ ਦੂਜੀ ਕਿਸ਼ਤ ਵਜੋਂ 4000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਸਬੰਧੀ ਜੇ.ਈ. ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪੇਪਰਲੈਸ ਰਜਿਸਟ੍ਰੇਸ਼ਨ, ਸੀਮਾਂਕਨ ਪੋਰਟਲ, ਵਾਟਸਐਪ ਚੈਟਬੋਟ ਅਤੇ ਮਾਲੀਆ ਅਦਾਲਤ ਪ੍ਰਬੰਧਨ ਪ੍ਰਣਾਲੀ ਵਿਵਸਥਾ ਦੀ ਕੀਤੀ ਸ਼ੁਰੂਆਤ

**➢ ਪੇਪਰਲੈਸ ਰਜਿਸਟ੍ਰੇਸ਼ਨ ਕਰ ਕੇ ਸਰਕਾਰ ਦਾ ਮਾਲ ਵਿਭਾਗ ਵਿੱਚ ਭ੍ਰਿਸ਼ਟਾਚਾਰ ਦੀ ਜੜ੍ਹਾਂ 'ਤੇ ਸਿੱਧਾ ਵਾਰ : ਨਾਇਬ ਸਿੰਘ ਸੈਣੀ ➢ ਮਨੁੱਖੀ ਦਖਲਅੰਦਾਜੀ ਘੱਟ ਹੋਣ ਨਾਲ ਨਹੀਂ ਰਹੇਗੀ ਭ੍ਰਿਸ਼ਟਾਚਾਰ ਦੀ ਗੁੰਜਾਇਸ਼**

**ਚੰਡੀਗੜ੍ਹ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਰਕਾਰ ਪੇਪਰਲੈਸ ਰਜਿਸਟ੍ਰੇਸ਼ਨ ਕਰ ਕੇ ਮਾਲ ਵਿਭਾਗ ਵਿੱਚ ਭ੍ਰਿਸ਼ਟਾਚਾਰ ਦੀ ਜੜ੍ਹਾਂ 'ਤੇ ਸਿੱਧਾ ਵਾਰ ਕਰ ਰਹੀ ਹੈ। ਮਨੁੱਖੀ ਦਖਲਅੰਦਾਜੀ ਘੱਟ ਹੋਵੇਗੀ ਤਾਂ ਭ੍ਰਿਸ਼ਟਾਚਾਰ ਦੀ ਗੁੰਜਾਇਸ਼ ਵੀ ਨਹੀਂ ਰਹੇਗੀ। ਹੁਣ ਰਜਿਸਟਰੀ ਦਾ ਕੰਮ ਪੂਰੀ ਤਰ੍ਹਾ ਡਿਜੀਟਲ ਹੋਵੇਗਾ, ਜਿਸ ਵਿੱਚ ਇਹ ਪਹਿਲ ਮਿਨੀਮਮ ਗਵਰਨਮੈਂਟ-ਮੈਕਸੀਮਮ ਗਵਰਨੈਂਸ ਦੀ ਸਾਡੀ ਨੀਤੀ ਦਾ ਜੀਵੰਤ ਉਦਾਹਰਣ ਹੈ। ਪੇਪਰਲੈਸ ਰਜਿਸਟ੍ਰੇਸ਼ਨ ਨਾਲ ਵਾਤਾਵਰਣ ਦਾ ਵੀ ਬਚਾਅ ਹੋਵੇਗਾ।

ਮੁੱਖ ਮੰਤਰੀ ਸੋਮਵਾਰ ਨੂੰ ਕੁਰੂਕਸ਼ੇਤਰ ਵਿੱਚ ਲਾਡਵਾ ਵਿਧਾਨਸਭਾ ਦੀ ਬਾਬੈਨ ਤਹਿਸੀਲ ਤੋਂ ਮਾਲ ਵਿਭਾਗ ਦੀ 4 ਨਵੀਂ ਪਹਿਲਾਂ ਦੇ ਉਦਘਾਟਨ ਮੌਕੇ 'ਤੇ ਰਾਜ ਪੱਧਰੀ ਪ੍ਰੋਗਰਾਮ ਵਿੱਚ ਬੋਲ ਰਹੇ ਸਨ। ਮੁੱਖ ਮੰਤਰੀ ਨੇ ਮੰਚ ਤੋਂ ਬਟਨ ਦਬਾ ਕੇ ਪੇਪਰਲੈਸ ਰਜਿਸਟ੍ਰੇਸ਼ਨ, ਸੀਮਾਂਕਨ ਪੋਰਟਲ, ਵਾਟਸਐਪ ਚੈਟਬੋਟ ਅਤੇ ਮਾਲੀਆ ਅਦਾਲਤ ਪ੍ਰਬੰਧਨ ਪ੍ਰਣਾਲੀ ਵਿਵਸਥਾ ਦਾ ਉਦਘਾਟਨ ਕੀਤਾ। ਨਾਲ ਹੀ ਮੈਨੁਅਲ ਜਾਣਕਾਰੀ 'ਤੇ ਅਧਾਰਿਤ ਪੁਸਤਿਕਾ ਦੀ ਘੁੰਡ ਚੁਕਾਈ ਕੀਤੀ। ਮੁੱਖ ਮੰਤਰੀ ਨੇ ਬਾਬੈਨ ਤਹਿਸੀਲ ਤੋਂ ਪਹਿਲੀ ਪੇਪਰਲੈਸ ਰਜਿਸਟਰੀ ਅਤੇ ਨਿਸ਼ਾਨਦੇਹੀ ਦੀ ਪੂਰੀ ਪ੍ਰਕ੍ਰਿਆ ਨੂੰ ਵੀ ਦੇਖਿਆ। ਇਸ ਤੋਂ ਪਹਿਲਾਂ ਉਨ੍ਹਾਂ ਨੇ ਤਹਿਸੀਲ ਪਰਿਸਰ ਵਿੱਚ ਪੌਧਾਰੋਪਣ ਵੀ ਕੀਤਾ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਵਿੱਚ ਡਿਜੀਟਲ ਹਰਿਆਣਾ ਪ੍ਰੋਗਰਾਮ ਆਖੀਰੀ ਪਾਇਦਾਨ 'ਤੇ ਬੈਠੇ ਵਿਅਕਤੀ ਨੂੰ ਮਜਬੂਤ ਬਨਾਉਣ ਦਾ ਮਾਧਿਅਮ ਹੈ। ਮਾਲ ਵਿਭਾਗ ਦੀ ਜਿਨ੍ਹਾਂ 4 ਪਹਿਲਾਂ ਦੀ ਸ਼ੁਰੂਆਤ ਕੀਤੀ ਗਈ ਹੈ, ਇਹ ਸਿਰਫ ਤਕਨੀਕੀ ਬਦਲਾਅ ਨਹੀਂ ਹੈ। ਇਹ ਬਦਲਾਅ ਸੁਸ਼ਾਸਨ, ਪਾਰਦਰਸ਼ਿਤਾ ਅਤੇ ਨਾਗਰਿਕ ਸਹੂਲਤ ਦੇ ਲਈ ਅਧਿਆਏ ਦੀ ਸ਼ੁਰੂਆਤ ਹੈ। ਉਨ੍ਹਾਂ ਨੇ ਕਿਹਾ ਕਿ ਮਾਲ ਅਤੇ ਆਪਦਾ ਪ੍ਰਬੰਧਨ ਵਿਭਾਗ ਸੂਬੇ ਦੇ ਸੱਭ ਤੋਂ ਮਹਤੱਵਪੂਰਣ ਵਿਭਾਗਾਂ ਵਿੱਚੋਂ ਇੱਕ ਹਨ। ਇਹ ਵਿਭਾਗ ਸਿੱਧੇ ਜਨਤਾ ਦੇ ਜੀਵਨ ਨਾਲ ਜੁੜਿਆ ਹੋਇਆ ਹੈ। ਇਹ ਵਿਭਾਗ ਮਾਲ ਪ੍ਰਬੰਧਨ ਵਿੱਚ ਮਹਤੱਵਪੂਰਣ ਭੂਮਿਕਾ ਨਿਭਾਉਂਦਾ ਹੈ। ਇਸ ਦੇ ਨਾਲ ਹੀ ਆਪਦਾ ਦੇ ਸਮੇਂ ਲੋਕਾਂ ਦੇ ਲਈ ਸੰਕਟਮੋਚਕ ਵਜੋਂ ਕੰਮ ਕਰਦਾ ਹੈ।

ਉਨ੍ਹਾਂ ਨੇ ਕਿਹਾ ਕਿ ਮਾਲ ਵਿਭਾਗ ਨੇ ਸਮੇਂ-ਸਮੇਂ 'ਤੇ ਨਵੀਂ-ਨਵੀਂ ਤਕਨੀਕਾਂ ਨੂੰ ਅਪਣਾ ਕੇ ਆਪਣੇ ਕੰਮਕਾਜ ਨੂੰ ਸਰਲ, ਪਾਰਦਰਸ਼ੀ ਅਤੇ ਜਨ-ਹਿਤੈਸ਼ੀ ਬਣਾਇਆ ਹੈ। ਅੱਜ ਜੋ ਪ੍ਰਕ੍ਰਿਆਵਾਂ ਸ਼ੁਰੂ ਕੀਤੀਆਂ ਹਨ, ਉਹ ਇਸੀ ਯਾਤਰਾ ਦਾ ਨਵਾਂ ਅਧਿਆਏ ਹਨ। ਉਨ੍ਹਾਂ ਨੇ ਕਿਹਾ ਕਿ ਸ਼ਾਸਨ ਮੁੱਢਲਾ ਅਰਥ-ਜਨਤਾ ਦੀ ਸੇਵਾ ਕਰਦਾ ਹੈ। ਇਸ ਲਈ ਸੇਵਾ ਨੂੰ ਸਰਲ, ਪਾਰਦਰਸ਼ੀ ਅਤੇ ਤੁਰੰਤ ਹੋਣਾ ਚਾਹੀਦਾ ਹੈ। ਸਾਡਾ ਟੀਚਾ ਹੈ ਕਿ ਆਮ ਨਾਗਰਿਕ ਨੂੰ ਸਰਕਾਰੀ ਦਫਤਰਾਂ ਦੇ ਚੱਕਰ ਨਾ ਕੱਟਣ ਪੈਣ। ਸਰਕਾਰ ਖੁਦ ਨਾਗਰਿਕ ਦੇ ਦਰਵਾਜਿਆਂ ਤੱਕ ਪਹੁੰਚੇ। ਇਸੀ ਸੰਕਲਪ ਨੂੰ ਹੋਰ ਅੱਗੇ ਵਧਾਉਂਦੇ ਹੋਏ ਮਾਲ ਅਤੇ ਆਪਦਾ ਪ੍ਰਬੰਧਨ ਵਿਭਾਗ ਦੀ ਇੰਨ੍ਹਾਂ 4 ਪਹਿਲਾਂ ਦੀ ਸ਼ੁਰੂਆਤ ਕੀਤੀ ਗਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੇਪਰਲੈਸ ਰਜਿਸਟ੍ਰੇਸ਼ਨ ਦੇ ਇਸ ਪਹਿਲ ਨਾਲ ਰਜਿਸਟਰੀ ਕਰਵਾਉਣ ਦੀ ਦਿਹਾੜਿਆਂ ਤੋਂ ਚੱਲੀ ਆ ਰਹੀ ਮੁਸ਼ਕਲ ਪ੍ਰਕ੍ਰਿਆ ਤੋਂ ਮੁਕਤੀ ਮਿਲੇਗੀ। ਹੁਣ ਰਜਿਸਟ੍ਰੀ ਕਰਵਾਉਣ ਵਿੱਚ ਗੈਰ-ਜਰੂਰੀ ਦੇਰੀ ਨਹੀਂ ਹੋਵੇਗੀ। ਇਸ ਨਾਲ ਨਾਗਰਿਕਾਂ ਨੂੰ ਦਫਤਰਾਂ ਦੇ ਚੱਕਰ ਲਗਾਉਣ ਦੀ ਪਰੇਸ਼ਾਨੀ ਤੋਂ ਮੁਕਤੀ ਮਿਲੇਗੀ। ਉਨ੍ਹਾਂ ਨੂੰ ਸਿਰਫ ਇੱਕ ਵਾਰ ਫੋਟੋ ਖਿਚਵਾਉਣ ਤੇ ਦਸਤਖਤ ਲਈ ਤਹਿਸੀਲ ਜਾਣਾ ਹੋਵੇਗਾ।



ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕਿਸਾਨ ਅਤੇ ਖੇਤੀਬਾੜੀ ਸੂਬੇ ਦੀ ਅਰਥਵਿਵਸਥਾ ਦੀ ਰੀੜ ਦੀ ਹੱਡੀ ਹੈ ਅਤੇ ਭੂਮੀ ਸਬੰਧੀ ਵਿਵਾਦ ਪਿੰਡਾਂ ਦੀ ਇੱਕ ਵੱਡੀ ਸਮਸਿਆ ਹੈ। ਅੱਜ ਸ਼ੁਰੂ ਕੀਤੀ ਗਈ ਪਹਿਲ ਸੀਮਾਂਕਨ (ਡਿਮਾਰਕੇਸ਼ਨ) ਪੋਰਟਲ ਇਸ ਸਮਸਿਆ ਦਾ ਇੱਕ ਸਥਾਈ ਅਤੇ ਤਕਨੀਕੀ ਹੱਲ ਹੈ। ਇਸ ਪੋਰਟਲ ਰਾਹੀਂ ਕਿਸਾਨ ਹੁਣ ਆਪਣੀ ਭੂਮੀ ਦੀ ਪੈਮਾਇਸ਼ ਲਈ ਸਿੱਧੇ ਬਿਨੈ ਕਰ ਸਕਦੇ ਹਨ। ਰੋਵਰ ਅਤੇ ਆਧੁਨਿਕ ਜੀਪੀਐਸ ਤਕਨੀਕ ਦੀ ਵਰਤੋਂ ਕਰ ਕੇ ਇਹ ਪ੍ਰਕ੍ਰਿਆ ਹੁਣ ਸਟੀਕਤਾ, ਗਤੀ ਅਤੇ ਨਿਰਪੱਖਤਾ ਨਾਲ ਪੂਰੀ ਹੋਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਅੱਜ ਹਰ ਵਿਅਕਤੀ ਦੇ ਹੱਥ ਵਿੱਚ ਸਮਾਰਟਫੋਨ ਹਨ ਅਤੇ ਵਾਟਸਐਪ ਸੰਚਾਰ ਦਾ ਸੱਭ ਤੋਂ ਸਰਲ ਸਰੋਤ ਬਣ ਗਿਆ ਹੈ। ਸਰਕਾਰ ਨੇ ਇਸ ਤਕਨੀਕ ਦੀ ਵਰਤੋਂ ਜਨਤਾ ਦੀ ਸੇਵਾ ਲਈ ਕੀਤੀ ਹੈ। ਨਵਾਂ ਵਾਟਸਐਪ ਚੈਟਬੋਟ ਮਾਲ ਵਿਭਾਗ ਨਾਲ ਸਬੰਧਿਤ ਆਮ ਜਾਣਕਾਰੀ, ਸੇਵਾਵਾਂ ਦੀ ਸਥਿਤੀ ਅਤੇ ਜਰੂਰੀ ਦਸਤਾਵੇਜਾਂ ਦੀ ਲਿਸਟ 24 ਘੰਟੇ, ਸੱਤਾ ਦਿਨ ਉਪਲਬਧ ਕਰਾਏਗਾ। ਹੁਣ ਕਿਸੇ ਵੀ ਛੋਟੀ ਤੋਂ ਛੋਟੀ ਜਾਣਕਾਰੀ ਲਈ ਦਫਤਰ ਜਾਣ ਦੀ ਜਰੂਰਤ ਨਹੀਂ ਹੈ। ਹੁਣ ਆਪਣੇ ਮੋਬਾਇਲ 'ਤੇ, ਤੁਰੰਤ ਅਤੇ ਸਟੀਕ ਜਾਣਕਾਰੀ ਪ੍ਰਾਪਤ ਕਰ ਸਕਣਗੇ। ਇਹ ਨਾਗਰਿਕਾਂ ਨੂੰ ਮਜਬੂਤ ਬਨਾਉਣ ਦਾ ਇੱਕ ਮਾਧਿਅਮ ਹੈ। ਇਸ ਨਾਲ ਸਰਕਾਰ ਅਤੇ ਜਨਤਾ ਦੇ ਵਿੱਚ ਦੀ ਦੂਰੀ ਘੱਟ ਹੋਵੇਗੀ। ਖਾਸਤੌਰ 'ਤੇ ਪਿੰਡ ਦੀ ਜਨਤਾ ਲਈ ਇਹ ਸਹੂਲਤ ਬਹੁਤ ਮਦਦਗਾਰ ਸਾਬਤ ਹੋਵੇਗੀ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਮਾਲੀਆ ਅਦਾਲਤਾਂ ਵਿੱਚ ਪੈਂਡਿੰਗ ਮਾਮਲੇ ਨਿਆਂ ਦੀ ਰਾਹ ਵਿੱਚ ਇੱਕ ਵੱਡੀ ਚਨੌਤੀ ਰਹੇ ਹਨ। ਨਿਆਂ ਵਿੱਚ ਦੇਰੀ, ਨਿਆਂ ਤੋਂ ਵਾਂਝੇ ਹੋਣ ਦੇ ਸਮਾਨ ਹਨ। ਹੁਣ ਰੇਵੀਨਿਊ ਕੋਰਟ ਕੇਸ ਮੈਨੇਜਮੈਂਟ ਸਿਸਟਮ ਰਾਹੀਂ ਮਾਲ ਅਦਾਲਤਾਂ ਵਿੱਚ ਚੱਲ ਰਹੇ ਮਾਮਲਿਆਂ ਦੀ ਡਿਜੀਟਲ ਮਾਨੀਟਰਿੰਗ ਹੋਵੇਗੀ। ਕੇਸ ਦੀ ਸਥਿਤੀ, ਮਿੱਤੀ ਅਤੇ ਆਦੇਸ਼ ਆਨਲਾਇਨ ਉਪਲਬਧ ਹੋਵੇਗਾ। ਇਸ ਸਿਸਟਮ ਨਾਲ ਛੋਟੇ-ਛੋਟੇ ਮਾਮਲਿਆਂ ਵਿੱਚ ਵਰ੍ਹਿਆਂ ਦੀ ਦੇਰੀ ਖਤਮ ਹੁਵੇਗੀ। ਇਸ ਨਾਲ ਨਿਆਂ ਪ੍ਰਕ੍ਰਿਆ ਤੇਜੀ ਅਤੇ ਪਾਰਦਰਸ਼ੀ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਇਹ ਸਿਸਟਮ ਸਾਰੀ ਮਾਲ ਅਦਾਲਤਾਂ ਦੇ ਮਾਮਲਿਆਂ ਨੂੰ ਡਿਜੀਟਲ ਪਲੇਟਫਾਰਮ 'ਤੇ ਲਿਆਏਗਾ। ਇਹ ਨਾ ਸਿਰਫ ਨਿਆਂਇਕ ਪਾਰਦਰਸ਼ਿਤਾ ਵਧਾਏਗਾ, ਸਗੋਂ ਪੈਂਡਿੰਗ ਮਾਮਲਿਆਂ ਦਾ ਤੁਰੰਤ ਨਿਪਟਾਨ ਵਿੱਚ ਵੀ ਸਹਾਇਕ ਹੋਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਵਿਕਾਸ ਲਈ ਆਧੁਨਿਕ ਤਕਨਾਲੋਜੀ ਦੇ ਪੱਖਧਰ ਹਨ। ਉਨ੍ਹਾਂ ਨੇ ਸਾਲ 2014 ਵਿੱਚ ਡਿਜੀਟਲ ਇੰਡੀਆ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਸੀ। ਪਿਛਲੇ 11 ਸਾਲਾਂ ਵਿੱਚ ਇਸ ਪ੍ਰੋਗਰਾਮ ਦੇ ਨਤੀਜੇ ਸਾਡੇ ਸਾਹਮਣੇ ਹਨ। ਇਸ ਪ੍ਰੋਗਰਾਮ ਨਾਲ ਆਮ ਲੋਕ ਡਿਜੀਟਲ ਰੂਪ ਨਾਲ ਮਜਬੂਤ ਹੋਏ ਹਨ। ਭ੍ਰਿਸ਼ਟਾਚਾਰ 'ਤੇ ਰੋਕ ਲੱਗੀ ਹੈ। ਜਨ-ਸੇਵਾਵਾਂ ਲੋਕਾਂ ਤੱਕ ਆਸਾਨੀ ਨਾਲ ਪਹੁੰਚ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਸਰਕਾਰ ਨੇ 1 ਅਪ੍ਰੈਲ 2021 ਤੋਂ ਈ-ਰਜਿਸਟ੍ਰੇਸ਼ਨ ਪ੍ਰਣਾਲੀ ਸ਼ੁਰੂ ਕੀਤੀ ਸੀ। ਇਸ ਦੇ ਤਹਿਤ ਰਜਿਸਟਰੀ ਲਈ ਕੋਈ ਵੀ ਵਿਅਕਤੀ ਪਹਿਲਾਂ ਹੀ ਅਪੁਆਇੰਟਮੈਂਟ ਲੈ ਸਕਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਵਪਾਰਕ ਅਤੇ ਆਵਾਸੀ ਪਰਿਯੋਜਨਾਵਾਂ ਅਤੇ ਕਲੋਨੀਆਂ ਦੇ ਲਈ ਲਾਇਸੈਂਸ ਅਤੇ ਸੀਐਲਯੂ ਦੇਣ ਦੇ ਅਧਿਕਾਰ ਮੁੱਖ ਮੰਤਰੀ ਦਫਤਰ ਦੇ ਕੋਲ ਸਨ। ਇਸ ਵਿਵਸਥਾ ਨੂੰ ਖਤਮ ਕੀਤਾ ਅਤੇ ਇਸ ਦੀ ਸ਼ਕਤੀਆਂ ਨਿਦੇਸ਼ਕ ਟਾਊਨ ਐਂਡ ਕੰਟਰੀ ਪਲਾਨਿੰਗ ਵਿਭਾਗ ਨੂੰ ਦਿੱਤੀਆਂ। ਸੀਐਲਯੂ ਲਈ ਬਿਨੈ ਕਰਨ ਦੀ ਪ੍ਰਕ੍ਰਿਆ ਹੁਣ ਆਨਲਾਇਨ ਹੈ। ਇਸ ਪ੍ਰਕ੍ਰਿਆ ਤੋਂ ਬਿਨੈਕਾਰ ਇਹ ਵੀ ਦੇਖ ਸਕਦਾ ਹੈ ਕਿ ਉਸ ਦੀ ਫਾਇਲ ਕਿਸ ਦੇ ਕੋਲ ਪਹੁੰਚੀ ਹੈ। ਸਾਰੀ ਸੀਐਲਯੂ ਹੁਣ 30 ਦਿਨਾਂ ਵਿੱਚ ਆਨਲਾਇਨ ਹੋ ਜਾਂਦੇ ਹਨ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਭੂ-ਰਿਕਾਰਡ ਦੀ ਪੂਰੀ ਤਰ੍ਹਾ ਡਿਜੀਟਲਾਇਜ ਕਰਨ ਲਈ ਸਾਰੀ ਤਹਿਸੀਲਾਂ ਵਿੱਚ ਸਮੀਕ੍ਰਿਤ ਹਰਿਆਣਾ ਭੂ-ਰਿਕਾਰਡ ਸੂਚਨਾ ਪ੍ਰਣਾਲੀ ਲਾਗੂ ਕੀਤੀ ਗਈ ਹੈ। ਇਸ ਨਾਲ ਨਾ ਸਿਰਫ ਭੂ-ਸਵਾਮੀ ਕਿਸੇ ਵੀ ਸਮੇਂ ਅਤੇ ਕਿਤੇ ਵੀ ਆਪਣੀ ਸੰਪਤੀਆਂ ਅਤੇ ਭੂ-ਰਿਕਾਰਡ ਦੀ ਜਾਣਕਾਰੀ ਆਨਲਾਇਨ ਪ੍ਰਾਪਤ ਕਰ ਸਕਦੇ ਹਨ। ਮਾਲ ਵਿਭਾਗ ਦੀ ਵਧੀਕ ਮੁੱਖ ਸਕੱਤਰ ਅਤੇ ਵਿੱਤ ਕਮਿਸ਼ਨਰ ਡਾ. ਸੁਮਿਤਾ ਮਿਸ਼ਰਾ ਨੇ ਕਿਹਾ ਕਿ ਅੱਜ ਬਾਬੈਨ ਦੀ ਛੋਟੀ ਜਿਹੀ ਤਹਸੀਲ ਤੋਂ ਸੂਬੇ ਦੇ ਹਰ ਕਿਸਾਨ ਤੇ ਹਰ ਨਾਗਰਿਕ ਲਈ ਬਿਹਤਰ ਯੋਜਨਾਵਾਂ ਦੀ ਸ਼ੁਰੂਆਤ ਹੋਈ ਹੈ। ਬਜਟ ਸੈਸ਼ਨ ਵਿੱਚ ਮੁੱਖ ਮੰਤਰੀ ਨੇ ਵਿਭਾਗ ਦੇ ਸਾਹਮਣੇ ਕੁੱਝ ਟੀਚੇ ਰੱਖੇ ਸਨ। ਸਦੀਆਂ ਤੋਂ ਚੱਲੀ ਆ ਰਹੀ ਜਰੀਬ ਖਿੱਚ ਕੀਤੀ ਜਾ ਰਹੀ ਪੈਮਾਇਸ਼ ਦੀ ਵਿਵਸਥਾ ਨੂੰ ਬਦਲਿਆ ਜਾਵੇ। ਇਸੀ ਤਰ੍ਹਾ ਰਜਿਸਟਰੀ ਪ੍ਰਕ੍ਰਿਆ ਨੂੰ ਸਰਲ ਬਣਾਇਆ ਜਾਵੇ। ਉਨ੍ਹਾਂ ਨੇ ਕਿਹਾ ਕਿ ਅੱਜ ਮੁੱਖ ਮੰਤਰੀ ਦੀ ਅਗਵਾਈ ਹੇਠ ਪੂਰੇ ਸੂਬੇ ਵਿੱਚ ਇੰਨ੍ਹਾਂ ਪਹਿਲਾਂ ਦੀ ਸ਼ੁਰੂਆਤ ਹੋਈ ਹੈ। ਇਸ ਦੇ ਨਾਲ ਹੀ ਵਾਟਸਐਪ ਚੈਟਬੋਟ ਨੂੰ ਭੂ-ਮਿੱਤਰ ਦੇ ਨਾਮ ਨਾਲ ਸ਼ੁਰੂ ਕਰਵਾਇਆ ਗਿਆ ਹੈ। ਇਸ ਮਾਧਿਅਮ ਨਾਲ ਕੋਈ ਵੀ ਸੂਚਨਾ ਪ੍ਰਾਪਤ ਕੀਤੀ ਜਾ ਸਕੇਗੀ, ਸੇਵਾਵਾਂ ਦੇ ਬਾਰੇ ਜਾਣਕਾਰੀ ਮਿਲਣ ਦੇ ਨਾਲ-ਨਾਲ ਸ਼ਿਕਾਇਤ ਵੀ ਕਰ ਸਕਣਗੇ।

ਮੁੱਖ ਮੰਤਰੀ ਦੇ ਉੱਪ ਪ੍ਰਧਾਨ ਸਕੱਤਰ ਅਤੇ ਭੂ-ਅਭਿਲੇਖ ਵਿਭਾਗ ਦੇ ਨਿਦੇਸ਼ਕ ਡਾ. ਯਸ਼ਪਾਲ ਨੇ ਮੁੱਖ ਮੰਤਰੀ ਤੇ ਮਹਿਮਾਨਾਂ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਪੇਪਰਲੈਸ ਰਜਿਸਟਰੀ ਅਤੇ ਸੀਮਾਂਕਨ ਪੋਰਟਲ ਨਾਲ ਲੋਕਾਂ ਨੂੰ ਬਹੁਤ ਫਾਇਦਾ ਹੋਵੇਗਾ। ਪਹਿਲਾਂ ਲੋਕਾਂ ਨੂੰ ਸਾਰੇ ਕਾਗਜਾਤ ਨਾਲ ਲੈ ਕੇ ਆਉਣੇ ਹੁੰਦੇ ਸਨ। ਪੂਰਾ ਦਿਨ ਤਹਿਸੀਲਾਂ ਵਿੱਚ ਬੈਠ ਕੇ ਆਪਣੇ ਨੰਬਰ ਦਾ ਇੰਤਜਾਰ ਕਰਨਾ ਹੁੰਦੀ ਸੀ, ਪਰ ਹੁਣ ਸਿਰਫ 5 ਮਿੰਟ ਵਿੱਚ ਫੋਟੋ ਅਤੇ ਦਸਤਖਤ ਲਈ ਬੁਲਾਇਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਇਸੀ ਤਰ੍ਹਾਂ ਕਿਸਾਨਾਂ ਨੂੰ ਪਹਿਲਾਂ ਪ੍ਰਾਈਵੇਟ ਮਸ਼ੀਨ ਨਾਲ ਨਿਸ਼ਾਨਦੇਹੀ ਕਰਵਾਉਣੀ ਪੈਂਦੀ ਸੀ, ਪਰ ਹੁਣ ਆਨਲਾਇਨ ਬਿਨੈ ਕਰ ਕੇ ਡਿਮਾਰਕੇਸ਼ਨ ਕਰਵਾ ਸਕਦੇ ਹਨ। ਇਸ ਕੰਮ ਦੇ ਲਈ ਕਿਸਾਨਾਂ ਨੂੰ ਪ੍ਰਾਈਵੇਟ ਵਿੱਚ ਕਰੀਬ 30 ਹਜਾਰ ਰੁਪਏ ਦੇਣੇ ਹੁੰਦੇ ਸਨ। ਹੁਣ ਕਿਸਾਨਾਂ ਤੋਂ ਖੇਤੀਬਾੜੀ ਭੂਮੀ ਦੀ ਪੈਮਾਇਸ਼ ਲਈ ਸਿਰਫ ਇੱਕ ਹਜਾਰ ਰੁਪਏ ਹੀ ਫੀਸ ਲਈ ਜਾਵੇਗੀ। ਇਸ ਮੌਕੇ 'ਤੇ ਅੰਬਾਲਾ ਕਮਿਸ਼ਨਰ ਸੰਜੀਵ ਵਰਮਾ, ਡਿਪਟੀ ਕਮਿਸ਼ਨਰ ਵਿਸ਼ਰਾਮ ਕੁਮਾਰ ਮੀਣਾ ਸਮੇਤ ਹੋਰ ਮਾਣਯੋਗ ਵਿਅਕਤੀ ਮੌਜੂਦ ਰਹੇ।

# ਵਿਧਾਇਕ ਪਰਾਸ਼ਰ ਦਰੇਸੀ ਮੇਲੇ ਦੇ ਠੇਕੇਦਾਰ ਵਿਰੁੱਧ ਮਾਣਹਾਨੀ ਦਾ ਕੇਸ ਕਰਨਗੇ ਦਾਇਰ



**ਲੁਧਿਆਣਾ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਰੇਸੀ ਮੇਲੇ ਦੇ ਠੇਕੇਦਾਰ ਵੱਲੋਂ ਉਨ੍ਹਾਂ 'ਤੇ ਬੇਬੁਨਿਆਦ ਦੋਸ਼ ਲਗਾਉਣ ਦੀ ਨਿੰਦਾ ਕਰਦੇ ਹੋਏ, ਲੁਧਿਆਣਾ ਕੇਂਦਰੀ ਦੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੇ ਕਿਹਾ ਕਿ ਉਹ ਠੇਕੇਦਾਰ ਵਿਰੁੱਧ ਉਨ੍ਹਾਂ ਦੇ ਅਕਸ ਨੂੰ ਨੁਕਸਾਨ ਪਹੁੰਚਾਉਣ ਲਈ ਮਾਣਹਾਨੀ ਦਾ ਕੇਸ ਦਾਇਰ ਕਰ ਰਹੇ ਹਨ।

ਸੋਮਵਾਰ ਨੂੰ ਸਰਕਟ ਹਾਊਸ ਵਿਖੇ ਮੀਡੀਆ ਨੂੰ ਸੰਬੋਧਨ ਕਰਦੇ ਹੋਏ ਵਿਧਾਇਕ ਪਰਾਸ਼ਰ ਨੇ ਕਿਹਾ ਕਿ ਉਹ ਇਸ ਗੱਲ ਦੀ ਵੀ ਵਿਜੀਲੈਂਸ ਜਾਂਚ ਦੀ ਮੰਗ ਕਰ ਰਹੇ ਹਨ ਕਿ ਇੱਕ ਦਰਜਾ ਚਾਰ ਕਰਮਚਾਰੀ ਨੂੰ ਦਰੇਸੀ ਮੇਲੇ ਦਾ 1.5 ਕਰੋੜ ਰੁਪਏ ਦਾ ਠੇਕਾ ਕਿਵੇਂ ਮਿਲਿਆ।

ਇਸ ਮਸਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾਵੇਗੀ ਕਿਉਂਕਿ ਇੱਕ ਸਰਕਾਰੀ ਕਰਮਚਾਰੀ ਠੇਕੇਦਾਰ ਵਜੋਂ ਵੀ ਕੰਮ ਨਹੀਂ ਕਰ ਸਕਦਾ।

ਵਿਧਾਇਕ ਪਰਾਸ਼ਰ ਨੇ ਕਿਹਾ ਕਿ ਇਹ ਸਾਰਾ 'ਨਾਟਕ' ਸਮਾਜ ਵਿੱਚ ਉਨ੍ਹਾਂ ਦੇ ਅਕਸ ਨੂੰ ਖਰਾਬ ਕਰਨ ਲਈ ਰਚਿਆ ਗਿਆ ਸੀ। ਪਰ ਜਨਤਾ ਸੱਚਾਈ ਜਾਣਦੀ ਹੈ ਕਿ ਉਹ ਵੱਡੇ ਪੱਧਰ 'ਤੇ ਸਮਾਜ ਦੀ ਸੇਵਾ ਕਰ ਰਹੇ ਹਨ। ਉਨ੍ਹਾਂ ਠੇਕੇਦਾਰ 'ਤੇ ਰੇਹੜੀ-ਫੜ੍ਹੀ ਵਾਲਿਆਂ ਤੋਂ 'ਗੁੰਡਾ ਟੈਕਸ' ਵਸੂਲਣ ਦੀ ਨਿੰਦਾ ਵੀ ਕੀਤੀ। ਵਿਧਾਇਕ ਪਰਾਸ਼ਰ ਨੇ ਅੱਗੇ ਕਿਹਾ ਕਿ ਪੂਰਾ ਦਰੇਸੀ ਮੇਲਾ ਵੀ ਪ੍ਰਸ਼ਾਸਨ ਤੋਂ ਲੋੜੀਂਦੀ ਇਜਾਜ਼ਤ ਤੋਂ ਬਿਨਾਂ ਆਯੋਜਿਤ ਕੀਤਾ ਗਿਆ ਹੈ।

ਇਹ ਦੱਸਦੇ ਹੋਏ ਕਿ ਉਹ ਦਿਲੋਂ 'ਸਨਾਤਨ ਧਰਮ' ਦਾ ਸਤਿਕਾਰ ਅਤੇ ਪਾਲਣ ਕਰਦੇ ਹਨ, ਵਿਧਾਇਕ ਪਰਾਸ਼ਰ ਨੇ ਰਾਜ ਸਭਾ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਹੋਰ ਵਿਰੋਧੀ ਆਗੂਆਂ ਦੀ ਨਿੰਦਾ ਕੀਤੀ ਕਿ ਉਨ੍ਹਾਂ ਨੇ ਰਾਜਨੀਤਿਕ ਲਾਭ ਲੈਣ ਲਈ ਭਗਵਾਨ ਰਾਮ ਦੀ ਪ੍ਰਾਚੀਨ 'ਡੋਲਾ ਯਾਤਰਾ' ਨੂੰ ਰੋਕ ਕੇ 'ਸਨਾਤਨ ਧਰਮ' ਦਾ ਨਿਰਾਦਰ ਕੀਤਾ।

ਵਿਧਾਇਕ ਪਰਾਸ਼ਰ ਨੇ ਕਿਹਾ ਕਿ ਉਹ ਖੁਦ ਕਈ ਸਾਲਾਂ ਤੋਂ ਹਨੂੰਮਾਨ ਜਯੰਤੀ 'ਤੇ ਬਾਲਾਜੀ ਰੱਥ ਯਾਤਰਾ ਦਾ ਆਯੋਜਨ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਵਿਰੋਧੀ ਆਗੂਆਂ 'ਤੇ ਤਰਸ ਆਉਂਦਾ ਹੈ ਜੋ ਇਸ ਮੁੱਦੇ ਤੋਂ ਰਾਜਨੀਤਿਕ ਲਾਭ ਲੈਣ ਦੀ ਕੋਸ਼ਿਸ਼ ਕਰ ਰਹੇ ਹਨ।

ਵਿਧਾਇਕ ਪਰਾਸ਼ਰ ਨੇ ਕਿਹਾ ਕਿ ਇਹ ਬੇਬੁਨਿਆਦ ਦੋਸ਼ ਉਨ੍ਹਾਂ ਨੂੰ ਵੱਡੇ ਪੱਧਰ 'ਤੇ ਜਨਤਾ ਦੀ ਸੇਵਾ ਕਰਨ ਤੋਂ ਨਹੀਂ ਰੋਕ ਸਕਦੇ ਅਤੇ ਉਹ ਠੇਕੇਦਾਰ ਵਿਰੁੱਧ ਉਚਿਤ ਵਿਜੀਲੈਂਸ ਜਾਂਚ ਦੀ ਮੰਗ ਕਰਨਗੇ। ਆਉਣ ਵਾਲੇ ਦਿਨਾਂ ਵਿੱਚ ਮਾਣਹਾਨੀ ਦਾ ਕੇਸ ਵੀ ਦਾਇਰ ਕੀਤਾ ਜਾਵੇਗਾ। ਪ੍ਰੈਸ ਕਾਨਫਰੰਸ ਦੌਰਾਨ ਸੀਨੀਅਰ ਡਿਪਟੀ ਮੇਅਰ ਰਾਕੇਸ਼ ਪਰਾਸ਼ਰ, 'ਆਪ' ਜ਼ਿਲ੍ਹਾ ਪ੍ਰਧਾਨ ਜਤਿੰਦਰ ਖੰਗੂੜਾ, 'ਆਪ' ਆਗੂ ਪਰਮਵੀਰ ਪ੍ਰਿੰਸ ਅਤੇ ਡਿਪਟੀ ਮੇਅਰ ਪ੍ਰਿੰਸ ਜੋਹਰ ਸਮੇਤ ਹੋਰ ਕੌਂਸਲਰ ਅਤੇ ਆਗੂ ਵੱਡੀ ਗਿਣਤੀ ਵਿੱਚ ਮੌਜੂਦ ਸਨ।

# ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਮੰਡੀਆਂ ਵਿੱਚ ਸੁੱਕਾ ਝੋਨਾ ਲੈ ਕੇ ਆਉਣ ਦੀ ਅਪੀਲ ਕੀਤੀ

**ਗੁਰਦਾਸਪੁਰ,4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਗੁਰਦਾਸਪੁਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਮੰਡੀਆਂ ਵਿੱਚ ਕੇਵਲ ਸੁੱਕਾ ਝੋਨਾ ਹੀ ਵੇਚਣ ਲਈ ਲੈ ਕੇ ਆਉਣ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਝੋਨੇ ਵਿੱਚ ਨਮੀ ਦੀ ਵੱਧ ਤੋਂ ਵੱਧ ਮਾਤਰਾ 17 ਫ਼ੀਸਦੀ ਨਿਰਧਾਰਿਤ ਕੀਤੀ ਗਈ ਹੈ ਅਤੇ ਕਿਸਾਨਾਂ ਨੂੰ ਆਪਣੇ ਝੋਨੇ ਦੀ ਕਟਾਈ ਫਸਲ ਪੂਰੀ ਤਰ੍ਹਾਂ ਪੱਕਣ ▾ਤੇ ਹੀ ਕਰਵਾਉਣੀ ਚਾਹੀਦੀ ਹੈ। ਉਨ੍ਹਾਂ ਜੇਕਰ ਝੋਨਾ ਸੁੱਕਾ ਹੋਵੇਗਾ ਤਾਂ ਉਸ ਵਿੱਚ ਨਮੀਂ ਦੀ ਮਾਤਰਾ ਵੀ ਵੱਧ ਤੋਂ ਵੱਧ 17 ਫ਼ੀਸਦੀ ਹੀ ਹੋਵੇਗੀ ਅਤੇ ਖ਼ਰੀਦ ਏਜੰਸੀਆਂ ਵੱਲੋਂ ਪਹਿਲ ਦੇ ਅਧਾਰ ▾ਤੇ ਉਸ ਸੁੱਕੇ ਝੋਨੇ ਨੂੰ ਖ਼ਰੀਦਿਆ ਜਾਵੇਗਾ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਰਾਜ ਵਿੱਚ ਖ਼ਰੀਫ਼ ਸੀਜ਼ਨ 2025-26 ਦੌਰਾਨ ਝੋਨੇ ਦਾ ਘੱਟੋ-ਘੱਟ ਸਮਰਥਨ ਮੁੱਲ 2389 ਰੁਪਏ ਪ੍ਰਤੀ ਕੁਵਿੰਟਲ ਨਿਰਧਾਰਿਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਝੋਨੇ ਦੀ ਖ਼ਰੀਦ ਲਈ ਕੁੱਲ 92 ਖ਼ਰੀਦ ਕੇਂਦਰ ਸਥਾਪਿਤ ਕੀਤੇ ਗਏ ਹਨ ਅਤੇ ਸਾਰੇ ਖ਼ਰੀਦ ਪ੍ਰਬੰਧ ਮੁਕੰਮਲ ਹਨ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਖ਼ਰੀਦ ਏਜੰਸੀਆਂ ਲਈ ਖ਼ਰੀਦ ਟੀਚੇ ਨਿਰਧਾਰਿਤ ਕੀਤੇ ਗਏ ਹਨ, ਜਿਸ ਤਹਿਤ ਖ਼ਰੀਦ ਏਜੰਸੀਆਂ ਪਨਗ੍ਰੇਨ, ਪਨਸਪ, ਮਾਰਕਫੈੱਡ, ਵੇਅਰ ਹਾਊਸ ਅਤੇ ਐਫ.ਸੀ.ਆਈ. ਝੋਨੇ ਦੀ ਖ਼ਰੀਦ ਕਰਨਗੀਆਂ। ਉਨ੍ਹਾਂ ਦੱਸਿਆ ਕਿ ਖ਼ਰੀਦ ਏਜੰਸੀਆਂ ਨੂੰ ਸੀਜ਼ਨ ਦੌਰਾਨ ਬਾਰਦਾਨੇ ਦੀਆਂ ਕੁੱਲ 20606 ਗੱਠਾਂ ਦੀ ਲੋੜ ਹੈ ਅਤੇ ਖ਼ਰੀਦ ਏਜੰਸੀਆਂ ਪਾਸ ਸਾਰੀਆਂ 20903 ਗੱਠਾਂ ਉਪਲਬਧ ਹਨ।

ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਕੰਬਾਈਨਾਂ ਰਾਹੀਂ ਫ਼ਸਲ ਦੀ ਕਟਾਈ ਵੀ ਕੇਵਲ ਦਿਨ ਵੇਲੇ ਹੀ ਕੀਤੀ ਜਾਵੇ ਅਤੇ ਸ਼ਾਮ 6:00 ਵਜੇ ਤੋਂ ਸਵੇਰੇ 10:00 ਵਜੇ ਤੱਕ ਕੰਬਾਈਨਾਂ ਨਾਲ ਝੋਨੇ ਦੀ ਕਟਾਈ ਕਰਨ ਉੱਪਰ ਪਾਬੰਦੀ ਲਗਾਈ ਗਈ ਹੈ। ਉਨ੍ਹਾਂ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਇੱਕ ਵਾਰ ਫਿਰ ਅਪੀਲ ਕੀਤੀ ਹੈ ਕਿ ਉਹ ਮੰਡੀਆਂ ਵਿੱਚ ਕੇਵਲ ਸੁੱਕਾ ਝੋਨਾ ਹੀ ਲਿਆਉਣ ਤਾਂ ਜੋ ਉਨ੍ਹਾਂ ਨੂੰ ਕੋਈ ਮੁਸ਼ਕਲ ਨਾ ਆਵੇ ਅਤੇ ਉਨ੍ਹਾਂ ਦੀ ਫ਼ਸਲ ਦਾ ਪੂਰਾ ਭਾਅ ਮਿਲ ਸਕੇ।

# 7 ਸਾਲਾ ਬੱਚੇ ਨੂੰ ਪੁੱਠਾ ਲਟਕਾਉਣ ਦੇ ਮਾਮਲੇ ਵਿੱਚ ਸਕੂਲ ਪ੍ਰਿੰਸੀਪਲ, ਡਰਾਈਵਰ ਗ੍ਰਿਫ਼ਤਾਰ

**ਪਾਣੀਪਤ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਇੱਕ ਨਿੱਜੀ ਸਕੂਲ ਦੀ ਪ੍ਰਿੰਸੀਪਲ ਅਤੇ ਇੱਕ ਕੈਬ ਡਰਾਈਵਰ ਨੂੰ ਸਕੂਲ ਵਿੱਚ ਇੱਕ ਬੱਚੇ ਨੂੰ ਉਲਟਾ ਲਟਕਾ ਕੇ ਕਥਿਤ ਤੌਰ 'ਤੇ ਕੁੱਟਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਸਿੱਖਿਆ ਵਿਭਾਗ ਨੇ ਤੁਰੰਤ ਕਾਰਵਾਈ ਕਰਦੇ ਹੋਏ ਸਕੂਲ ਨੂੰ ਨੋਟਿਸ ਭੇਜਿਆ ਹੈ ਅਤੇ ਬੰਦ ਕਰ ਦਿੱਤਾ ਹੈ। ਇਹ ਹੈਰਾਨ ਕਰਨ ਵਾਲੀ ਘਟਨਾ ਪਾਣੀਪਤ ਵਿੱਚ ਸਾਹਮਣੇ ਆਈ ਸੀ, ਜਿੱਥੇ ਜਾਟਲ ਰੋਡ 'ਤੇ ਸਥਿਤ ਸਕੂਲ ਵਿੱਚ ਇੱਕ ਸੱਤ ਸਾਲਾ ਬੱਚੇ ਨੂੰ ਕਥਿਤ ਤੌਰ 'ਤੇ ਕੈਬ ਡਰਾਈਵਰ ਵੱਲੋਂ ਕੁੱਟਿਆ ਗਿਆ ਅਤੇ ਖਿੜਕੀ ਨਾਲ ਪੁੱਠਾ ਲਟਕਾਇਆ ਗਿਆ।

ਹਾਲਾਂਕਿ ਇਹ ਘਟਨਾ ਅਗਸਤ ਵਿੱਚ ਵਾਪਰੀ ਸੀ, ਪਰ ਬੱਚੇ ਦੇ ਮਾਪਿਆਂ ਨੂੰ ਇਸ ਬਾਰੇ ਸ਼ਨਿਚਰਵਾਰ ਨੂੰ ਪਤਾ ਲੱਗਾ ਜਦੋਂ ਕੁੱਟਮਾਰ ਦੀ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ। ਉਨ੍ਹਾਂ ਤੁਰੰਤ ਸਕੂਲ ਦੀ ਪ੍ਰਿੰਸੀਪਲ ਨਾਲ ਸੰਪਰਕ ਕੀਤਾ ਅਤੇ ਮਾਡਲ ਟਾਊਨ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਈ। ਪੁਲੀਸ ਨੇ ਕੈਬ ਡਰਾਈਵਰ, ਜਿਸ ਦੀ ਪਛਾਣ ਅਜੇ ਵਜੋਂ ਹੋਈ ਹੈ, ਖ਼ਿਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਬੱਚੇ ਦੀ ਮਾਂ ਨੇ ਦੱਸਿਆ ਕਿ ਉਨ੍ਹਾਂ ਇਸੇ ਸਾਲ ਪੁੱਤਰ ਨੂੰ ਵਿਰਾਟ ਨਗਰ ਦੇ ਸ੍ਰੀਜਨ ਪਬਲਿਕ ਸਕੂਲ ਵਿੱਚ ਦੂਜੀ ਕਲਾਸ ਵਿੱਚ ਦਾਖਲ ਕਰਵਾਇਆ ਗਿਆ ਸੀ। ਉਨ੍ਹਾਂ ਦੱਸਿਆ ਕਿ ਇਹ ਘਟਨਾ 13 ਅਗਸਤ ਨੂੰ ਵਾਪਰੀ ਸੀ।

ਮੈਂਬਰਾਂ ਨੇ ਦੱਸਿਆ ਕਿ ਪਰਿਵਾਰ ਵੀਡੀਓ ਦੇਖ ਕੇ ਹੈਰਾਨ ਰਹਿ ਗਿਆ, ਇਸ ਵਿੱਚ ਉਨ੍ਹਾਂ ਦੇ ਬੇਟੇ ਦੀਆਂ ਲੱਤਾਂ ਰੱਸੀ ਨਾਲ ਬੰਨ੍ਹੀਆਂ ਹੋਈਆਂ ਸਨ ਅਤੇ ਉਹ ਸਕੂਲੀ ਵਰਦੀ ਵਿੱਚ ਇੱਕ ਖਿੜਕੀ ਤੋਂ ਲਟਕ ਰਿਹਾ ਸੀ। ਇਸ ਤੋਂ ਇਲਾਵਾ ਇੱਕ ਹੋਰ ਵਾਇਰਲ ਵੀਡੀਓ ਵਿੱਚ ਸਕੂਲ ਦੀ ਪ੍ਰਿੰਸੀਪਲ ਨੂੰ ਆਪਣੇ ਜਮਾਤੀਆਂ ਦੇ ਸਾਹਮਣੇ ਦੋ ਹੋਰ ਬੱਚਿਆਂ ਨੂੰ ਥੱਪੜ ਮਾਰਦੇ ਹੋਏ ਦਿਖਾਇਆ ਗਿਆ ਹੈ।

ਜਦੋਂ ਪਰਿਵਾਰਕ ਮੈਂਬਰਾਂ ਨੇ ਪ੍ਰਿੰਸੀਪਲ ਰੀਨਾ ਨੂੰ ਇਸ ਬਾਰੇ ਦੱਸਿਆ ਤਾਂ ਉਸ ਨੇ ਦਾਅਵਾ ਕੀਤਾ ਕਿ ਉਹ ਵੀਡੀਓਜ਼ ਤੋਂ ਅਣਜਾਣ ਸੀ। ਪੀੜਤ ਬੱਚੇ ਨੇ ਆਪਣੀ ਮਾਂ ਨੂੰ ਦੱਸਿਆ ਕਿ 'ਅਜੇ ਅੰਕਲ' ਨੇ ਉਸ ਨੂੰ ਖਿੜਕੀ ਤੋਂ ਲਟਕਾਇਆ, ਥੱਪੜ ਮਾਰਿਆ, ਵੀਡੀਓ ਰਿਕਾਰਡ ਕੀਤੀ ਅਤੇ ਇਸ ਨੂੰ ਸੋਸ਼ਲ ਮੀਡੀਆ 'ਤੇ ਅਪਲੋਡ ਕਰ ਦਿੱਤਾ।

ਵਿਦਿਆਰਥੀ ਦੀ ਮਾਂ ਨੇ ਦੱਸਿਆ ਕਿ ਜਦੋਂ ਉਹ ਅਤੇ ਪ੍ਰਿੰਸੀਪਲ ਰਿਫਾਇਨਰੀ ਰੋਡ 'ਤੇ ਅਜੇ ਦੇ ਘਰ ਗਏ, ਤਾਂ ਉਸਨੇ ਕੁਝ ਲੜਕਿਆਂ ਨੂੰ ਉਨ੍ਹਾਂ ਦਾ ਸਾਹਮਣਾ ਕਰਨ ਲਈ ਭੇਜ ਦਿੱਤਾ। ਐਤਵਾਰ ਨੂੰ ਪੁਲੀਸ ਘਟਨਾ ਵਾਲੀ ਥਾਂ ਦੀ ਜਾਂਚ ਲਈ ਪੀੜਤ, ਉਸ ਦੇ ਮਾਪਿਆਂ ਅਤੇ ਪ੍ਰਿੰਸੀਪਲ ਨਾਲ ਸਕੂਲ ਪੁੱਜੀ। ਪ੍ਰਿੰਸੀਪਲ ਨੇ ਕਿਹਾ ਕਿ ਅਜੇ ਨੇ ਬੱਚਿਆਂ ਨਾਲ ਗਲਤ ਵਿਵਹਾਰ ਕੀਤਾ ਸੀ ਅਤੇ ਕੁਝ ਮਾਪਿਆਂ ਨੇ ਉਸ ਦੇ ਵਿਵਹਾਰ ਬਾਰੇ ਸ਼ਿਕਾਇਤ ਕੀਤੀ ਸੀ। ਉਸ ਨੇ ਦਾਅਵਾ ਕੀਤਾ ਕਿ ਉਸ ਨੇ ਵੀ ਇਹ ਨੋਟ ਕੀਤਾ ਸੀ ਅਤੇ ਅਜੇ ਨੂੰ 30 ਅਗਸਤ ਨੂੰ ਨੌਕਰੀ ਤੋਂ ਕੱਢ ਦਿੱਤਾ ਸੀ।

ਵੀਡੀਓ ਵਿੱਚ ਦਿਖਾਈ ਦੇ ਰਹੇ ਥੱਪੜ ਮਾਰਨ ਬਾਰੇ, ਪ੍ਰਿੰਸੀਪਲ ਨੇ ਸਪੱਸ਼ਟ ਕੀਤਾ ਕਿ ਦੋ ਲੜਕਿਆਂ ਨੇ ਸਕੂਲ ਵਿੱਚ ਇੱਕ ਲੜਕੀ ਨਾਲ ਬਦਸਲੂਕੀ ਕੀਤੀ ਸੀ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਮਾਮਲੇ ਬਾਰੇ ਜਾਣਕਾਰੀ ਸੀ। ਐੱਸਪੀ ਭੁਪਿੰਦਰ ਸਿੰਘ ਨੇ ਦੱਸਿਆ ਕਿ ਮਾਡਲ ਟਾਊਨ ਥਾਣੇ ਵਿੱਚ ਡਰਾਈਵਰ ਖਿਲਾਫ਼ BNS ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਅਧਿਕਾਰੀਆਂ ਨੂੰ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਹਨ।

# 2 ਹਫਤੇ ਦਾ ਡੇਅਰੀ ਸਿਖਲਾਈ ਕੋਰਸ 6 ਅਕਤੂਬਰ ਤੋਂ

**ਹੁਸ਼ਿਆਰਪੁਰ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਪੰਜਾਬ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੀ ਅਗਵਾਈ ਵਿੱਚ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ, ਪੰਜਾਬ ਕੁਲਦੀਪ ਸਿੰਘ ਜੱਸੋਵਾਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋਂ 2 ਹਫ਼ਤੇ ਦਾ ਡੇਅਰੀ ਸਿਖਲਾਈ ਕੋਰਸ 6 ਅਕਤੂਬਰ ਤੋਂ ਡੇਅਰੀ ਸਿਖਲਾਈ ਕੇਂਦਰ, ਫਗਵਾੜਾ ਵਿਖੇ ਚਲਾਇਆ ਜਾ ਰਿਹਾ ਹੈ। ਜ਼ਿਲ੍ਹਾ ਹੁਸ਼ਿਆਰਪੁਰ ਨਾਲ ਸਬੰਧਤ ਪੇਂਡੂ ਬੇਰੁਜ਼ਗਾਰ ਨੌਜਵਾਨ ਲੜਕੇ-ਲੜਕੀਆਂ, ਜੋ ਕਿ ਡੇਅਰੀ ਦਾ ਕਿੱਤਾ ਸ਼ੁਰੂ ਕਰਨਾ ਚਾਹੁੰਦੇ ਹਨ, ਡੇਅਰੀ ਸਿਖਲਾਈ ਵਾਸਤੇ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ, ਹੁਸ਼ਿਆਰਪੁਰ ਮਿੰਨੀ ਸਕੱਤਰੇਤ, ਚੌਥੀ ਮੰਜ਼ਿਲ, ਕਮਰਾ ਨੰਬਰ 439 ਵਿਖੇ 3 ਅਕਤੂਬਰ 2025 ਤੱਕ ਅਰਜ਼ੀਆਂ ਦੇ ਸਕਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਹਰਵੰਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਹੁਸ਼ਿਆਰਪੁਰ ਨਾਲ ਸਬੰਧਤ ਉਮੀਦਵਾਰ, ਜਿਹੜੇ ਕਿ ਘੱਟ ਤੋਂ ਘੱਟ ਪੰਜਵੀਂ ਜਮਾਤ ਪਾਸ ਹੋਣ ਅਤੇ ਉਮਰ 18 ਤੋਂ 55 ਸਾਲ ਦਰਮਿਆਨ ਹੋਵੇ, ਪੇਂਡੂ ਖੇਤਰ ਨਾਲ ਸਬੰਧਤ ਹੋਣ, ਸਿਖਲਾਈ ਵਿੱਚ ਭਾਗ ਲੈ ਸਕਦੇ ਹਨ।

# ਚੋਣ ਖਰਚ ਦੀ ਨਿਗਰਾਨੀ ਲਈ ਨਿਯੁਕਤ ਕੀਤੀਆਂ ਗਈਆਂ ਵੱਖ-ਵੱਖ ਟੀਮਾਂ ਲਈ ਸਿਖਲਾਈ ਸੈਸ਼ਨ ਦਾ ਕੀਤਾ ਗਿਆ ਆਯੋਜਨ

**ਤਰਨ ਤਾਰਨ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਤਰਨ ਤਾਰਨ ਵੱਲੋਂ ਵਿਧਾਨ ਸਭਾ ਹਲਕਾ 021-ਤਰਨ ਤਾਰਨ ਦੀ ਆਉਣ ਵਾਲੀ ਉਪ-ਚੋਣ ਲਈ ਚੋਣ ਖਰਚ ਦੀ ਨਿਗਰਾਨੀ ਲਈ ਨਿਯੁਕਤ ਕੀਤੀਆਂ ਗਈਆਂ ਵੱਖ-ਵੱਖ ਟੀਮਾਂ ਲਈ ਇੱਕ ਵਿਆਪਕ ਸਿਖਲਾਈ ਸੈਸ਼ਨ ਦਾ ਆਯੋਜਨ ਕੀਤਾ। ਇਸ ਸਿਖਲਾਈ ਦਾ ਉਦੇਸ਼ ਆਜ਼ਾਦ, ਨਿਰਪੱਖ ਅਤੇ ਪਾਰਦਰਸ਼ੀ ਚੋਣਾਂ ਨੂੰ ਯਕੀਨੀ ਬਣਾਉਣ ਵਿੱਚ ਲੱਗੇ ਸਾਰੇ ਅਧਿਕਾਰੀਆਂ ਦੀ ਤਿਆਰੀ ਨੂੰ ਮਜ਼ਬੂਤ ਕਰਨਾ ਸੀ ਸੈਸ਼ਨ ਦੌਰਾਨ, ਸ਼ ?ਰੀ ਕਰਨਵੀਰ ਸਿੰਘਪੀ.ਸੀ.ਐਸ਼. ਨੋਡਲ ਅਫਸਰ ਕੰਟ ?ਰੋਲ ਰੂਮ-ਕਮ-ਸਹਾਇਕ ਕਮਿਸ਼ਨਰ (ਜ.) ਤਰਨ ਤਾਰਨ ਅਤੇ ਡਾ. ਅਮਨਦੀਪ ਸਿੰਘ ਨੋਡਲ ਅਫਸਰ ਐਕਸਪੈਂਡੀਚਰ-ਕਮ-ਉਪ ਅਰਥ ਅਤੇ ਅੰਕੜਾ ਸਲਾਹਕਾਰ ਤਰਨ ਤਾਰਨ ਵੱਲੋਂ ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਐਕਸਾਈਜ਼, ਸੀ-ਵਿਜੀਲ, ਐਮ.ਸੀ.ਐਮ.ਸੀ., ਇਨਕਮ ਟੈਕਸ , ਲੀਡ ਜ਼ਿਲ੍ਹਾ ਮੈਨੇਜਰ, ਸ਼ਿਕਾਇਤ ਸੈੱਲ , ਦੇ ਨੋਡਲ ਅਫਸਰਾਂ ਅਤੇ ਫਲਾਇੰਗ ਸਕੁਐਡ, ਸਟੈਟਿਕ ਸਰਵੇ ਲੈਂਸ ਟੀਮਾਂ (ਐਸ.ਐਸ.ਟੀ.), ਵੀਡੀਓ ਸਰਵੇਲੈਂਸ ਟੀਮਾਂ (ਵੀ.ਐਸ.ਟੀ.), ਵੀਡੀਓ ਵਿਊਇੰਗਟੀਮ (ਵੀ.ਵੀ.ਟੀ.), ਅਕਾਊਂਟਸ ਟੀਮ ਵਿੱਚ ਤੈਨਾਤ ਅਧਿਕਾਰੀ/ਕਰਮਚਾਰੀਆਂ ਅਤੇ ਸਹਾਇਕ ਐਕਸਪੈਂਡੀਚਰ ਆਬਜ਼ਰਵਰ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਬਾਰੇ ਵਿਸਤ੍ਰਿਤ ਮਾਰਗ ਦਰਸ਼ਨ ਪ੍ਰਦਾਨ ਕੀਤਾ। ਚੋਣ ਖਰਚ, ਜ਼ਬਤ ਕਰਨ ਦੇ ਪ੍ਰੋਟੋਕੋਲ, ਦਸਤਾਵੇਜ਼ੀ ਕਰਨ ਅਤੇ ਰਿਪੋਰਟਿੰਗ ਵਿਧੀਆਂ ਦੀ ਨਿਗਰਾਨੀ ਸੰਬੰਧੀ ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕਰਨ 'ਤੇ ਜ਼ੋਰ ਦਿੱਤਾ ਗਿਆ।

# ਆਪਣੇ ਦਿਲ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਹਰ ਰੋਜ਼ ਸੈਰ ਕਰੋ : ਸਿਵਲ ਸਰਜਨ

**ਬਠਿੰਡਾ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਡਾ. ਤਪਿੰਦਰਜੋਤ ਦੇ ਦਿਸ਼ਾ-ਨਿਰਦੇਸ਼ਾ ਅਤੇ ਜਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ ਸੁਖਜਿੰਦਰ ਸਿੰਘ ਗਿੱਲ ਦੀ ਅਗਵਾਈ ਹੇਠ ਵਿਸ਼ਵ ਦਿਲ ਦਿਵਸ ਸਿਵਲ ਹਸਪਤਾਲ ਦੀ ਓ.ਪੀ.ਡੀ ਵਿਖੇ ਮਨਾਇਆ ਗਿਆ।

ਇਸ ਦੌਰਾਨ ਡਾ ਮਿਰਨਾਲ ਬਾਂਸਲ ਨੇ ਦੱਸਿਆ ਕਿ ਅੱਜ ਦੇ ਦਿਨ ਸਿਹਤ ਵਿਭਾਗ ਵੱਲੋਂ ਹੋਰ ਵਿਭਾਗਾਂ ਦੇ ਸਹਿਯੋਗ ਨਾਲ ਆਮ ਲੋਕਾਂ ਨੂੰ ਦਿਲ ਦੀਆਂ ਬਿਮਾਰੀਆਂ ਅਤੇ ਇਨ੍ਹਾਂ ਤੋਂ ਕਿਵੇ ਬਚਿਆ ਜਾ ਸਕਦਾ ਹੈ, ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਦਿਲ ਸਾਡੇ ਸਰੀਰ ਦਾ ਅਹਿਮ ਅੰਗ ਹੈ, ਇਸ ਲਈ ਇਸ ਨੂੰ ਸਿਹਤਮੰਦ ਰੱਖਣਾ ਜਰੂਰੀ ਹੈ।

ਉਹਨਾਂ ਕਿਹਾ ਕਿ ਦਿਲ ਦੀਆਂ ਬਿਮਾਰੀਆਂ ਤੋਂ ਬਚਣ ਲਈ ਹਰ ਰੋਜ਼ ਸੈਰ ਕਰਨ ਦੇ ਨਾਲ ਨਾਲ ਵਿਗੜ ਰਹੀਆਂ ਖਾਣ ਪੀਣ ਦੀਆਂ ਆਦਤਾਂ ਨੂੰ ਵੀ ਬਦਲਣਾ ਹੋਵੇਗਾ।

# ਸਹਿਕਾਰੀ ਖੰਡ ਮਿੱਲ ਬਟਾਲਾ ਦਾ ਦਸਵਾਂ ਸਲਾਨਾ ਆਮ ਇਜਲਾਸ ਹੋਇਆ

**ਬਟਾਲਾ,4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਅਤੇ ਸ਼ੂਗਰਫੈਡ ਪੰਜਾਬ ਦੀ ਯੋਗ ਰਹਿਨੁਮਾਈ ਬਟਾਲਾ ਸਹਿਕਾਰੀ ਖੰਡ ਮਿਲਜ਼ ਲਿਮਿ: ਬਟਾਲਾ ਦੇ ਹਿੱਸੇਦਾਰਾਂ ਦਾ ਦਸਵਾਂ ਸਲਾਨਾ ਆਮ ਇਜਲਾਸ ਮਿੱਲ ਕੈਂਪਸ ਵਿੱਚ ਹੋਇਆ। ਆਮ ਇਜਲਾਸ ਦੀ ਪ੍ਰਧਾਨਗੀ ਸਹਿਕਾਰੀ ਖੰਡ ਮਿੱਲ ਬਟਾਲਾ ਦੀ ਸੁਪਰਵਾਈਜਰੀ ਕਮੇਟੀ ਦੇ ਚੇਅਰਮੈਨ ਰੋਹਿਤ ਗਿੱਲ, ਉੱਪ ਰਜਿਸਟਰਾਰ, ਸਹਿਕਾਰੀ ਸਭਾਵਾਂ, ਗੁਰਦਾਸਪੁਰ ਵੱਲੋਂ ਕੀਤੀ ਗਈ।



ਮੀਟਿੰਗ ਦੌਰਾਨ ਸਹਿਕਾਰੀ ਖੰਡ ਮਿੱਲ ਬਟਾਲਾ ਦੇ ਜਨਰਲ ਮੈਨੇਜਰ ਸ੍ਰੀਮਤੀ ਕਿਰਨਦੀਪ ਕੌਰ ਬੋਪਾਰਾਏ ਵੱਲੋਂ ਮਿੱਲ ਦੇ ਵਿੱਤੀ ਹਾਲਾਤਾਂ ਬਾਰੇ ਦਿੱਤੀ ਗਈ ਅਤੇ ਉਨ੍ਹਾਂ ਦੱਸਿਆ ਕਿ ਮਿੱਲ ਵੱਲੋਂ ਪਿੜਾਈ ਸੀਜ਼ਨ 2024-25 ਦੀ ਗੰਨੇ ਦੀ ਕੀਮਤ ਦੀ ਬਣਦੀ ਕੁੱਲ ਅਦਾਇਗੀ 8208.50 ਲੱਖ ਰੁਪਏ ਵਿੱਚੋਂ 3761.33 ਲੱਖ ਰੁਪਏ ਦੀ ਅਦਾਇਗੀ ਮਿੱਲ ਵੱਲੋਂ ਆਪਣੇ ਸਾਧਨਾਂ ਤੋਂ ਅਤੇ 1255.34 ਲੱਖ ਰੁਪਏ ਰਾਜ ਸਰਕਾਰ ਤੋਂ ਪ੍ਰਾਪਤ ਹੋਈ ਵਿੱਤੀ ਸਹਾਇਤਾ ਦੁਆਰਾ ਕੀਤੀ ਗਈ ਹੈ। ਬਾਕੀ ਰਹਿੰਦੀ ਅਦਾਇਗੀ ਵੀ ਰਾਜ ਸਰਕਾਰ ਵੱਲੋਂ ਜਲਦ ਕੀਤੀ ਜਾਵੇਗੀ।

ਉਨ੍ਹਾਂ ਕਿਸਾਨ ਭਰਾਵਾਂ ਨੂੰ ਅਪੀਲ ਕੀਤੀ ਕਿ ਗੰਨੇ ਦੀਆਂ ਵੱਧ ਝਾੜ ਅਤੇ ਵੱਧ ਰਿਕਵਰੀ ਦੇਣ ਵਾਲੀਆਂ ਅਗੇਤੀਆਂ/ ਦਰਮਿਆਨੀਆਂ ਕਿਸਮਾਂ ਦੀ ਬਿਜਾਈ ਲਈ ਮਿੱਲ ਦੇ ਗੰਨਾ ਫੀਲਡ ਸਟਾਫ ਨਾਲ ਸਲਾਹ ਮਸ਼ਵਰਾ ਕਰਕੇ ਕਰਨ ਤਾਂ ਜੋ ਇਨ੍ਹਾਂ ਕਿਸਮਾਂ ਦੀ ਬਿਜਾਈ ਕਰਕੇ ਜ਼ਿਮੀਦਾਰ ਗੰਨੇ ਦੀ ਫਸਲ ਤੋਂ ਵੱਧ ਝਾੜ ਹਾਸਲ ਕਰ ਸਕਣ ਅਤੇ ਮਿੱਲ ਨੂੰ ਖੰਡ ਦੀ ਵੱਧ ਰਿਕਵਰੀ ਹਾਸਲ ਹੋ ਸਕੇ।

ਜਨਰਲ ਮੈਨੇਜਰ ਨੇ ਕਿ ਪੰਜਾਬ ਸਰਕਾਰ ਦੇ ਸੁਹਿਰਦ ਯਤਨਾਂ ਸਦਕਾ ਬਟਾਲਾ ਸਹਿਕਾਰੀ ਖੰਡ ਮਿੱਲ ਵਿਖੇ 3500 ਟੀ.ਸੀ.ਡੀ. ਦਾ 5000 ਟੀ.ਸੀ.ਡੀ. ਤੱਕ ਵਧਣਯੋਗ ਨਵਾਂ ਸ਼ੂਗਰ ਰਿਫਾਈਨਰੀ ਪਲਾਂਟ ਸਮੇਤ 14 ਮੈਗਾਵਾਟ ਕੋ-ਜਨਰੇਸ਼ਨ ਪਲਾਂਟ ਲਗਾਇਆ ਗਿਆ। ਪਿੜਾਈ ਸੀਜ਼ਨ 2024-25 ਦੌਰਾਨ ਨਵੇਂ ਸ਼ੂਗਰ ਪਲਾਂਟ ਦਾ ਟਰਾਇਲ ਕਰ ਲਿਆ ਗਿਆ ਹੈ। ਇਸ ਪਲਾਂਟ ਵਿੱਚ ਤਿਆਰ ਹੋਣ ਵਾਲੀ ਫਾਰਮਾ ਗਰੇਡ ਅਤੇ ਰੀਫਾਇੰਡ ਸ਼ੂਗਰ ਮਾਰਕੀਟ ਵਿੱਚ ਵੱਧ ਕੀਮਤ ਤੇ ਵੇਚੀ ਜਾ ਸਕੇਗੀ ਅਤੇ ਨਾਲ ਹੀ 14 ਮੈਗਾਵਾਟ ਕੋ-ਜਨਰੇਸ਼ਨ ਪਲਾਂਟ ਦੁਆਰਾ ਮਿਲ ਦੀ ਲੋੜ ਤੋਂ ਵਾਧੂ ਤਿਆਰ ਕੀਤੀ ਬਿਜਲੀ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਨੂੰ ਵੇਚੀ ਜਾਵੇਗੀ, ਜਿਸ ਨਾਲ ਮਿੱਲ ਨੂੰ ਵਿੱਤੀ ਲਾਭ ਪ੍ਰਾਪਤ ਹੋਣ ਕਰਕੇ ਕਿਸਾਨਾਂ ਦੇ ਗੰਨੇ ਦੀ ਅਦਾਇਗੀ ਆਸਾਨੀ ਨਾਲ ਹੋ ਸਕੇਗੀ। ਨਵਾਂ ਪਲਾਂਟ ਲੱਗਣ ਨਾਲ ਮਿੱਲ ਏਰੀਏ ਵਿੱਚ ਉਪਲੱਬਧ ਵਾਧੂ ਗੰਨੇ ਦੀ ਪੈਦਾਵਾਰ ਨੂੰ ਬਟਾਲਾ ਸਹਿਕਾਰੀ ਖੰਡ ਮਿੱਲ ਆਪਣੇ ਤੌਰ ਤੇ ਪੀੜਨ ਵਿੱਚ ਸਮਰੱਥ ਹੋਵੇਗੀ ਜਿਹੜਾ ਕਿ ਮਿੱਲ ਏਰੀਏ ਦੇ ਕਿਸਾਨ ਭਰਾਵਾਂ ਦੀ ਆਰਥਿਕ ਸਥਿਤੀ ਨੂੰ ਸੁਧਾਰਨ ਵਿੱਚ ਸਹਾਇਕ ਹੋਵੇਗਾ।

ਉਨ੍ਹਾਂ ਕਿਸਾਨ ਭਰਾਵਾਂ ਨੂੰ ਅਪੀਲ ਕੀਤੀ ਗਈ ਕਿ ਪਾਵਰ ਸ਼ੂਗਰ ਦੀ ਕਪੈਸਟੀ ਨੂੰ ਮੱਦੇ ਨਜਰ ਰੱਖਦੇ ਹੋਏ ਗੰਨੇ ਦੀ ਫਸਲ ਹੇਠ ਰਕਬਾ ਤੋਂ ਵੱਧ ਰਕਬਾ ਲਿਆਦਾ ਜਾਵੇ। ਉਨ੍ਹਾਂ ਦੱਸਿਆ ਕਿ ਮਿੱਲ ਦੇ ਬਹਾਦਰਪੁਰ ਫਾਰਮ ਤੇ ਬਾਇਓ ਸੀ.ਐਨ.ਜੀ. ਪਲਾਂਟ ਲਗਾਉਣ ਦਾ ਕੰਮ ਮੈਸ: ਐਮ.ਈ.ਪੀ.ਐਲ. ਮੋਹਾਲੀ ਵੱਲੋਂ ਮੁਕੰਮਲ ਕਰ ਲਿਆ ਗਿਆ ਅਤੇ ਪਲਾਂਟ ਵੱਲੋਂ ਗੈਸ ਉਤਪਾਦਨ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਗਿਆ ਹੈ।

ਮਿੱਲ ਦੀ ਸੁਪਰਵਾਈਜਰੀ ਕਮੇਟੀ ਦੇ ਚੇਅਰਮੈਨ ਰੋਹਿਤ ਗਿੱਲ ਨੇ ਕਿਹਾ ਕਿ ਮਿੱਲ ਵੱਲੋਂ ਪਿੜਾਈ ਸੀਜਨ 2025-26 ਲਈ 35.00 ਲੱਖ ਕੁਇੰਟਲ ਗੰਨਾ ਪੀੜਨ, 9.73 ਪ੍ਰਤੀਸ਼ਤ ਖੰਡ ਦੀ ਰਿਕਵਰੀ ਹਾਸਲ ਕਰਨ ਅਤੇ 3.40 ਲੱਖ ਕੁਇੰਟਲ ਖੰਡ ਉਤਪਾਦਨ ਦਾ ਟੀਚਾ ਮਿੱਥਿਆ ਗਿਆ ਹੈ।

ਇਸ ਮੌਕੇ ਗੁਰਵਿੰਦਰਪਾਲ ਸਿੰਘ ਕਾਹਲੋਂ ਡਾਇਰੈਕਟਰ ਸ਼ੂਗਰਫੈਡ ਪੰਜਾਬ ਅਤੇ ਸੁਖਵਿੰਦਰ ਸਿੰਘ ਕਾਹਲੋਂ ਸਾਬਕਾ ਚੇਅਰਮੈਨ ਵੱਲੋਂ ਕਿਸਾਨਾਂ ਦੀਆਂ ਗੰਨੇ ਦੀ ਖੇਤੀ ਨਾਲ ਸਬੰਧਤ ਸਮੱਸਿਆਵਾਂ ਦਾ ਜਿਕਰ ਕੀਤਾ ਗਿਆ। ਕਰਨੈਲ ਸਿੰਘ ਸ਼ੇਰਪੁਰ ਪ੍ਰਧਾਨ ਬੀ.ਕੇ.ਯੂ (ਕਾਦੀਆਂ) ਅਤੇ ਹਰਦੇਵ ਸਿੰਘ ਚਿੱਟੀ ਪ੍ਰਧਾਨ ਕਿਸਾਨ ਭਲਾਈ ਯੂਨੀਅਨ ਗੁਰਦਾਸਪੁਰ, ਸੰਦੀਪ ਸਿੰਘ ਰੰਧਾਵਾ, ਪਰਮਜੀਤ ਸਿੰਘ ਬਾਜਵਾ, ਹੁਕਮ ਸਿੰਘ ਮਸਾਣੀਆਂ ਵੱਲੋਂ ਵੀ ਸਮਾਗਮ ਦੌਰਾਨ ਕਿਸਾਨਾਂ ਦੀਆਂ ਮੁਸ਼ਕਲਾਂ ਬਾਰੇ ਚਾਨਣਾ ਪਾਇਆ ਗਿਆ। ਡਾ: ਗੁਰਇਕਬਾਲ ਸਿੰਘ ਕਾਹਲੋਂ ਸਾਬਕਾ ਗੰਨਾ ਸਲਾਹਕਾਰ ਨੇ ਗੰਨੇ ਦੀ ਖੇਤੀ ਦੇ ਅਧੁਨਿਕ-ਕਰਨ, ਗੰਨੇ ਦੀ ਫਸਲ ਤੋਂ ਵੱਧ ਝਾੜ ਲੈਣ ਲਈ ਗੰਨੇ ਬਿਜਾਈ ਦੀਆਂ ਤਕਨੀਕਾਂ ਅਤੇ ਖੇਤੀ ਸੰਦਾਂ ਪ੍ਰਤੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਇਸ ਮੌਕੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਖੇਤਰੀ ਖੋਜ ਕੇਂਦਰ ਗੁਰਦਾਸਪੁਰ ਤੋਂ ਅਮਰੀਕ ਸਿੰਘ ਰੰਧਾਵਾ, ਡਾ: ਨਵਦੀਪ ਬਰੀਡਰ, ਡਾ: ਯੁਵਰਾਜ ਸਿੰਘ ਪਾਂਧਾ, ਕੀਟ ਵਿਗਿਆਨੀ ਨੇ ਕਿਸਾਨ ਭਰਾਵਾਂ ਨੂੰ ਗੰਨੇ ਦੀ ਫਸਲ ਦੀ ਬਿਜਾਈ ਦੀ ਕਾਸ਼ਤ ਦੇ ਢੰਗ ਤਰੀਕਿਆਂ ਅਤੇ ਗੰਨੇ ਦੇ ਬਰੀਡਰ ਸੀਡ ਨਾਲ ਸਬੰਧਤ ਵੱਖ ਵੱਖ ਪਹਿਲੂਆਂ, ਨਦੀਕ/ਕੀਟਨਾਸ਼ਕਾਂ ਦੀ ਵਰਤੋਂ ਬਾਰੇ ਜਾਣਕਾਰੀ ਦਿੱਤੀ ਗਈ।

ਇਸ ਤੋਂ ਉਪਰੰਤ ਜਨਰਲ ਮੈਨੇਜਰ ਵੱਲੋਂ ਆਮ ਇਜਲਾਸ ਵਿੱਚ ਵਿਚਾਰ ਕਰਨ ਲਈ ਅਜੰਡੇ ਰੱਖੇ ਗਏ ਜੋ ਕਿ ਸਰਬ ਸੰਮਤੀ ਨਾਲ ਪ੍ਰਵਾਨ ਕੀਤੇ ਗਏ ਅਤੇ ਮਿੱਲ ਦੇ ਹਿੱਸੇਦਾਰਾਂ ਵੱਲੋਂ ਮਿੱਲ ਦੇ ਕਾਰੋਬਾਰ 'ਤੇ ਵੀ ਤਸੱਲੀ ਪ੍ਰਗਟ ਕੀਤੀ ਗਈ।

ਇਸ ਮੌਕੇ ਮਿੱਲ ਵੱਲੋਂ ਵੱਖ ਵੱਖ ਕਿਸਮਾਂ ਅਤੇ ਮਿੱਲ ਵੱਲੋਂ ਤਿਆਰ ਕੀਤੀ ਫਤਹਿ ਸ਼ੂਗਰ ਬਰਾਂਡ ਦੀ ਪ੍ਰਦਰਸ਼ਨੀ ਤੋਂ ਇਲਾਵਾ ਮਿਲਕਫੈਡ ਵੇਰਕਾ, ਮਾਰਕਫੈਡ, ਐਚ.ਐਮ.ਸੀ., ਮਹਿੰਦਰਾ ਟਰੈਕਟਰ, ਐਮ.ਟੀ.ਐਸ.ਐਸ. (ਸ਼ਕਤੀਮਾਨ ਗਰੁੱਪ), ਮੈਸੀ ਫਰਗੂਸਨ 9500 ਸਮਾਰਟ ਅਤੇ ਨਿਊ ਹਾਲੈਂਡ ਕੰਪਨੀਆਂ ਵੱਲੋਂ ਆਪਣੇ ਸਟਾਲ ਲਗਾਏ ਗਏ, ਜਿਸ ਵਿੱਚ ਕਿਸਾਨਾਂ ਵੱਲੋਂ ਦਿਲਚਸਪੀ ਵਿਖਾਈ ਗਈ।

# ਐਨ.ਪੀ.ਟੀ.ਆਈ ਨੇ ਗਰਿੱਡ ਕਨੈਕਟਿਡ ਸੋਲਰ ਰੂਫਟਾਪ ਸਿਸਟਮ 'ਤੇ ਕਰਵਾਇਆ ਸਿਖਲਾਈ ਪ੍ਰੋਗਰਾਮ



**ਹੁਸ਼ਿਆਰਪੁਰ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਸੂਰਜ ਘਰ ਮੁਫ਼ਤ ਬਿਜਲੀ ਯੋਜਨਾ ਤਹਿਤ ਨੈਸ਼ਨਲ ਪਾਵਰ ਟ ?ਰੇਨਿੰਗ ਇੰਸਟੀਚਿਊਟ (ਐਨ.ਪੀ.ਟੀ.ਆਈ) ਨੇ ਗਰਿੱਡ ਕਨੈਕਟਿਡ ਸੋਲਰ ਰੂਫਟਾਪ ਸਿਸਟਮ 'ਤੇ ਦੋ ਦਿਨਾ ਸਿਖਲਾਈ ਪ੍ਰੋਗਰਾਮ ਦਾ ਸਫਲਤਾਪੂਰਵਕ ਆਯੋਜਨ ਕੀਤਾ। ਇਸ ਪ੍ਰੋਗਰਾਮ ਵਿਚ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ 80 ਤੋਂ ਵੱਧ ਕਰਮਚਾਰੀਆਂ ਨੇ ਹਿੱਸਾ ਲਿਆ।

ਸਮਾਗਮ ਦੀ ਸ਼ੁਰੂਆਤ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕੀਤੀ। ਉਨ੍ਹਾਂ ਨੇ ਨਵੀਨੀਕਰਨ ਊਰਜਾ ਨੂੰ ਭਵਿੱਖ ਲਈ ਇਕ ਲੋੜ ਦੱਸਦੇ ਹੋਏ ਪ੍ਰੋਗਰਾਮ ਵਿਚ ਸ਼ਾਮਿਲ ਲੋਕਾਂ ਨੂੰ ਅਪੀਲ ਕੀਤੀ ਉਹ ਇਸ ਸਿਖਲਾਈ ਦਾ ਵੱਧ ਤੋਂ ਵੱਧ ਲਾਭ ਲੈ ਕੇ ਸ ਊਰਜਾ ਦੇ ਪ੍ਰਸਾਰ ਵਿਚ ਯੋਗਦਾਨ ਦੇਣ। ਉਨ੍ਹਾਂ ਕਿਹਾ ਕਿ ਇਸ ਸਿਖਲਾਈ ਪ੍ਰੋਗਰਾਮ ਨੇ ਹਿੱਸਾ ਲੈਣ ਵਾਲਿਆਂ ਨੂੰ ਸੌਰ ਊਰਜਾ ਨਾਲ ਜੁੜੇ ਨਵੀਨਤਮ ਵਿਕਾਸ ਅਤੇ ਇਸ ਦੇ ਵਿਹਾਰਕ ਉਪਯੋਗਾਂ ਦੀ ਸਮਝ ਪ੍ਰਦਾਨ ਕੀਤੀ। ਇਹ ਆਯੋਜਨ ਊਰਜਾ ਖੇਤਰ ਵਿਚ ਸਮਰੱਥਾ ਨਿਰਮਾਣ ਅਤੇ ਹੁਨਰ ਵਿਕਾਸ ਪ੍ਰਤੀ ਐਨ.ਪੀ.ਟੀ.ਆਈ ਦੀ ਵਚਨਬੱਧਤਾ ਦਾ ਪ੍ਰਮਾਣ ਹੈ।

ਇਸ ਮੌਕੇ ਸਹਾਇਕ ਕਮਿਸ਼ਨਰ ਓਜਿਸ਼ੀ ਐਸ. ਨੇ ਵੀ ਇਕੱਠ ਨੂੰ ਸੰਬੋਧਨ ਕੀਤਾ ਅਤੇ ਸੋਲਰ ਰੂਫਟਾਪ ਸਿਸਟਮ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਸਰਕਾਰੀ ਯੋਜਨਾਵਾਂ ਅਤੇ ਸਬਸਿਡੀਆਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ।

ਸਿਖਲਾਈ ਵਿਚ ਵਿਸ਼ਾ ਮਾਹਿਰ ਬਲਵਿੰਦਰ ਕੁਮਾਰ, ਸੇਵਾਮੁਕਤ ਏ.ਈ.ਈ ਵੀ.ਐਮ. ਮਹਾਜਨ ਅਤੇ ਐਨ.ਪੀ.ਟੀ.ਆਈ ਤੋਂ ਨਿਸ਼ੀਕਾਂਤ ਪ੍ਰਸਾਦ ਨੇ ਸਰਕਾਰੀ ਯੋਜਨਾਵਾਂ, ਪ੍ਰੋਤਸਾਹਨਾਂ ਅਤੇ ਸੋਲਰ ਰੂਫਟਾਪ ਸਿਸਟਮ ਦੇ ਤਕਨੀਕੀ ਕਾਰਜਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕੀਤੀ।

ਪ੍ਰੋਗਰਾਮ ਦੇ ਅੰਤ ਵਿਚ ਐਸ.ਈ ਸ੍ਰੀ ਵਿਰਦੀ ਨੇ ਹਿੱਸਾ ਲੈਣ ਵਾਲਿਆਂ ਨੂੰ ਸਰਟੀਫਿਕੇਟ ਵੰਡੇ। ਐਨ.ਪੀ.ਟੀ.ਆਈ ਦੇ ਸਹਾਇਕ ਨਿਰਦੇਸ਼ਕ ਸੌਰਭ ਮਹਾਜਨ ਨੇ ਪੀ.ਐਸ.ਪੀ.ਸੀ.ਐਲ ਵਿਭਾਗ ਅਤੇ ਹੁਸ਼ਿਆਰਪੁਰ ਜ਼ਿਲ੍ਹਾ ਪ੍ਰਸ਼ਾਸਨ ਦਾ ਉਨ੍ਹਾਂ ਦੇ ਸਹਿਯੋਗ ਲਈ ਧੰਨਵਾਦ ਕੀਤਾ।

ਕੌਮੀ ਪੱਤ੍ਰਿਕਾ

# ਸੁੰਦਰ ਅਤੇ ਨਰਮ ਚਮੜੀ ਦਿੰਦੀ ਹੈ ਆਕਰਸ਼ਕ ਸ਼ਖਸ਼ੀਅਤ

**ਤੇਜ਼ ਧੁੱਪ ਚਮੜੀ ਦੀ ਸਭ ਤੋਂ ਵੱਡੀ ਦੁਸ਼ਮਣ ਹੈ। ਸੂਰਜ ਦੀਆਂ ਪਾਰਵੈਂਗਣੀ ਕਿਰਨਾਂ ਚਮੜੀ ਨੂੰ ਰੁੱਖਾ, ਬੇਜਾਨ ਅਤੇ ਝੁਰੜੀਆਂ ਵਾਲੀ ਬਣਾ ਦਿੰਦੀਆਂ ਹਨ। ਇਸ ਲਈ ਇਨ੍ਹਾਂ ਤੋਂ ਬਚਣ ਲਈ ਸਨਸਕ੍ਰੀਮ ਲੋਸ਼ਣ ਜ਼ਰੂਰ ਲਗਾਉ।**



ਤੁਹਾਡੀ ਸ਼ਖ਼ਸੀਅਤ ਦੀ ਖ਼ੂਬਸੂਰਤੀ ਸੁੰਦਰ ਚਮੜੀ ਨਾਲ ਹੀ ਨਿਖ਼ਰਦੀ ਹੈ। ਚਮੜੀ ਦਾ ਤੰਦਰੁਸਤ ਅਤੇ ਸੁੰਦਰ ਹੋਣ ਦੇ ਨਾਲ-ਨਾਲ ਉਸ ਦਾ ਸਾਫ਼ ਅਤੇ ਨਰਮ ਹੋਣ ਵੀ ਜ਼ਰੂਰੀ ਹੈ। ਸਹੀ ਢੰਗ ਨਾਲ ਕੀਤੀ ਗਈ ਚਮੜੀ ਦੀ ਦੇਖਭਾਲ ਨਾਲ ਤੁਹਾਡੀ ਸ਼ਖ਼ਸੀਅਤ ਵੀ ਆਕਰਸ਼ਕ ਲੱਗੇਗੀ। ਔਰਤਾਂ ਦੀ ਪੂਰੀ ਸੁੰਦਰਤਾ ’ਚ ਨਰਮ ਚਮਕਦੀ ਹੋਈ ਚਮੜੀ ਦਾ ਖ਼ਾਸ ਯੋਗਦਾਨ ਹੈ ਜੋ ਸਾਹਮਣੇ ਵਾਲੇ ਦਾ ਧਿਆਨ ਖਿੱਚਦਾ ਹੈ ਪਰ ਅੱਜਕੱਲ ਦੀ ਭੱਜ-ਨੌੜ ਵਾਲੀ ਜ਼ਿੰਦਗੀ ’ਚ ਚਮਣੀ ਦੀ ਦੇਖਭਾਲ ਲਈ ਸਮਾਂ ਕੱਢਣਾ ਬਹੁਤ ਜ਼ਰੂਰੀ ਹੈ। ਕਿਤੇ ਅਜਿਹਾ ਨਾ ਹੋਵੇ ਕਿ ਸਮਾਂ ਹੱਥਾਂ ’ਚੋਂ ਨਿਕਲ ਜਾਵੇ ਭਾਵ ਤੁਹਾਡੀ ਚਮੜੀ ਤੁਹਾਨੂੰ ਆਪਣੀ ਉਮਰ ਤੋਂ ਕਿਤੇ ਜ਼ਿਆਦਾ ਨਾ ਬਣਾ ਦੇਵੇ। ਇਸ ਲਈ ਆਉ ਜਾਣੀਏ ਕੁਝ ਖਾਸ ਜਾਣਕਾਰੀਜੋ ਕਿ ਤੁਹਾਡੀ ਚਮੜੀ ਦੀ ਦੇਖਭਾਲ ’ਚ ਤੁਹਾਡਾ ਸਹੀ ਮਾਰਗ ਦਰਸ਼ਨ ਕਰੇਗੀ।

☛ ਚਮੜੀ ਨੂੰ ਸਾਫ਼ ਕਰਨ ਲਈ ਉਸ ਨੂੰ ਦਿਨ ’ਚ ਦੋ-ਤਿੰਨ ਵਾਰ ਕਲੀਨਜ਼ਰ ਨਾਲ ਸਾਫ਼ ਕਰੋ, ਜਿਸ ਨਾਲ ਚਿਹਰੇ ਦੀ ਵਾਧੂ ਚਿਕਨਾਈ ਅਤੇ ਗੰਦਗੀ ਚੰਗੀ ਤਰ੍ਹਾਂ ਨਾਲ ਸਾਫ਼ ਹੋ ਜਾਵੇਗੀ। ਰਾਤ ਨੂੰ ਵੀ ਸੌਣ ਤੋਂ ਪਹਿਲਾਂ ਚਿਹਰੇ ਨੂੰ ਕਲੀਨਜ਼ਰ ਲਗਾ ਕੇ ਸਾਫ਼ ਕਰੋਨ ਤੋਂ ਬਾਅਦ ਸਾਫ਼ ਪਾਣੀ ਨਾਲ ਚਿਹਰੇ ਨੂੰ ਧੋਵੋ।

☛ ਚਮੜੀ ’ਤੇ ਜੇ ਕਿੱਲ ਹੋਣ ਤਾਂ ਉਨ੍ਹਾਂ ਨੂੰ ਛਿੱਲੋ ਨਾ ਸਗੋਂ ਉਨ੍ਹਾਂ ਨੂੰ ਦੂਰ ਕਰਨ ਲਈ ਰਾਤ ਨੂੰ ਸੌਣ ਤੋਂ ਪਹਿਲਾਂ ਨਿਯਮਿਤ ਐਕਨੇ ਕ੍ਰੀਮ ਜਾਂ ਐਂਟੀ ਬਲਮਿਸ਼ ਸਲਿਉਸ਼ਨ ਜਾਂ ਐਂਟੀਸੈਪਟਿਕ ਕ੍ਰੀਮ ਲਗਾਉ।

☛ 25 ਸਾਲ ਦੀ ਉਮਰ ਤੋਂ ਬਾਅਦ ਤੁਹਾਡੀ ਚਮੜੀ ਨੂੰ ਖ਼ਾਸ ਦੇਖਭਾਲ ਦੀ ਜ਼ਰੂਰਤ ਪੈਂਦੀ ਹੈ। ਚਮੜੀ ਦੀ ਸਫ਼ਾਈ ’ਤੇ ਖ਼ਾਸ ਧਿਆਨ ਦਿਉ। ਚਮੜੀ ’ਚ ਕੁਦਰਤੀ ਨਮੀ ਬਣਾਏ ਰੱਖਣ ਲਈ ਹਮੇਸ਼ਾ ਖੁੱਲ੍ਹੇ ਰਹਿਣ ਇਸ ਲਈ ਅਸਟ੍ਰੇਜੈਂਕਟ ਲਗਾਉ। ਚਮੜੀ ਦੀ ਰੋਮਛਿਦਰਾਂ ਰਾਹੀਂ ਆਕਸੀਜਨ ਲੈਂਦੀ ਹੈ। ਇਸ ਲਈ ਰੋਮਛਿਦਰ ਹਮੇਸ਼ਾ ਖੁੱਲ੍ਹੇ ਰਹਿਣ ਇਸ ਲਈ ਅਸਟ੍ਰੇਜੈਂਟ ਲੋਸ਼ਨ ਲਗਾਉ। ਇਸ ਨਾਲ ਚਮੜੀ ’ਚ ਤਾਜ਼ਗੀ ਵੀ ਬਣੀ ਰਹੇਗੀ।

☛ 40 ਸਾਲ ਦੀ ਉਮਰ ‘ਚ ਚਮੜੀ ’ਚ ਕੁਦਰਤੀ ਨਮੀ ਅਤੇ ਤੇਲ ਦੀ ਕਮੀ ਹੋਣ ਲੱਗਦੀ ਹੈ, ਜਿਸ ਨਾਲ ਚਮੜੀ ’ਚ ਕੋਮਲਤਾ ਦੀ ਜਗ੍ਹਾ ਰੁੱਖਾਪਣ ਆ ਜਾਂਦਾ ਹੈ। ਇਸ ਲਈ ਚਮੜੀ ਨੂੰ ਫੇਸਵਾਸ਼ ਨਾਲ ਸਾਫ਼ ਕਰਨ ਤੋਂ ਬਾਅਦ ਵਿਟਾਮਿਨ-ਏ ਯੁਕਤ ਕ੍ਰੀਮ ਨਾਲ ਚਮੜੀ ਦੀ ਹਰ ਰੋਜ਼ ਮਾਲਿਸ਼ ਕਰੋ। 15 ਦਿਨ ਦੇ ਫ਼ਰਕ ਨਾਲ ਕ੍ਰੀਮ ਯੁਕਤ ਫ਼ੇਸ਼ੀਅਲ ਵੀ ਜ਼ਰੂਰ ਕਰਾਉ, ਤਾਂ ਜੋ ਚਮੜੀ ਨਰਮ ਅਤੇ ਕਸੀ ਹੋਈ ਬਣੀ ਰਹੇ।

☛ 50 ਸਾਲ ਦੀ ਉਮਰ ਤੋਂ ਬਾਅਦ ਚਮੜੀ ’ਚ ਕੋਲੇਜਨ ਤੱਤ ਘੱਟ ਹੋਣ ਲੱਗਦਾ ਹੈ, ਜਿਸ ਨਾਲ ਚਮੜੀ ਦਾ ਲਚੀਲਾਪਣ ਘੱਟ ਹੋਣ ਲੱਗਦਾ ਹੈ ਅਤੇ ਚਮੜੀ ਢਿੱਲੀ ਪੈ ਜਾਂਦੀ ਹੈ। ਇਸ ਦੇ ਕਾਰਨ ਚਮੜੀ ’ਤੇ ਝੁਰੜੀਆਂ ਪੈ ਜਾਂਦੀਟਾਂ ਹਨ। ਇਸ ਲਈ ਇਸ ਉਮਰ ’ਚ ਚਿਹਰੇ ਨੂੰ ਵਾਧੂ ਟੋਨਿੰਗ ਅਤੇ ਨਰੀਸ਼ਿੰਗ ਦੀ ਜ਼ਰੂਰਤ ਪੈਂਦੀ ਹੈ। ਇਸ ਉਮਰ ’ਚ ਚਮੜੀ ਨੂੰ ਨਰਮ ਅਤੇ ਕਲੀਂਜ਼ਿਗ ਜੈਲ ਨਾਲ ਸਾਫ਼ ਕਰੋ। ਨਿਯਮਿਤ ਟੋਨਿੰਗ ਤੋਂ ਇਲਾਵਾ ਚਮੜੀ ਦੀ ਕ੍ਰੀਮ ਲਗਾ ਕੇ ਹਲਕੀ ਜਿਹੀ ਮਾਲਿਸ਼ ਵੀ ਕਰੋ। ਰਾਤ ਨੂੰ ਸੌਣ ਤੋਂ ਪਹਿਲਾਂ ਵਿਟਾਮਿਨ-ਈ ਅਤੇ ਲੈਨੋਲਿਨਯੁਕਤ ਨਰੀਸ਼ਿੰਗ ਕ੍ਰੀਮ ਨਾਲ ਚਿਹਰੇ ਦੀ ਮਾਲਿਸ਼ ਕਰੋ। ਮਾਲਿਸ਼ ਕਰਦੇ ਸਮੇਂ ਆਪਣੇ ਹੱਥਾਂ ਨੂੰ ਉਪਰ ਵੱਲ ਘੁਮਾਉਂਦੇ ਹੋਏ 5-10 ਮਿੰਟ ਤੱਕ ਮਾਲਿਸ਼ ਕਰੋ, ਜਿਸ ਨਾਲ ਚਮੜੀ ’ਚ ਖ਼ੂਨ ਦਾ ਸੰਚਾਰ ਠੀਕ ਤਰ੍ਹਾਂ ਨਾਲ ਹੋਣ ਲੱਗੇਗਾ ਅਤੇ ਚਮੜੀ ’ਚ ਕਸਾਉ ਅਤੇ ਕੋਮਲਤਾ ਵੀ ਆਏਗੀ।

☛ ਮਹੀਨੇ ’ਚ ਇਕ ਵਾਰ ਗਰਮ ਆਇਲ ਥੈਰੇਪੀ ਵੀ ਕਰੋ। ਦੋ-ਦੋ ਛੋਟੇ ਚਮਚ ਬਾਦਾਮ, ਜੈਤੂਨ ਜਾਂ ਨਾਰੀਅਲ ਦੇ ਤੇਲ ਨੂੰ ਮਿਲਾ ਕੇ ਗਰਮ ਕਰੋ। ਆਪਣੇ ਚਿਹਰੇ ਦੇ ਆਕਾਰ ਦੇ ਅਨੁਕੂਲ ਰੂੰ ਦੀ ਪੱਟੀ ਬਣਾ ਲਉ। ਪੱਟੀ ਨੂੰ ਕੋਸੇ ਤੇਲ ’ਚ ਡੁਬੋ ਦਿਉ। ਤੁਹਾਡੀ ਚਮੜੀ ਉਸ ਗਰਮ ਮਾਸਕ ਨੂੰ ਜਿੰਨਾਂ ਸਹਿ ਸਕੇ, ਉਸ ਦੇ ਅਨੁਕੂਲ ਉਸ ਨੂੰ ਚਿਹਰੇ ’ਤੇ ਹਲਕੇ ਦਬਾਅ ਨਾਲ ਉਦੋਂ ਤੱਕ ਰੱਖੋ ਜਦੋਂ ਤੱਕ ਪੱਟੀ ਠੰਡੀ ਨਾ ਹੋ ਜਾਵੇ। ਧਿਆਨ ਰੱਖੋ ਕਿ ਤੇਲ ਅੱਖਾਂ ’ਚ ਨਾ ਜਾਵੇ। ਇਸ ਲਈ ਅੱਖਾਂ ਦੇ ਆਲੇ-ਦੁਆਲੇ ਤੇਲ ਵਾਲੀ ਪੱਟੀ ਨਾ ਰੱਖੋ ਸਗੋਂ ਉਨ੍ਹਾਂ ਦੇ ਉਪਰ ਗੁਲਾਬ ਜਲ ’ਚ ਡੁੱਬੀ ਹੋਈ ਰੂੰ ਦੇ ਫੋਹੇ ਰੱਖੋ। ਬਾਅਦ ’ਚ ਇਸੇ ਤਰ੍ਹਾਂ ਠੰਡੇ ਪਾਣੀ ਦੀ ਪੱਟੀ ਵੀ ਕਰੋ। ਚਮੜੀ ’ਤੇ ਬਰਫ਼ ਦੇ ਟੁਕੜੇ ਰਗੜ ਕੇ ਨਹੀਂ ਸਗੋਂ ਬਰਫ਼ ਦੇ ਚੂਰੇ ’ਚ ਰੂੰ ਦੀ ਪੌਂ ਨੂੰ ਗਿੱਲਾ ਕਰੋ ਅਤੇ ਚਿਹਰੇ ’ਤੇ ਹਲਕਾ-ਹਲਕਾ ਦਬਾਅ ਦਿੰਦੇ ਹੋਏ ਰੱਖੋ। 5-10 ਮਿੰਟ ਬਾਅਦ ਪੱਟੀ ਉਤਾਰ ਦਿਉ। ਬਾਅਦ ’ਚ ਕਲੀਨਜ਼ਰ ਨਾਲ ਵਾਧੂ ਤੇਲ ਸਾਫ਼ ਕਰ ਲਉ ਫਿਰ ਚੇਹਰੇ ’ਤੇ ਫੇਸ ਪੈਕ ਲਗਾਉ। 15 ਮਿੰਟ ਸੁੱਕਣ ਤੋਂ ਬਾਅਦ ਚਮੜੀ ਨੂੰ ਪਾਣੀ ਨਾਲ ਸਾਫ਼ ਕਰੋ। ਅਜਿਹਾ ਕਰਨ ਨਾਲ ਤੁਸੀਂ ਕਾਫ਼ੀ ਹੱਦ ਤੱਕ ਚਮੜੀ ’ਤੇ ਪੈਂਦੇ ਉਮਰ ਦੇ ਪ੍ਰਭਾਵ ਨੂੰ ਘੱਟ ਕਰ ਸਕਦੇ ਹੋ।

☛ ਤੇਜ਼ ਧੁੱਪ ਚਮੜੀ ਦੀ ਸਭ ਤੋਂ ਵੱਡੀ ਦੁਸ਼ਮਣ ਹੈ। ਸੂਰਜ ਦੀਆਂ ਪਾਰਵੈਂਗਣੀ ਕਿਰਨਾਂ ਚਮੜੀ ਨੂੰ ਰੁੱਖਾ, ਬੇਜਾਨ ਅਤੇ ਝੁਰੜੀਆਂ ਵਾਲੀ ਬਣਾ ਦਿੰਦੀਆਂ ਹਨ। ਇਸ ਲਈ ਇਨ੍ਹਾਂ ਤੋਂ ਬਚਣ ਲਈ ਸਨਸਕ੍ਰੀਮ ਲੋਸ਼ਣ ਜ਼ਰੂਰ ਲਗਾਉ। ਇਹ ਸੂਰਜ ਦੀਆਂ ਕਿਰਨਾਂ ਦੇ ਹਾਨੀਕਾਰਕ ਪ੍ਰਭਾਵ ਨੂੰ ਵੀ ਰੋਕਦਾ ਹੈ ਅਤੇ ਚਮੜੀ ਦੀ ਨਮੀ ਵੀ ਬਣਾਏ ਰੱਖਦਾ ਹੈ।

☛ ਚਮੜੀ ਨੂੰ ਕੋਮਲ ਅਤੇ ਕਸੀ ਹੋਈ ਬਣਾਉਣ ਲਈ ਹਫ਼ਤੇ ’ਚ ਦੋ ਵਾਰ ਫੇਸ ਪੈਕ ਅਤੇ ਇਕ ਵਾਰ ਫੇਸ ਸਕਰਬ ਜਾਂ ਫੇਸ ਮਾਸਕ ਲਗਾਉ।



# ਹੋ ਸਕੇ ਤਾਂ ਦਵਾਈਆਂ ਦੀ ਗੁਲਾਮੀ ਤੋਂ ਬਚੋ

ਤੰਦਰੁਸਤੀ, ਹਰ ਇਨਸਾਨ ਦੀ ਸਭ ਤੌਂ ਪਿਆਰਾ ਸੁਪਨਾ ਹੈ। ਸਭ ਤਰ੍ਹਾਂ ਦੀਆਂ ਪ੍ਰਾਪਤੀਆਂ ਕਰਨ ਲਈ ਵਿਅਕਤੀ ਦਾ ਸਰੀਰਕ ਅਤੇ ਮਾਨਸਿਕ ਤੌਰ ’ਤੇ ਸਿਹਤਮੰਦ ਹੋਣਾ ਬਹੁਤ ਹੀ ਜ਼ਰੂਰੀ ਹੈ। ਚੰਗੀ ਸਿਹਤ ਦੀ ਪ੍ਰਾਪਤੀ ਲਈ, ਮਨੁੱਖੀ ਸਰੀਰ ਅਤੇ ਮਨ ਦੀ ਬਣਤਰ ਅਤੇ ਕੰਮ ਕਰਨ ਦੇ ਢੰਗ ਨੂੰ ਬਰੀਕੀ ਨਾਲ ਸਮਝਣਾ ਜ਼ਰੂਰੀ ਹੈ। ਆਧੁਨਿਕ ਚਕਿਤਸਾ ਪ੍ਰਣਾਲੀ, ਜਿਸ ਨੂੰ ਐਲੋਪੈਥੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਅਨੁਸਾਰ ਮਨੁੱਖੀ ਸਰੀਰ ਨੂੰ ਇਕ ਮਸ਼ੀਨ ਵਾਂਗੂ ਸਮਝਿਆ ਜਾਂਦਾ ਹੈ। ਇਸ ਨੂੰ ਲੱਗਣ ਵਾਲੀਆਂ ਬਿਮਾਰੀਆਂ ਅਤੇ ਪੈਣ ਵਾਲੇ ਨੁਕਸਾਂ ਨੂੰ ਵੀ ਇਕ ਆਮ ਮਸ਼ੀਨ ਵਾਂਗੂ ਪੈਣ ਵਾਗੂ ਪੈਣ ਵਾਲੇ ਨੁਕਸਾਂ ਵਾਂਗ ਦੇਖਿਆ ਜਾਂਦਾ ਹੈ। ਇਸੇ ਸਮਝ ’ਚੋਂ ਨਿਕਲੇ ਇਲਾਜ਼ ਦੇ ਢੰਗ ਵੀ ਉਵੇਂ ਹੀ ਹਨ, ਜਿਵੇਂ ਕਿ ਇਕ ਮਕੈਨਿਕ, ਮਸ਼ੀਨ ਨੂੰ ਠੀਕ ਕਰਨ ਦੀ ਕੋਸ਼ਿਸ਼ ਕਰਦਾ ਹੈ। ਮਕੈਨਿਕ ਵਾਂਗੂ ਸਰੀਰ ’ਚ ਪਏ ਨੁਕਸਾਂ ਨੂੰ ਠੀਕ ਕਰਨ ਦੀ ਕੋਸ਼ਿਸ਼ ਕਿਤੇ-ਕਿਤੇ ਤਾਂ ਕਾਰਗਰ ਸਾਬਤ ਹੁੰਦੀ ਹੈ, ਜਿਵੇਂ ਕੀ ਟੁੱਟੀਆਂ ਹੱਡੀਆਂ ਨੂੰ ਜੋੜਨ ਦੀ ਵਿਧੀ ’ਤੇ ਆਮ ਤੌਰ ’ਤੇ ਅਜਿਹੇ ਢੰਗ ਗੈਰ-ਕੁਦਰਤੀ, ਆਰਜ਼ੀ ਲਾਭ ਦੇਣ ਵਾਲੇ ਅਤੇ ਸਿਰਫ਼ ਬਿਮਾਰ ਦੀਆਂ ਅਲਾਮਤਾਂ ਨੂੰ ਦਬਾਉਣ ਵਾਲੇ ਹਨ। ਇਨ੍ਹਾਂ ਢੰਗਾਂ ’ਚ ਕਿਧਰੇ ਵੀ ਬਿਮਾਰੀ ਨੂੰ ਜੜ੍ਹ ਤੋਂ ਖਤਮ ਕਰਨ ਦੀ ਕੋਈ ਕੋਸ਼ਿਸ਼ ਨਹੀਂ ਹੁੰਦੀ। ਇਲਾਜ ਲਈ ਵਰਤੀਆਂ ਗਈਆਂ ਵਿਧੀਆਂ ਨਾਲ, ਬਿਨਾਂ ਵਜ੍ਹਾ ਸਰੀਰ ਨੂੰ ਅੰਗਾਂ ਦੀ ਚੀਰ-ਫਾੜ ਕਰ ਦਿੱਤੀ ਜਾਂਦੀ ਹੈ। ਤੇਜ਼ ਅਤੇ ਮਾੜੇ ਅਸਰਾਂ ਵਾਲੀਆਂ ਦਵਾਈਆਂ ਖੁਆਈਆਂ ਜਾਂਦੀਆਂ ਹਨ ਅਤੇ ਬੇਲੋੜੇ, ਮਹਿੰਗੇ ਅਤੇ ਮਾੜੇ ਅਸਰਾਂ ਵਾਲੇ ਟੈਸਟ ਕੀਤੇ ਜਾਂਦੇ ਹਨ। ਚਕਿਤਸਾ ਦੇ ਅਜਿਹੇ ਤਰੀਕਿਆਂ ਨਾਲ ਬਹੁਤ ਵਾਰੀ ਲਾਭ ਨਾਲੋਂ ਨੁਕਸਾਨ ਵੱਧ ਹੋ ਜਾਂਦਾ ਹੈ। ਕਈ ਵਾਰੀ ਬਿਮਾਰੀ ਤਾਂ ਇੰਨੀ ਗੰਭੀਰ ਨਹੀਂ ਹੁੰਦੀ, ਪ੍ਰੰਤੂ ਚਕਿਤਸਾ ਦੇ ਨੁਕਸਾਨਦੇਹ ਤਰੀਕਿਆਂ ਕਾਰਨ ਮਰੀਜ਼ ਦੀ ਮੌਤ ਹੋ ਜਾਂਦੀ ਹੈ।

ਅੱਜ ਦੇ ਸਮੇਂ ’ਚ ਆਮ ਤੌਰ ’ਤੇ ਦੇਖਿਆ ਜਾਂਦਾ ਹੈ ਕਿ ਕੁਝ ਲੋਕ ਦਵਾਈਆਂ ਦਾ ਏਨਾ ਸੇਵਨ ਕਰਦੇ ਹਨ ਕਿ ਦਵਾਈ ਖਾਧੇ ਵਗੈਰ ਸਬਰ ਹੀ ਨਹੀਂ ਕਰਦੇ। ਜਦੋਂ ਕਿ ਫਜ਼ੂਲ ਦਵਾਈਆਂ ਲੋਕਾਂ ਨੂੰ ਗੁਲਾਮ ਬਣਾਉਂਦੀਆਂ ਹਨ। ਲੋਕਾਂ ਦੀ ਸੋਚਣ ਸਮਝਣ ਦੀ ਸ਼ਕਤੀ ਜਾਂ ਸਰੀਰ ਕਸ਼ਕਤੀ ਨੂੰ ਘਟਾਉਂਦੀਆਂ ਹਨ। ਅਕਸਰ ਸੁਣਿਆ ਜਾਂਦਾ ਹੈ ਕਿ ਐਲੋਪੈਥੀ ਦਵਾਈਆਂ ਖਾਣ ਨਾਲ ਕਿਸੇ ਦਾ ਕਾਲਜਾ ਮੱਚਣ ਲੱਗ ਪਿਆ ਹੈ, ਗਰਮੀ ਸਰੀਰ ’ਚ ਬਹੁਤ ਵੱਧ ਗਈ ਹੈ, ਕਿਸੇ ਦਾ ਪਿਸ਼ਾਬ ਜਲਣ ਨਾਲ ਆਉਣ ਲੱਗ ਪਿਆ ਹੈ, ਕਿਸੇ ਦਾ ਸਿਰ ਚਕਰਾਉਣ ਲੱਗ ਪੈਂਦਾ ਹੈ ਜਾਂ ਲੀਵਰ, ਗੁਰਦੇ ਖਰਾਬ ਹੋ ਗਏ ਹਨ, ਆਦਿ ਫਿਰ ਵੀ ਪਤਾ ਨਹੀਂ ਕਿਵੂੰ ਲੋਕ ਸਭ ਕੁਝ ਜਾਨਣ ਦੇ ਬਾਵਜੂ ਦਵਾਈਆਂ ਅਪਣਾਉਂਦੇ ਹਨ ਅਤੇ ਆਪਣੀ ਸਿਹਤ ਨੂੰ ਸੁੱਰਖਿਅਤ ਸਮਝਦੇ ਹਨ ਅਤੇ ਜ਼ਿੰਦਗੀ ਨੂੰ ਪ੍ਰਗਤੀਸ਼ੀਲ ਰੱਖਣ ਲਈ ਬਹੁਤ ਲੋਕਾਂ ਦੀ ਆਦਤ ਹੁੰਦੀ ਹੈ ਕਿ ਥੋੜ੍ਹੇ ਜਿਹੇ ਜ਼ੁਕਾਮ, ਖਾਂਸੀ ਜਾਂ ਬੁਖਾਰ ਸਿਰ ਦਰਦ ਹੋਣ ’ਤੇ ਘਰ ਪਈ ਦਵਾਈ ਆਪੇ ਹੀ ਬਿਨਾ ਸੰਕੋਚ ਕੀਤੇ ਖਾ ਜਾਂਦੇ ਹਨ। ਜਦੋਂ ਕਿ ਜ਼ੁਕਾਮ, ਖਾਂਸੀ ਆਪਣੇ ਆਪ ’ਚ ਕੋਈ ਰੋਗ ਲਹੀਂ ਹੁੰਦੇ, ਸਗੋਂ ਸਰੀਰ ’ਚੋਂ ਬਿਮਾਰੀ ਜਾਂ ਵਿਸ਼ੈਲ ਤੱਤ ਕੱਢਣ ਦੇ ਲੱਛਣ ਹੁੰਦੇ ਹਨ। ਪਰ ਲੋਕ ਝੱਟ-ਪੱਟ ਦਵਾਈ ਖਾ ਕੇ ਰੋਗ ਸਰੀਰ ’ਚੋਂ ਕੱਢਣ ਦੀ ਥਾਂ ਅੰਦਰ ਹੀ ਦਬਾ ਜਾਂ ਧੱਕ ਦਿੰਦੇ ਹਨ। ਅਜਿਹਾ ਨਹੀਂ ਕਰਨਾ ਚਾਹੀਦਾ। ਅਜਿਹੀ ਆਦਤ ਲੋਕਾਂ ਨੂੰ ਦਵਾਈਆਂ ਦੇ ਗੁਲਾਮ ਬਣਾ ਦਿੰਦੀ ਹੈ, ਜੋ ਕਿ ਇਨਸਾਨ ਦੇ ਮਰਨ ਤੱਕ ਦਵਾਈਆਂ ਸਾਥ ਨਹੀਂ ਛੱਡਦੀਆਂ ।

ਪੁਰਾਣੇ ਜਮਾਨੇ ਵੱਲ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਲੋਕ ਬਿਮਾਰ ਘੱਟ ਹੀ ਹੁੰਦੇ ਸਨ। ਜੇਕਰ ਬਿਮਾਰ ਹੁੰਦੇ ਵੀ ਸਨ ਤਾਂ ਘਰੇਲੂ ਉਪਯੋਗ ਜਾਂ ਐਕਯੂਪ੍ਰੈਸ਼ਰ ਨਾਲ ਆਪਣਾ ਰੋਗ ਠੀਕ ਕਰ ਲੈਂਦੇ ਸਨ। ਪਰ ਅਧੁਨਿਕ ਯੁੱਗ ’ਚ ਹਰ ਵਿਅਕਤੀ ਇਕ ਤੌਂ ਵੱਧ ਕੇ ਕਾਹਲਾ ਅਤੇ ਬੇਸਬਰਾ ਹੈ, ਜੋ ਹਰ ਰੋਗ ਇਕ ਦਿਨ ਤਾਂ ਕਿ ਇਕ ਮਿੰਟ ’ਚ ਹੀ ਠੀਕ ਕਰਵਾਉਣਾ ਚਾਹੁੰਦਾ ਹੈ। ਸ਼ੁਰੂਆਤ ਛੋਟੇ ਡਾਕਟਰ ਤੋਂ ਕਰਦਾ ਹੈ, ਫਿਰ ਨਾ ਠੀਕ ਹੋਣ ’ਤੇ ਵੱਡੇ ਡਾਕਟਰ ਕੋਲ ਚਲਾ ਜਾਂਦਾ ਹੈ। ਉਸ ਤੌਂ ਵੀ ਸਬਰ ਨਾ ਆਏ ਤਾਂ ਹੋਰ ਵੱਡੇ ਡਾਕਟਰ ਕੋਲ ਚਲਾ ਜਾਂਦਾ ਹੈ। ਹੌਲੀ-ਹੌਲੀ ਵੱਡੇ ਤੋਂ ਵੱਡਾ ਹਸਪਤਾਲ ਪਹੁੰਚ ਕੇ ਮਹਿੰਗੀਆਂ ਤੋਂ ਮਹਿੰਗੀਆਂ ਦਵਾਈਆਂ ਖਾ ਖਾ ਸਰੀਰ ਨੂੰ ਹੋਰ ਰੋਗੀ ਅਤੇ ਕੰਡਮ ਕਰ ਲੈਂਦਾ ਹੈ, ਪਰ ਦਵਾਈਆਂ ਖਾਣੋਂ ਨਹੀਂ ਥੱਕਦਾ ਅਤੇ ਅਸਲ ਰੋਗ ਨਿਵਾਰਨ ਪੱਧਤੀਆਂ ਐਕਯੂਪ੍ਰੈਸ਼ਰ ਆਯੂਰਵੈਦਿਕ ਵੱਲ ਸੋਚਦਾ ਹੈ। ਜੇਕਰ ਥੱਕ ਹਾਰ ਕੇ ਐਕਯੂਪ੍ਰੈਸ਼ਰ ਜਾਂ ਆਯੁਰਵੈਦਿਕ ਅਪਣਾ ਵੀ ਲਵੇ ਤਾਂ ਕੰਡਮ ਸਰੀਰ ਨੂੰ 2-4 ਦਿਨਾਂ ’ਚ ਠੀਕ ਕਰ ਲੈਣਾ ਚਾਹੁੰਦਾ ਹੈ।

# ਕਿਉਂ ਹੁੰਦੀ ਹੈ ਬੱਚਿਆਂ ਵਿਚ ਹਕਲਾਹਟ



ਹਕਲਾਉਣ ਦੀ ਸਮੱਸਿਆ ਤਿੰਨ ਤਰ੍ਹਾਂ ਦੀ ਹੋ ਸਕਦੀ ਹੈ ਇਕ ਤਾਂ ਇਹ ਕਿ ਬੱਚਾ ਕਿਸੇ ਵਾਕ ਦਾ ਪਹਿਲਾ ਸ਼ਬਦ ਬੋਲਣ ’ਤੇ ਹਕਲਾਉਂਦਾ ਹੈ। ਦੂਜੀ ਕਿਸਮ ਦੀ ਹਕਲਾਹਟ ਵਿਚ ਬੱਚਾ ਵਾਕ ਬੋਲਣ ਵੇਲੇ ਪਹਿਲਾ ਸ਼ਬਦ ਤਾਂ ਠੀਕ ਤਰ੍ਹਾਂ ਬੋਲ ਲੈਂਦਾ ਹੈ ਪਰ ਵਿਚਲੇ ਸ਼ਬਦਾਂ ’ਤੇ ਅੜ ਜਾਂਦਾ ਹੈ ਅਤੇ ਤੀਜੀ ਸਥਿਤੀ ਇਹ ਹੁੰਦੀ ਹੈ ਕਿ ਜਬਾੜੇ ਤੇ ਬੁੱਲ੍ਹ ਤਾਂ ਹਿੱਲਦੇ ਹਨ ਪਰ ਮੂੰਹ ਵਿਚੋਂ ਆਵਾਜ਼ ਨਹੀਂ ਨਿਕਲਦੀ। ਇਹ ਆਮ ਤੌਰ ’ਤੇ ਕਿਸੇ ਵੱਡੇ ਵਿਅਕਤੀ ਜਾਂ ਅਜਨਬੀ ਨਾਲ ਗੱਲ ਕਰਨ ਵੇਲੇ ਹੋ ਸਕਦੀ ਹੈ।

ਹਕਲਾਹਟ ਮੁੰਡੇ-ਕੁੜੀ ਕਿਸੇ ਨੂੰ ਵੀ ਹੋ ਸਕਦੀ ਹੈ ਪਰ ਕੁੜੀਆਂ ਦੇ ਮੁਕਾਬਲੇ ਇਹ ਮੁੰਡਿਆਂ ਵਿਚ ਵਧੇਰੇ ਪਾਈ ਜਾਂਦੀ ਹੈ। ਅੱਧੇ ਬੱਚਿਆਂ ਦੀ ਹਕਲਾਹਟ 16 ਸਾਲ ਦੀ ਉਮਰ ਪੂਰੀ ਹੋਣ ਤੱਕ ਦੂਰ ਹੋ ਜਾਂਦੀ ਹੈ। ਜੇਕਰ ਵੱਡੇ ਹੋਣ ’ਤੇ ਵੀ ਬੱਚਿਆਂ ਦੀ ਹਕਲਾਹਟ ਦੂਰ ਨਹੀਂ ਹੁੰਦੀ ਤਾਂ ਇਸਦਾ ਅਸਰ ਉਨ੍ਹਾਂ ਦੇ ਕੈਰੀਅਰ ’ਤੇ ਪੈਂਦਾ ਹੈ। ਹਕਲਾਉਣ ਵਾਲੇ ਅੱਲ੍ਹੜ ਅਤੇ ਜਵਾਨ ਉਹ ਕੈਰੀਅਰ ਨਹੀਂ ਚੁਣ ਸਕਦੇ ਜਿਸ ਵਿਚ ਉਨ੍ਹਾਂ ਨੂੰ ਬੋਲਣਾ ਪੈਂਦਾ ਹੈ। ਉਹ ਦੂਜਿਆਂ ਨਾਲ ਗੱਲ ਕਰਨੋਂ ਕਤਰਾਉਂਦੇ ਹਨ। ਸਮਾਜ ਦੀ ਮੁੱਖ ਧਾਰਾ ਤੋਂ ਟੁੱਟੇ ਅਤੇ ਜੁਦਾ ਜਿਹੇ ਹੋ ਜਾਂਦੇ ਹਨ। 3-4 ਸਾਲ ਦੀ ਉਮਰ ਤੋਂ ਬਾਅਦ ਵੀ ਜੇਕਰ ਬੱਚਾ ਤੋਤਲ ਬੋਲੇ ਜਾਂ ਹਕਲਾਅ ਕੇ ਬੋਲੇ ਤਾਂ ਇਸ ਨੂੰ ਨਜ਼ਰ ਅੰਦਾਜ਼ ਨਾ ਕਰੋ। ਇਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਕਿਸੇ ਮਨੋਵਿਗਿਆਨੀ ਦੀ ਸਲਾਹ ਲਓ ਅਤੇ ਫਿਰ ਕਿਸੇ ਮਸ਼ਹੂਰ ਸਪੀਚ ਥੈਰੇਪਿਸਟ ਤੋਂ ਪੂਰੀ ਜਾਂਚ ਕਰਵਾਓ। ਡਾਕਟਰ ਇਸ ਗੱਲ ਦੀ ਜਾਂਚ ਕਰੇਗਾ ਕਿ ਬੱਚੇ ਵਿਚ ਕੋਈ ਸਰੀਰਕ ਅਸਮਰੱਥਾ ਜਾਂ ਨੁਕਸ ਤਾਂ ਨਹੀਂ। ਜੇਕਰ ਹਕਲਾਉਣਾ ਪੀੜ੍ਹੀ ਦਰ ਪੀੜ੍ਹੀ ਚੱਲਿਆ ਆ ਰਿਹਾ ਹੈ ਤਾਂ ਬੱਚੇ ਦੇ ਜਨਮ ਪਿੱਛੋਂ ਜਦੋਂ ਉਹ ਬੋਲਣਾ ਸਿੱਖਦਾ ਹੈ ਤਾਂ ਉਸਨੂੰ ਵੱਖਰੇ ਮਾਹੌਲ ਵਿਚ ਰੱਖੋ, ਜਿਥੇ ਕੋਈ ਨਾ ਹਕਲਾਉਂਦਾ ਹੋਵੇ।

ਬੱਚੇ ਨੂੰ ਮਾਨਸਿਕ ਤਣਾਅ ਤੋਂ ਮੁਕਤ ਰੱਖਣ ਦੀ ਕੋਸ਼ਿਸ਼ ਕਰੋ। ਉਸਨੂੰ ਵਾਰ-ਵਾਰ ਟੋਕਣਾ ਜਾਂ ਜ਼ਲੀਲ ਕਰਨਾ ਠੀਕ ਨਹੀਂ ਸਗੋਂ ਉਸ ਦਾ ਮਨੋਬਲ ਉੱਚਾ ਕਰੋ ਕਿ ਉਹ ਕੋਸ਼ਿਸ਼ ਕਰੇ ਸਹੀ ਬੋਲ ਸਕਦਾ ਹੈ।

ਬੱਚਿਆਂ ਦੀ ਭਾਸ਼ਾ, ਵਿਕਾਸ ਅਤੇ ਉਚਾਰਨ ਵਿਚ ਪ੍ਰੇਰਨਾ ਦਾ ਅਹਿਮ ਸਥਾਨ ਹੈ। ਹਕਲਾਉਣ ਵਾਲੇ ਬੱਚੇ ਜੇਕਰ ਸ਼ੁੱਧ ਬੋਲਣ ਦੀ ਕੋਸ਼ਿਸ਼ ਕਰਨ ਤਾਂ ਉਨ੍ਹਾਂ ਦੀ ਤਾਰੀਫ ਕਰਨੀ ਚਾਹੀਦੀ ਹੈ।

ਜੇਕਰ ਬੱਚਾ ਹਕਲਾਉਂਦਾ ਹੈ ਤਾਂ ਉਸਨੂੰ ਤੁਹਾਡੀ ਮਦਦ ਦੀ ਲੋੜ ਹੈ। ਉਸਦੇ ਹਕਲਾਉਣ ’ਤੇ ਉਸਦੀ ਕੁੱਟਮਾਰ ਕਰਨੀ, ਸਜ਼ਾ ਆਦਿ ਦੇਣ ਦਾ ਵਤੀਰਾ ਸਮੱਸਿਆ ਨੂੰ ਹੋਰ ਉਲਝਾ ਸਕਦਾ ਹੈ। ਮਾਤਾ-ਪਿਤਾ ਨੂੰ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ।

ਡਰ ਕਾਰਨ ਵੀ ਬੱਚੇ ਹਕਲਾਅ ਸਕਦੇ ਹਨ। ਜੇਕਰ ਕਿਸੇ ਵਿਦਿਆਰਥੀ ਦਾ ਕਲਾਸ ਵਿਚ ਧਿਆਨ ਨਹੀਂ ਹੈ ਅਤੇ ਟੀਚਰ ਅਚਾਨਕ ਉਸ ਤੋਂ ਸਵਾਲ ਪੁੱਛ ਲਵੇ ਤਾਂ ਉਹ ਹਕਲਾਉਣ ਲੱਗਦਾ ਹੈ, ਜਦਕਿ ਸਧਾਰਨ ਤੌਰ ’ਤੇ ਉਹ ਹਕਲਾਉਂਦਾ ਨਹੀਂ।

ਮਾਨਸਿਕ ਤੌਰ ’ਤੇ ਤਣਾਅਗ੍ਰਸਤ ਬੱਚੇ ਵੀ ਹਕਲਾਉਂਦੇ ਦੇਖੇ ਗਏ ਹਨ, ਜਦੋਂ ਉਹ ਤਣਾਅ ਵਿਚ ਹੁੰਦੇ ਹਨ ਤਾਂ ਚਾਹ ਕੇ ਵੀ ਸਧਾਰਨ ਰੂਪ ਵਿਚ ਨਹੀਂ ਬੋਲ ਸਕਦੇ।

ਹਕਲਾਹਟ ਵੰਸ਼ਕ ਰੂਪ ਵਿਚ ਵੀ ਹੋ ਸਕਦੀ ਹੈ। ਜੇਕਰ ਮਾਂ ਜਾਂ ਪਿਤਾ ਹਕਲਾਉਂਦੇ ਹਨ ਤਾਂ ਇਸ ਦਾ ਅਸਰ ਬੱਚੇ ’ਚ ਵੀ ਦੇਖਣ ਨੂੰ ਮਿਲ ਸਕਦਾ ਹੈ। ਦਾਦਾ, ਚਾਚਾ, ਤਾਇਆ, ਭੂਆ ਜਾਂ ਨਾਨਾ, ਮਾਮਾ, ਮਾਸੀ ਆਦਿ ਵਿਚੋਂ ਵੀ ਕੋਈ ਹਕਲਾਉਂਦਾ ਹੈ ਤਾਂ ਇਹ ਔਗੁਣ ਬੱਚਿਆਂ ਵਿਚ ਵੀ ਆ ਸਕਦਾ ਹੈ।

ਹਕਲਾਉਣ ਦਾ ਸਭ ਤੋਂ ਵੱਡਾ ਕਾਰਨ ਹੈ ਕਿ ਸੁਰ ਯੰਤਰ ਵਿਚ ਗੜਬੜੀ। ਦਿਮਾਗ ਵਿਚ ਅਸੰਤੁਲਨ, ਖ਼ੂਨ ਵਿਚ ਸ਼ੱਕਰ ਜਾਂ ਕੈਲਸ਼ੀਅਮ ਦੀ ਜ਼ਿਆਦਾ ਮਾਤਰਾ ਆਦਿ ਪ੍ਰੋਟੀਨ ਤੇ ਪੋਟਾਸ਼ੀਅਮ ਦੀ ਕਮੀ ਹੋਣ ਨਾਲ ਵੀ ਬੱਚੇ ਹਕਲਾਉਂਦੇ ਹਨ। ਹਕਲਾਉਣ ਵਾਲੇ ਨੂੰ ਅੱਗੇ ਬੋਲਣ ਵਾਲੇ ਸ਼ਬਦ ਪ੍ਰਤੀ ਭਰਮ-ਭੁਲੇਖਾ ਹੁੰਦਾ ਹੈ। ਜੇਕਰ ਉਸਨੂੰ ਭੁਲੇਖਾ ਨਾ ਹੋਵੇ ਤਾਂ ਉਹ ਬੋਲਦਾ ਹੋਇਆ ਰੁਕੇਗਾ ਨਹੀਂ।



# ਚੰਗੀ ਸਿਹਤ ਲਈ ਲਾਹੇਵੰਦ ਹੈ ਅਨਾਰ

ਆਮ ਕਹਾਵਤ ਹੈ, “ਇਕ ਅਨਾਰ ਸੌ ਬਿਮਾਰ”। ਅਨਾਰ ਬਿਮਾਰਾਂ ਲਈ ਬਹੁਤ ਪੌਸ਼ਟਿਕ ਅਤੇ ਗੁਣਕਾਰੀ ਫੱਲ ਹੈ। ਮਹਿੰਗਾ ਹੋਣ ਕਾਰਨ ਘੱਟ ਹੀ ਪ੍ਰਯੋਗ ’ਚ ਲਿਆਇਆ ਜਾਂਦਾ ਹੈ। ਅਕਸਰ ਬਿਮਾਰ ਹੋਣ ’ਤੇ ਹੀ ਲੋਕ ਅਨਾਰ ਨੂੰ ਇਕ ਦਵਾਈ ਦੇ ਰੂਪ ਵਿਚ ਇਸਤੇਮਾਲ ਕਰਦੇ ਹਨ। ਬਿਮਾਰੀ ਹੋਣ ’ਤੇ ਸਰੀਰਕ ਕਮਜ਼ੋਰੀ, ਲਹੂ ਦੀ ਕਮੀ ’ਚ ਅਨਾਰ ਖਾਣਾ ਬਹੁਤ ਫ਼ਾਇਦੇਮੰਦ ਹੈ। ਅਨਾਰ ਤਿੰਨ ਤਰ੍ਹਾਂ ਦਾ ਹੁੰਦਾ ਹੈ। 1. ਬਹੁਤ ਮਿੱਠਾ 2. ਖਟਮਿੱਠਾ 3. ਖੱਟਾ।

ਇਨ੍ਹਾਂ ਵਿਚ ਵੱਖ,-ਵੱਖ ਔਸ਼ਧੀ ਗੁਣ ਹੁੰਦੇ ਹਨ। ਅਨਾਰ ਸਾਰੇ ਭਾਰਤ ਵਿਚ ਪਾਇਆ ਜਾਂਦਾ ਹੈ ਪਰ ਵਿਸ਼ੇਸ਼ ਕਰ ਕੇ ਅਫ਼ਗਾਨਿਸਤਾਨ, ਬਲੋਚਿਸਤਾਨ ਅਤੇ ਇਰਾਕ ’ਚ ਹੁੰਦਾ ਹੈ। ਕਾਬਲੀ ਅਨਾਰ ਸਭ ਤੋਂ ਉੱਤਮ ਹੁੰਦਾ ਹੈ। ਪਟਨਾ (ਬਿਹਾਰ) ਦਾ ਅਨਾਰ ਵੀ ਚੰਗੀ ਕਿਸਮ ਦਾ ਹੁੰਦਾ ਹੈ।

ਮਿੱਠਾ ਅਨਾਰ ਲਹੂ ਪੈਦਾ ਕਰਨ ਵਾਲਾ ਅਤੇ ਜਿਗਰ ਨੂੰ ਤਾਕਤ ਦੇਣ ਵਾਲਾ ਹੁੰਦਾ ਹੈ। ਪੇਟ ਦੇ ਵਿਕਾਰਾਂ ਅਤੇ ਪੇਟ ਦੇ ਕੀੜਿਆਂ ਨੂੰ ਨਸ਼ਟ ਕਰਨ ਲਈ ਬਹੁਤ ਗੁਣਕਾਰੀ ਹੈ। ਕਬਜ਼, ਪੀਲੀਆ ਤੇ ਸੁੱਕੀ ਖਾਂਸੀ ਦੂਰ ਕਰਦਾ ਹੈ। ਨਵੀਂ ਖੋਜ ਅਨੁਸਾਰ ਅਨਾਰ ਦੀ ਛਿੱਲ ਪੁਰਾਣੇ ਡਾਇਉਰੀਆ (ਅਤਿਸਾਰ) ਅਤੇ ਪੁਰਾਣੀ ਡਾਇਮੈਂਟਰੀ (ਪੇਚਸ਼) ਨੂੰ ਠੀਕ ਕਰਦਾ ਹੈ। ਐਸੇਡਿਟੀ (ਅਮਲਪਿੱਤ) ਦੇ ਰੋਗੀ ਲਈ ਉਪਯੋਗ ਹੈ।

***ਪ੍ਰਦਰ, ਯੋਨੀ ਸੋਜ :*** ਅਨਾਰ ਦੀ ਜੜ੍ਹ ਦੀ ਛਿੱਲ 50 ਗ੍ਰਾਮ ਲੈ ਕੇ ਕੁਟ ਲਵੋ ਅਤੇ ਇਕ ਕਿਲੋ ਪਾਣੀ ਵਿਚ ਉਬਾਲੋ। ਜਦ ਪਾਣੀ ਅੱਧਾ ਰਹਿ ਜਾਵੇ ਤਾਂ ਉਤਾਰ ਕੇ ਠੰਢਾ ਕਰ ਕੇ ਪੁਣ ਛਾਣ ਲਵੋ। ਫਿਰ ਅੱਧਾ ਚਮਚ ਪੀਸੀ ਹੋਈ ਫਟਕੜੀ ਮਿਲਾ ਲਵੋ। ਇਸ ਪਾਣੀ ਨਾਲ ਯੋਨੀ ਨੂੰ ਧੋਵੋ ਜਾਂ ਪਿਚਕਾਰੀ ਨਾਲ ਯੋਨੀ ਨੂੰ ਧੋਵੋ। ਇਸ ਨਾਲ ਯੋਨੀ ਦਾ ਢਿੱਲਾਪਣ, ਯੋਨੀਸੋਜ, ਯੋਨੀ ’ਚੋਂ ਸਫ਼ੈਦ ਪਾਣੀ ਆਉਣਾ ਬੰਦ ਹੋ ਜਾਂਦਾ ਹੈ।

***ਛਾਤੀਆਂ (ਸਤਨਾਂ) ਦਾ ਢਿਲਕਣਾ :*** ਛਿਲਕਾ ਅਨਾਰ, ਫੁੱਲ ਅਨਾਰ, ਪੱਤੇ ਅਨਾਰ, ਜੜ੍ਹ ਅਨਾਰ ਬਰਾਬਰ ਮਾਤਰਾ ਵਿਚ ਲੈ ਕੇ ਛਾਂਵੇਂ ਸੁਕਾ ਲਵੋ। 250 ਗ੍ਰਾਮ ਦੀ ਮਾਤਰਾ ਵਿਚ ਇਨ੍ਹਾਂ ਚੀਜ਼ਾਂ ਦਾ ਚੂਰਨ ਲੈ ਕੇ 2 ਕਿਲੋ ਪਾਣੀ ਵਿਚ ਚੰਗੀ ਤਰ੍ਹਾਂ ਉਬਾਲੋ। ਜਦ ਪਾਣੀ 250 ਗ੍ਰਾਮ ਰਹਿ ਜਾਵੇ ਤਾਂ ਛਾਣ ਕੇ 125 ਗ੍ਰਾਮ ਤੇਲ ਸਰ੍ਹੋਂ ਮਿਲਾ ਕੇ ਫਿਰ ਅੱਗ ’ਤੇ ਪਕਾਵੋ। ਜਦ ਪਾਣੀ ਸੁੱਕ ਜਾਵੇ ਅਤੇ ਕੇਵਲ ਤੇਲ ਹੀ ਰਹਿ ਜਾਵੇ ਤਾਂ ਉਤਾਰ ਲਵੋ। ਪੁਣ ਛਾਣ ਕੇ ਕਿਸੇ ਸ਼ੀਸ਼ੀ ਵਿਚ ਪਾ ਲਵੋ। ਔਰਤ ਦੀਆਂ ਛਾਤੀਆਂ ਢਿੱਡੀਆਂ ਹੋਣ ਤਾਂ ਉਨ੍ਹਾਂ ’ਤੇ ਕੋਸਾ-ਕੋਸਾ ਤੇਲ ਦਿਨ ’ਚ ਦੋ ਵਾਰੀ ਮਲ ਕੇ ਛਾਤੀਆਂ ਬੰਨ੍ਹ ਲੈਣੀਆਂ ਚਾਹੀਦੀਆਂ ਹਨ। ਕੁਝ ਦਿਨਾਂ ਦੇ ਪ੍ਰਯੋਗ ਨਾਲ ਛਾਤੀਆਂ ’ਚ ਮਜ਼ਬੂਤੀ ਆ ਜਾਵੇਗੀ ਅਤੇ ਢਿੱਲਾਪਣ ਦੂਰ ਹੋ ਜਾਵੇਗਾ।

***ਪੇਟ ਦੇ ਕੀੜੇ :*** ਅਨਾਰ ਜੜ੍ਹ ਦੀ ਛਿੱਲ 50 ਗ੍ਰਾਮ ਲੈ ਕੇ ਕੁੱਟ ਲਵੋ ਅਤੇ 2 ਕਿਲੋ ਪਾਣੀ ’ਚ 24 ਘੰਟੇ ਲਈ ਭਿੱਜੀ ਰਹਿਣ ਦਿਉ। ਫਿਰ ਚੰਗੀ ਤਰ੍ਹਾਂ ਮਸਲ ਲਵੋ ਅਤੇ ਅੱਗ ’ਤੇ ਉਬਾਲ ਲਵੋ। ਜਦ ਪਾਣੀ ਇਕ ਕਿਲੋ ਰਹਿ ਜਾਵੇ ਤਾਂ ਉਤਾਰ ਲਵੋ। ਠੰਢਾ ਹੋਣ ਉਪਰੰਤ ਇਸ ਪਾਣੀ ਦੇ ਤਿੰਨ ਹਿੱਸੇ ਕਰ ਲਵੋ। ਸਵੇਰ, ਦੁਪਹਿਰ ਅਤੇ ਸ਼ਾਮ ਨੂੰ ਪੇਟ ਦੇ ਕੀੜਿਆਂ ਦੇ ਰੋਗੀ ਨੂੰ ਪਿਲਾ ਦਿਉ। ਉਸ ਦਿਨ ਵਰਤ ਹੀ ਰੱਖੋ ਭਾਵ ਕੁਝ ਖਾਣ ਨੂੰ ਨਾ ਦਿਉ। ਦੂਸਰੇ ਦਿਨ ਕੈਸਟਰ ਆਇਲ 2 ਚਮਚ ਪਿਲਾ ਦਿਉ। ਦੁਪਹਿਰ ਤੱਕ ਕੁਝ ਵੀ ਖਾਣ ਨੂੰ ਨਾ ਦਿਉ। ਫਿਰ ਖਿਚੜੀ ਖਵਾ ਦਿਉ। ਇਸ ਪ੍ਰਯੋਗ ਨਾਲ ਸਾਰੇ ਕੀੜ ਮਰ ਕੇ ਬਾਹਰ ਨਿਕਲ ਜਾਣਗੇ।

***ਮੂੰਹ ਦੀ ਬਦਬੂ :*** ਅਨਾਰ ਦੇ ਛਿਲਕਿਆਂ ਨੂੰ ਪਾਣੀ ’ਚ ਉਬਾਲ ਕੇ ਕੁਰਲੀਆਂ ਕਰਨ ਨਾਲ ਮੂੰਹ ਦੀ ਬਦਬੂ ਦੂਰ ਹੋ ਜਾਂਦੀ ਹੈ।

***ਪੇਟ ਦਰਦ :*** ਅਨਾਰ ਦੇ ਮਿੱਠੇ ਦਾਣਿਆਂ ’ਤੇ ਕਾਲੀ ਮਿਰਚ ਅਤੇ ਸੇਂਧਾ ਨਮਕ ਛਿੜਕ ਕੇ ਖਾਣ ਨਾਲ ਪੇਟ ਦਰਦ ਦੂਰ ਹੋ ਜਾਂਦੀ ਹੈ।

***ਖ਼ੂਨੀ ਪ੍ਰਦਰ :*** ਅਨਾਰ ਦੇ ਛਿਲਕਿਆਂ ਨੂੰ ਛਾਂਵੇਂ ਸੁਕਾ ਲਵੋ। ਫਿਰ ਕੁਟ ਪੀਸ ਕੇ ਕੱਪੜ ਛਾਣ ਚੂਰਨ ਬਣਾ ਲਵੋ। ਇਕ ਚਮਚ ਇਹ ਚੂਰਨ ਠੰਢੇ ਪਾਣੀ ਨਾਲ ਖਾਣ ਨਾਲ ਖ਼ੂਨੀ ਪ੍ਰਦਰ ਨੂੰ ਲਾਭ ਹੁੰਦਾ ਹੈ।

# ਦਹੀਂ ਖਾਉ ਬਿਮਾਰੀਆਂ ਭਜਾਓ

ਹਾਂ ਇਹ ਸੱਚ ਹੈ। ਸੰਸਾਰ ਵਿਚ ਦਿਲ ਦੀਆਂ ਬਿਮਾਰੀਆਂ ਤੋ ਗ੍ਰਸਤ ਕਰੋੜਾਂ ਹੀ ਲੋਕ ਹਨ, ਜਿਹੜੇ ਇਸ ਬਿਮਾਰੀ ਨਾਲ ਆਪਣੀ ਜਾਨ ਤੋਂ ਹੱਥ ਧੋ ਬੈਠਦੇ ਹਨ। ਕਿਹਾ ਜਾਂਦਾ ਹੈ ਕਿ ਬਚਾਅ ਵੀ ਵੱਡਾ ਇਲਾਜ ਹੈ। ਦਹੀਂ ਨੂੰ ਬਹੁਤ ਪੁਰਾਣੇ ਸਮੇਂ ਤੋਂ ਇਕ ਔਸ਼ਧੀ ਦੇ ਰੂਪ ਵਿਚ ਵਰਤਿਆ ਜਾਂਦਾ ਰਿਹਾ ਹੈ। ਐਲਾਈ ਮੈਟਨੀਕੌਫ਼ ਨੇ ਆਪਣੀ ਕਿਤਾਬ ਵਿਚ ਲਿਖਿਆ ਹੈ ਕਿ ਦਹੀਂ ਜਾਂ ਹੋਰ ਖ਼ਮੀਰ ਕੀਤੀਆਂ ਖਾਧ ਵਸਤਾਂ ਖਾਣ ਨਾਲ ਜ਼ਿੰਦਗੀ ਲੰਬੀ ਹੁੰਦੀ ਹੈ। ਵਿਗਿਆਨਕ ਤੌਰ ’ਤੇ ਜੇ ਇਸ ਸਬੰਧੀ ਸ਼ੁਰੂਆਤੀ ਖੋਜ ਦੇਖੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਸਭ ਤੋਂ ਪਹਿਲਾਂ 1974 ਵਿਚ ਮਾਨ ਅਤੇ ਸਪੋਇਰੀ ਨੇ ਇਹ ਪਰਖ ਕੀਤੀ ਕਿ ਦਹੀਂ ਖਾਣ ਨਾਲ ਬਲੱਡ ਕਲੈਸਟਰੋਲ ਘੱਟਦਾ ਹੈ। ਇਹ ਪਾਇਆ ਗਿਆ ਹੈ ਕਿ 1 ਫੀਸਦੀ ਬਲੱਡ ਕਲੈਸਟਰੋਲ ਘਟਣ ਨਾਲ 2 ਤੋਂ 3 ਫੀਸਦੀ ਦਿਲ ਦੀਆਂ ਬਿਮਾਰੀਆਂ ਘੱਟ ਹੁੰਦੀਆਂ ਹਨ। ਅਸਲ ਵਿਚ ਦਹੀਂ ਵਿਚ ਸੂਖਮ ਜੀਵ ਲੈਕਟੋਬੈਸੀਲਸ ਹੁੰਦੇ ਹਨ, ਜਿਨ੍ਹਾਂ ਨੂੰ ਪ੍ਰੋਬਾਇਓਟਿਕ ਵੀ ਕਿਹਾ ਜਾਂਦਾ ਹੈ।



ਇਹ ਸੂਖਮ ਜੀਵ ਮਨੁੱਖੀ ਸਰੀਰ ਦੇ ਅੰਦਰ, ਬਿਨਾ ਕੋਈ ਨੁਸਕਾਨ ਪਹੁੰਚਾਏ, ਰਹਿੰਦੇ ਹਨ ਅਤੇ ਸਰੀਰ ਨੂੰ ਕਈ ਤਰ੍ਹਾਂ ਨਾਲ ਤੰਦਰੁਸਤ ਰੱਖਣ ਵਿਚ ਸਹਾਈ ਹੁੰਦੇ ਹਨ। ਮਨੁੱਖ ਨੂੰ ਦਿਲ ਦੀਆਂ ਬਿਮਾਰੀਆਂ ਤੋਂ ਬਚਾਉਣ ਲਈ ਸੰਸਾਰ ਭਰ ਵਿਚ ਵਿਗਿਆਨੀ ਇਸ ਵਿਸ਼ੇ ’ਤੇ ਅਣਥੱਕ ਮਿਹਨਤ ਕਰ ਰਹੇ ਹਨ ਤਾਂ ਜੋ ਇਸ ਤੋਂ ਵੀ ਵਧੀਆ ਸੂਖਮ ਜੀਵ ਲੱਭਿਆ ਜਾ ਸਕੇ ਜੋ ਮਨੁੱਖੀ ਸਰੀਰ ਨੂੰ ਹੋਰ ਵੀ ਜ਼ਿਆਦਾ ਲਾਭ ਪਹੁੰਚਾਉਣ ਦੇ ਕਾਬਲ ਹੋਵੇ।

ਅਲੱਗ-ਲਅੱਲ ਖੋਜਾਂ ਦੇ ਸਰਵੇਖਣ ਤੋਂ ਬਾਅਦ ਅਧਿਐਨ ਵਿਚ ਇੱਥੋਂ ਤੱਕ ਕਿਹਾ ਗਿਆ ਹੈ ਕਿ ਦਹੀਂ ਖਾਣ ਨਾਲ ਸਰੀਰ ਦੀ ਰੋਗਾਣੂ ਪ੍ਰਤੀਰੋਧਮ ਸਮਰੱਥਾ ਵੀ ਵੱਧ ਜਾਂਦੀ ਹੈ। ਇਸ ਨਾਲ ਕੈਂਸਰ ਵੀ ਘੱਟ ਹੁੰਦਾ ਹੈ। ਇਸ ਖੋਜ ਦੇ ਮੱਦੇਨਜ਼ਰ ਅੱਜ ਬਾਜ਼ਾਰ ਵਿਚ ਪ੍ਰੋਬਾਇਓਟਿਕ ਦੁੱਧ ਜਾਂ ਦਹੀਂ ਆਮ ਹੀ ਮਿਲ ਜਾਂਦਾ ਹੈ।



# ਮਹਾਮਾਰੀ ਦਾ ਰੂਪ ਧਾਰਨ ਕਰਦਾ ਜਾ ਰਿਹੈ ਮੋਟਾਪਾ

*ਫਾਸਟ ਫ਼ੂਡ, ਮੈਦਾਨੀ ਖੇਡਾਂ ਦੀ ਥਾਂ ਟੀ.ਵੀ. ਨਾਲ ਚਿਪਕੇ ਰਹਿਣਾ ਤੇ ਕਸਰਤ ਨਾ ਕਰਨਾ ਬੱਚਿਆਂ 'ਚ ਵਧ ਰਹੇ ਮੋਟਾਪੇ ਦਾ ਕਾਰਨ ਹੈ। ਚਰਬੀ ਵਾਲੇ ਭੋਜਨ ਕਾਰਨ ਮੋਟਾਪਾ ਇਕ ਮਹਾਂਮਾਰੀ ਵਾਂਗ ਅੱਗੇ ਵਧ ਰਿਹਾ ਹੈ। ਮਾਹਿਰਾਂ ਨੇ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਜੇ ਮੋਟਾਪੇ ਨੂੰ ਨਾ ਰੋਕਿਆ ਗਿਆ ਤਾਂ ਅਗਲੇ 15 ਸਾਲਾਂ 'ਚ ਸ਼ੂਗਰ ਤੇ ਦਿਲ ਦੇ ਰੋਗਾਂ ਦੀ ਮਹਾਂਮਾਰੀ ਝੱਲਣੀ ਪੈ ਸਕਦੀ ਹੈ। ਮਾਹਰ ਮੋਟਾਪੇ ਨੂੰ ਉਨਾ ਹੀ ਖਤਰਨਾਕ ਮੰਨਦੇ ਹਨ ਜਿੰਨਾ ਸ਼ਰਾਬ ਦੀ ਆਪ ਮੁਹਾਰੀ ਵਰਤੋਂ ਨੂੰ। ਸ਼ਰਾਬ ਦੀ ਆਦਤ ਤੇ ਮੋਟਾਪੇ ਤੋਂ ਹੋਣ ਵਾਲੀਆਂ ਬਿਮਾਰੀਆਂ ਲਗਭਗ ਇਕੋ ਜਿਹੀਆਂ ਹੀ ਹਨ।*

ਦੁਨੀਆਂ ਭਰ ਵਿਚ ਸੱਭ ਤੋਂ ਵੱਧ ਮੌਤਾਂ ਲਈ ਹੁਣ ਤਕ ਤੰਬਾਕੂਨੋਸ਼ੀ ਨੂੰ ਹੀ ਜ਼ਿੰਮੇਵਾਰ ਮੰਨਿਆ ਜਾਂਦਾ ਸੀ, ਪਰ ਵਾਸ਼ਿੰਗਟਨ ਸਥਿਤ 'ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ' ਦੀ ਇਕ ਰੀਪੋਰਟ 'ਚ ਕਿਹਾ ਗਿਆ ਹੈ ਕਿ ਮੋਟਾਪਾ ਛੇਤੀ ਹੀ ਮੌਤਾਂ ਦਾ ਸਭ ਤੋਂ ਵੱਡਾ ਕਾਰਨ ਬਣ ਜਾਵੇਗਾ। ਰਿਪੋਰਟ 'ਚ ਕਿਹਾ ਗਿਆ ਹੈ ਕਿ ਹੁਣ ਤਕ ਸਿਹਤ 'ਚ ਜਿੰਨਾ ਸੁਧਾਰ ਹੋਇਆ ਹੈ ਮੋਟਾਪਾ ਉਸ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਦਿੰਦਾ ਹੈ। ਅਮਰੀਕਾ 'ਚ ਇਸ ਸਮੇਂ ਕਰੀਬ 64 ਫ਼ੀਸਦੀ ਲੋਕ ਮੋਟਾਪੇ ਦੇ ਸ਼ਿਕਾਰ ਹਨ। ਜੇ ਔਰਤਾਂ ਆਪਣੀ ਉਮਰ ਤੇ ਵਜ਼ਨ ਦੇ ਹਿਸਾਬ ਨਾਲ 30 ਪੌਂਡ ਵੱਧ ਵਜ਼ਨੀ ਹਨ ਤਾਂ ਮਰਦ 30 ਤੋਂ 40 ਪੌਂਡ ਵੱਧ। ਅਮਰੀਕਾ 'ਚ ਮੋਟਾਪੇ ਦਾ ਸ਼ਿਕਾਰ ਬੱਚਿਆਂ ਦੀਆਂ ਧਮਣੀਆਂ ਨੂੰ ਨੁਕਸਾਨ ਪੁੱਜਣ ਦੇ ਵੀ ਸਬੂਤ ਮਿਲੇ ਹਨ। ਵਿਸ਼ਵ ਸਿਹਤ ਸੰਸਥਾ ਅਨੁਸਾਰ ਦੁਨੀਆਂ ਭਰ 'ਚ ਸਾਲ 2005 'ਚ 15 ਸਾਲ ਤੋਂ ਵੱਧ ਉਮਰ ਦੇ ਵੱਧ ਵਜ਼ਨ ਵਾਲੇ ਲੋਕਾਂ ਦੀ ਗਿਣਤੀ ਲਗਭਗ 1.5 ਕਰੋੜ ਅਤੇ ਭਾਰੀ ਮੋਟਾਪੇ ਦਾ ਸ਼ਿਕਾਰ ਲੋਕਾਂ ਦੀ ਗਿਣਤੀ ਕਰੀਬ 4 ਕਰੋੜ ਸੀ ਉਥੇ ਸਾਲ 2015 ਤਕ ਇਹ ਗਿਣਤੀ ਕ੍ਰਮਵਾਰ ਸਵਾ ਦੋ ਕਰੋੜ ਅਤੇ 7 ਕਰੋੜ ਹੋ ਜਾਣ ਦਾ ਅਨੁਮਾਨ ਹੈ।

ਇਕ ਸਮਾਂ ਸੀ ਜਦੋਂ ਮੋਟਾਪੇ ਨੂੰ ਅਮੀਕ ਲੋਕਾਂ ਦੀ ਸਮੱਸਿਆ ਮੰਨਿਆ ਜਾਂਦਾ ਸੀ ਪਰ ਹੁਣ ਇਹ ਵਿਚਾਰ ਬਦਲ ਰਿਹਾ ਹੈ ਕਿਉਂਕਿ ਅਜਿਹੇ ਦੇਸ਼ਾਂ ਵਿਚ ਵੀ ਲੋਕ ਮੋਟਾਪੇ ਦੇ ਸ਼ਿਕਾਰ ਹੋ ਰਹੇ ਹਨ ਜਿਥੇ ਭੁੱਖਮਰੀ ਫੈਲੀ ਹੋਈ ਹੈ। ਪਿਛਲੇ 3 ਸਾਲਾਂ 'ਚ ਚੀਨ ਵਿਚ ਜਿਥੇ ਮੋਟਾਪੇ ਦੇ ਸ਼ਿਕਾਰ ਲੋਕਾਂ ਦੀ ਗਿਣਤੀ 10 ਤੋਂ ਵਧ ਕੇ 15 ਫ਼ੀ ਸਦੀ ਹੋ ਗਈ ਹੈ ਉਥੇ ਅਮਰੀਕਾ ਬ੍ਰਿਟੇਨ ਤੇ ਰੂਸ ਵਰਗੇ ਵਿਕਸਿਤ ਦੇਸ਼ਾਂ ਵਿਚ ਮੋਟੇ ਲੋਕਾਂ ਦੀ ਗਿਣਤੀ 30 ਫ਼ੀਸਦੀ ਤੋਂ ਵੀ ਵੱਧ ਹੋ ਗਈ ਹੈ।

ਮੋਟਾਪਾ ਅੱਜ ਭਾਰਤ ਵਿਚ ਮਹਾਂਮਾਰੀ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ। ਖਾਣ-ਪੀਣ ਦੀਆਂ ਵਿਗੜ ਰਹੀਆਂ ਆਦਤਾਂ ਕਾਰਨ ਭਾਰਤ ਵਿਚ ਵੀ ਮੋਟੇ ਲੋਕਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ। ਇਕ ਸਰਵੇਖਣ ਤੋਂ ਪਤਾ ਲਗਿਆ ਹੈ ਕਿ ਰਾਜਧਾਨੀ ਵਿਚ ਮੋਟੇ ਲੋਕਾਂ ਦੀ ਗਿਣਤੀ ਵਿਚ ਪਿਛਲੇ ਦੋ ਸਾਲਾਂ ਵਿਚ 12 ਫ਼ੀਸਦੀ ਦਾ ਵਾਧਾ ਹੋਇਆ ਹੈ। ਐਸਕਾਰਟ ਹਸਪਤਾਲ ਵਲੋਂ ਸਕੂਲੀ ਬੱਚਿਆਂ 'ਤੇ ਕੀਤੇ ਇਕ ਸਰਵੇਖਣ ਅਨੁਸਾਰ 28 ਫ਼ੀ ਸਦੀ ਬੱਚੇ ਮੋਟਾਪੇ ਦਾ ਸ਼ਿਕਾਰ ਪਾਏ ਗਏ। ਮੋਟਾਪੇ ਦਾ ਕਾਰਨ ਸ਼ੂਗਰ, ਦਿਲ ਦੇ ਰੋਗਾਂ, ਜੋੜਾਂ ਦੀ ਸਮੱਸਿਆ ਤੇ ਮਾਨਸਿਕ ਸਿਹਤ ਵਿਚ ਗੜਬੜ ਹੋਣ ਦਾ ਡਰ ਵਧ ਜਾਂਦਾ ਹੈ। ਆਮ ਵਿਅਕਤੀਆਂ ਦੇ ਮੁਕਾਬਲੇ ਮੋਟੇ ਲੋਕਾਂ ਦੀ ਮੌਤ ਦਰ ਵੀ ਜ਼ਿਆਦਾ ਹੈ। ਸੰਸਾਰ ਵਿਚ ਸੱਭ ਤੋਂ ਵੱਧ, ਪੌਣੇ ਦੋ ਕਰੋੜ ਲੋਕ ਦਿਲ ਦੀਆਂ ਬਿਮਾਰੀਆਂ ਕਾਰਨ ਕੂਚ ਕਰ ਜਾਂਦੇ ਹਨ। ਸ਼ੂਗਰ ਦੇ ਰੋਗੀਆਂ ਵਿਚ ਮੋਟਾਪੇ ਕਾਰਨ ਵਾਧਾ ਹੋ ਰਿਹਾ ਹੈ। ਸੰਸਾਰ ਸਿਹਤ ਸੰਸਥਾ ਦਾ ਕਹਿਣਾ ਹੈ ਕਿ ਅਗਲੇ 10 ਸਾਲਾਂ ਵਿਚ ਸ਼ੂਗਰ ਦੀ ਬਿਮਾਰੀ ਦੇ ਰੋਗੀਆਂ ਦੀ ਗਿਣਤੀ ਵਿਚ 50 ਫ਼ੀਸਦੀ ਵਾਧਾ ਹੋ ਜਾਵੇਗਾ। ਅਮਰੀਕਾ 'ਚ ਨੌਜਵਾਨਾਂ 'ਤੇ ਕੀਤੇ ਇਕ ਸਰਵੇਖਣ ਵਿਚ ਇਹ ਤੱਥ ਸਾਹਮਣੇ ਆਏ ਹਨ ਕਿ ਮੋਟਾਪੇ ਦਾ ਸ਼ਿਕਾਰ ਨੌਜਵਾਨਾਂ ਵਿਚ ਸ਼ੂਗਰ ਨਾਲ ਪੀੜਤ ਹੋਣ ਦੇ ਖ਼ਤਰੇ ਵਧ ਜਾਂਦੇ ਹਨ। ਸਰਵੇਖਣ ਕਰਨ ਵਾਲਿਆਂ ਨੇ ਵੇਖਿਆ ਕਿ ਇਨ੍ਹਾਂ ਨੌਜਵਾਨਾਂ ਵਿਚ ਅੱਧੀ ਉਮਰ ਤਕ ਪਹੁੰਚਦੇ ਸ਼ੂਗਰ ਨਾਲ ਪੀੜਤ ਹੋਣ ਦਾ ਖ਼ਤਰਾ ਵਧ ਹੁੰਦਾ ਹੈ। ਜ਼ਰੂਰਤ ਤੋਂ ਵੱਧ ਮੋਟਾਪੇ ਦਾ ਸ਼ਿਕਾਰ ਨੌਜਵਾਨਾਂ ਵਿਚ ਇਹ ਖ਼ਤਰਾ 70 ਫ਼ੀਸਦੀ ਅਤੇ ਮੁਟਿਆਰਾਂ ਵਿਚ 72 ਫ਼ੀ ਸਦੀ ਹੁੰਦਾ ਹੈ। ਮੋਟਾਪਾ ਨਾ ਸਿਰਫ ਦਿਲ ਦੇ ਰੋਗਾਂ ਬਲਕਿ ਬਲੱਡ ਪ੍ਰੈਸ਼ਰ, ਅਧਰੰਗ ਤੇ ਕੈਂਸਰ ਵਰਗੀਆਂ ਜਾਨਲੇਵਾ ਬਿਮਾਰੀਆਂ ਦਾ ਵੀ ਜੜ੍ਹ ਹੈ। ਖਾਣ ਪੀਣ ਪ੍ਰਤੀ ਲਾਪ੍ਰਵਾਹੀ, ਤੇਜ਼ੀ ਨਾਲ ਬਦਲਦੀ ਜੀਵਨ ਸ਼ੈਲੀ ਤੇ ਰੋਜ਼ਾਨਾ ਕਸਰਤ ਨਾ ਕਰਨ ਕਰ ਕੇ ਨੌਜਵਾਨ ਵਰਗ ਤੇਜ਼ੀ ਨਾਲ ਮੋਟਾਪੇ ਦਾ ਸ਼ਿਕਾਰ ਹੋ ਰਿਹਾ ਹੈ।



ਇਸ ਕਾਰਨ ਸ਼ੂਗਰ ਦੀ ਬਿਮਾਰੀ, ਦਿਲ ਦੇ ਰੋਗ ਤੇ ਗੋਡਿਆਂ 'ਚ ਦਰਦ ਦੇ ਰੋਗੀਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਮੋਟਾਪਾ ਵੱਧਣ ਨਾਲ ਦਿਲ ਨੂੰ ਆਮ ਨਾਲੋਂ ਦੁੱਗਣੀ ਤਾਕਤ ਨਾਲ ਕੰਮ ਕਰਨਾ ਪੈਂਦਾ ਹੈ ਜਿਸ ਨਾਲ ਉਸ ਦੀ ਕਾਰਜ ਸ਼ਕਤੀ ਘੱਟ ਜਾਂਦੀ ਹੈ। ਮੋਟਾਪੇ ਕਾਰਨ ਜਿਗਰ ਦੀ ਕੰਮ ਕਰਨ ਦੀ ਸ਼ਕਤੀ 'ਤੇ ਵੀ ਅਸਰ ਪੈਂਦਾ ਹੈ। ਔਰਤਾਂ 'ਚ 'ਪੋਲੀਸਿਸਟਕ ਉਵੇਰੀਅਨ ਡਿਸੀਜ਼' ਨਾਂ ਦੀ ਬਿਮਾਰੀ ਪੈਦਾ ਹੋ ਜਾਂਦੀ ਹੈ ਜਿਸ ਨਾਲ ਮਹਾਂਵਾਰੀ ਸਬੰਧੀ ਰੋਗ ਪੈਦਾ ਹੋ ਜਾਂਦੇ ਹਨ। ਬ੍ਰਿਟੇਨ 'ਚ ਕੀਤੇ ਗਏ ਇਕ ਸਰਵੇਖਣ ਵਿਚ ਇਹ ਪਤਾ ਲਗਿਆ ਕਿ 6 ਸਾਲ ਦੀ ਉਮਰ ਤਕ ਹਰੇਕ 10 ਬੱਚਿਆਂ ਵਿਚੋਂ ਇਕ ਅਤੇ 15 ਸਾਲ ਦੀ ਉਮਰ ਤਕ ਹਰੇਕ 5 ਬੱਚਿਆਂ ਵਿਚੋਂ ਇਕ ਮੋਟਾਪੇ ਦੀ ਲਪੇਟ 'ਚ ਹੈ। ਭਾਰਤ 'ਚ 6 ਤੋਂ 10 ਸਾਲ ਤਕ ਦੇ ਬੱਚਿਆਂ 'ਚ 10 ਫ਼ੀਸਦੀ ਤੋਂ ਵੱਧ ਮੋਟਾਪੇ ਦਾ ਸ਼ਿਕਾਰ ਹਨ। ਕੀ ਆਪਾਂ ਕਦੇ ਵੀ ਇਹ ਜਾਣਨ ਦੀ ਕੋਸ਼ਿਸ਼ ਕੀਤੀ ਹੈ? ਨਿਰਸੰਦੇਹ ਜੰਕ ਫ਼ੂਡ ਦੀ ਇਸ ਵਿਚ ਬਹੁਤ ਵੱਡੀ ਭੂਮਿਕਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਬੱਚਿਆਂ 'ਚ ਮੋਟਾਪਾ ਵਧਣ ਦੀ ਵਜ੍ਹਾ ਉਨ੍ਹਾਂ ਦੀ ਜੀਵਨ ਸ਼ੈਲੀ ਹੀ ਹੈ।

ਫ਼ਾਸਟ ਫ਼ੂਡ, ਮੈਦਾਨੀ ਖੇਡਾਂ ਦੀ ਥਾਂ ਟੀ.ਵੀ. ਨਾਲ ਚਿਪਕੇ ਰਹਿਣਾ ਤੇ ਕਸਰਤ ਨਾ ਕਰਨਾ ਬੱਚਿਆਂ 'ਚ ਵਧ ਰਹੇ ਮੋਟਾਪੇ ਦਾ ਕਾਰਨ ਹੈ। ਚਰਬੀ ਵਾਲੇ ਭੋਜਨ ਕਾਰਨ ਮੋਟਾਪਾ ਇਕ ਮਹਾਂਮਾਰੀ ਵਾਂਗ ਅੱਗੇ ਵਧ ਰਿਹਾ ਹੈ। ਮਾਹਿਰਾਂ ਨੇ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਜੇ ਮੋਟਾਪੇ ਨੂੰ ਨਾ ਰੋਕਿਆ ਗਿਆ ਤਾਂ ਅਗਲੇ 15 ਸਾਲਾਂ 'ਚ ਸ਼ੂਗਰ ਤੇ ਦਿਲ ਦੇ ਰੋਗਾਂ ਦੀ ਮਹਾਂਮਾਰੀ ਝੱਲਣੀ ਪੈ ਸਕਦੀ ਹੈ। ਮਾਹਰ ਮੋਟਾਪੇ ਨੂੰ ਉਨਾ ਹੀ ਖਤਰਨਾਕ ਮੰਨਦੇ ਹਨ ਜਿੰਨਾ ਸ਼ਰਾਬ ਦੀ ਆਪ ਮੁਹਾਰੀ ਵਰਤੋਂ ਨੂੰ। ਸ਼ਰਾਬ ਦੀ ਆਦਤ ਤੇ ਮੋਟਾਪੇ ਤੋਂ ਹੋਣ ਵਾਲੀਆਂ ਬਿਮਾਰੀਆਂ ਲਗਭਗ ਇਕੋ ਜਿਹੀਆਂ ਹੀ ਹਨ। ਫਰਕ ਸਿਰਫ਼ ਇਹ ਹੈ ਕਿ ਸ਼ਰਾਬ ਦੀ ਆਦਤ ਨੂੰ ਰੋਕਣਾ ਸੌਖਾ ਹੈ ਜਦਕਿ ਮੋਟਾਪੇ ਨੂੰ ਰੋਕਣਾ ਸੌਖਾ ਨਹੀਂ।

ਸਵਾਲ ਇਹ ਹੈ ਕਿ ਆਖਰ ਮੋਟਾਪਾ ਹੈ ਕੀ? ਸਾਡੇ ਸਰੀਰ ਵਿਚ ਵਧ ਰਹੀ ਚਰਬੀ ਹੀ ਮੋਟਾਪਾ ਹੈ ਜੋ ਸਾਡੇ ਵੱਲੋਂ ਲਏ ਗਏ ਭੋਜਨ ਤੇ ਖਰਚ ਕੀਤੀਆਂ ਜਾਣ ਵਾਲੀਆਂ ਕੈਲੋਰੀਆਂ ਵਿਚਕਾਰ ਸੰਤੁਲਨ ਨਾ ਹੋਣ ਕਾਰਨ ਵਧਦੀ ਹੈ। ਅਸੀਂ ਜਿੰਨਾ ਭੋਜਨ ਖਾਂਦੇ ਹਾਂ ਅਤੇ ਰੋਜ਼ਾਨਾ ਅਪਣੇ ਕੰਮਾਂ ਕਾਰਾਂ, ਕਸਰਤ ਜਾਂ ਸਰੀਰਕ ਮਿਹਨਤ ਰਾਹੀਂ ਜੋ ਕੈਲੋਰੀ ਖਰਚ ਕਰਦੇ ਹਾਂ ਉਸ ਵਿਚਕਾਰ ਜੇ ਸਹੀ ਸੰਤੁਲਨ ਨਾ ਹੋਵੇ ਤਾਂ ਚਰਬੀ ਵਧਣ ਲਗਦੀ ਹੈ, ਇਹੀ ਮੋਟਾਪਾ ਹੈ। ਅੱਜ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿਚ ਅਸੀਂ ਜੰਕ ਫ਼ੂਡ ਦੇ ਰੂਪ ਵਿਚ ਪੀਜ਼ਾ ਬਰਗਰ ਆਦਿ ਗ੍ਰਹਿਣ ਕਰ ਰਹੇ ਹਾਂ।

ਇਹ ਮੋਟਾਪੇ ਦਾ ਸੱਭ ਤੋਂ ਵੱਡਾ ਕਾਰਨ ਹੈ। ਭੋਜਨ 'ਚ ਜਿਥੇ ਫੈਟ ਦੀ ਮਾਤਰਾ ਜ਼ਰੂਰਤ ਤੋਂ ਵੱਧ ਹੁੰਦੀ ਹੈ ਉਥੇ ਵਿਟਾਮਿਨ ਦੀ ਮਾਤਾਰ ਘੱਟ ਤੋਂ ਘੱਟ। ਮੋਟਾਪੇ ਨੂੰ ਕਾਬੂ ਕਿਵੇਂ ਕੀਤਾ ਜਾਵੇ? ਮੋਟਾਪਾ ਘਟਾਉਣ ਕਈ ਪ੍ਰਕਾਰ ਦੀਆਂ ਗ਼ਲਤ ਧਾਰਨਾਵਾਂ ਪ੍ਰਚਲਿਤ ਹਨ। ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਰੋਜ਼ਾਨਾ ਪੰਜ ਮਿੰਟ ਦੀ ਕਸਰਤ ਉਨ੍ਹਾਂ ਨੂੰ ਮੋਟਾਪੇ ਤੋਂ ਛੁਟਕਾਰਾ ਦਿਵਾ ਸਕਦੀ ਹੈ। ਹੌਲੀ ਹੌਲੀ ਕੀਤੀ ਕਸਰਤ ਵੱਧ ਚਰਬੀ ਘਟਾਉਂਦੀ ਹੈ ਜਿਸ ਨਾਲ ਮੋਟਾਪਾ ਛੇਤੀ ਖ਼ਤਮ ਹੁੰਦਾ ਹੈ। ਪੇਟ ਵਰਗੇ ਕੁੱਝ ਹਿਸਿਆਂ ਦੀ ਚਰਬੀ ਘਟਾਉਣ ਨਾਲ ਹੀ ਮੋਟਾਪੇ 'ਤੇ ਕਾਬੂ ਕੀਤਾ ਜਾ ਸਕਦਾ ਹੈ। ਕੁਝ ਵਿਸ਼ੇਸ਼ ਕਿਸਮ ਦੀਆਂ ਕੈਪਸੂਲ ਗੋਲੀਆਂ ਵੀ ਮੋਟਾਪਾ ਘਟਾਉਣ ਵਿਚ ਸਹਾਇਕ ਹਨ। ਅਸਲੀਅਤ ਇਹ ਹੈ ਕਿ ਮੋਟਾਪੇ 'ਤੇ ਕਾਬੂ ਪਾਉਣ ਲਈ ਕਸਰਤ ਪ੍ਰਤੀ ਦਿਨ ਘੱਟੋ ਘੱਟ 30 ਮਿੰਟ ਜ਼ਰੂਰ ਕਰਨੀ ਚਾਹੀਦੀ ਹੈ। ਸਿਰਫ ਪੰਜ ਮਿੰਟ ਕਸਰਤ ਕਰਨ ਨਾਲ ਕੋਈ ਫ਼ਾਇਦਾ ਨਹੀਂ ਹੁੰਦਾ। ਮੱਠੀ ਰਫਤਾਰ ਨਾਲ ਕਸਰਤ ਵੀ ਇਕ ਵਹਿਮ ਹੈ। ਕੈਲੈਫੋਰਨੀਆ ਦੇ ਖੇਡ ਖੁਰਾਕ ਮਾਹਰ ਏਲਨ ਕੋਲਮੈਨ ਅਨੁਸਾਰ ਤੇਜ਼ ਰਫਤਾਰ ਨਾਲ ਕੀਤੀ ਕਸਰਤ ਸਰੀਰ ਵਿਚੋਂ ਸ਼ੂਗਰ ਜਲਾਉਣ ਦੇ ਨਾਲ ਨਾਲ ਕੈਲੋਰੀ ਵੀ ਵਧ ਖਰਚ ਕਰਦੀ ਹੈ ਜਿਸ ਨਾਲ ਵਜ਼ਨ ਤੇਜ਼ੀ ਨਾਲ ਘਟ ਹੁੰਦਾ ਹੈ। ਜੇ ਤੁਸੀਂ ਮੋਟਾਪੇ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹੋ ਤਾਂ ਅਕਸਰ ਕੀਤੇ ਜਾਣ ਵਾਲੇ ਭਰਮਾਊ ਦਾਅਵਿਆਂ ਵਿਚ ਉਲਝਣ ਦੀ ਥਾਂ ਜ਼ਰੂਰਤ ਹੈ, ਖਾਣ ਪੀਣ 'ਚ ਸੰਜਮ ਤੇ ਰੋਜ਼ਾਨਾ ਕਸਰਤ ਕੀਤੀ ਜਾਵੇ। ਨਾ ਕਿ ਗੋਲੀ ਕੈਪਸੂਲ ਜਾਂ ਮੋਟਾਪਾ ਘਟਾਉਣ ਦੀ ਦਵਾਈ ਕਰਨ ਵਾਲੇ ਕਿਸੇ ਪ੍ਰਕਾਰ ਦੇ ਇਲੈਕਟ੍ਰੋਨਿਕ ਉਪਕਰਨਾਂ ਦੀ। ਮਾਹਰਾਂ ਅਨੁਸਾਰ ਮੋਟਾਪਾ ਜਿੰਨੇ ਲੰਮੇ ਸਮੇਂ ਤਕ ਰਹਿੰਦਾ ਹੈ, ਸ਼ੂਗਰ ਹੋਣ ਦਾ ਡਰ ਵੀ ਉਨਾ ਹੀ ਵਧ ਜਾਂਦਾ ਹੈ।



ਮੋਟਾਪੇ ਕਾਰਨ ਬਲੱਡ ਪ੍ਰੈਸ਼ਰ ਤੇ ਕੈਲੈਸਟਰੋਲ ਦਾ ਪੱਧਰ ਵੀ ਵੱਧ ਜਾਂਦਾ ਹੈ। ਮੋਟਾਪੇ ਦਾ ਸ਼ਿਕਾਰ ਬੱਚੇ ਹੀਣਭਾਵਨਾ ਵਿਚ ਜਿਊਣ ਲਗ ਜਾਂਦੇ ਹਨ ਜਿਸ ਨਾਲ ਕਈ ਤਰ੍ਹਾਂ ਦੀਆਂ ਮਾਨਸਿਕ ਬਿਮਾਰੀਆਂ ਪੈਦਾ ਹੋ ਜਾਂਦੀਆਂ ਹਨ। ਅਜਿਹੇ ਬੱਚਿਆਂ ਨੂੰ ਆਉਣ ਵਾਲੇ ਸਮੇਂ ਵਿਚ ਅਰਥਟਾਈਟਸ ਵਰਗੀ ਬਿਮਾਰੀ ਹੋਣ ਦਾ ਖ਼ਤਰਾ ਵੀ ਵਧ ਜਾਂਦਾ ਹੈ। ਮਾਹਰਾਂ ਅਨੁਸਾਰ 6 ਸਾਲ ਤਕ ਦੇ ਮੁੰਡਿਆਂ ਲਈ 1700 ਤੇ ਇਸ ਉਮਰ ਦੀਆਂ ਕੁੜੀਆਂ ਲਈ 1500 ਕੈਲੋਰੀ, 10 ਸਾਲ ਤਕ ਦੇ ਮੁੰਡਿਆਂ ਲਈ 1970 ਤੇ ਕੁੜੀਆਂ ਲਈ 1700 ਕੈਲੋਰੀ, ਮਰਦਾਂ ਲਈ 2500 ਕੈਲੋਰੀ ਅਤੇ ਔਰਤਾਂ ਲਈ 2000 ਕੈਲੋਰੀ ਦੀ ਜ਼ਰੂਰਤ ਹੁੰਦੀ ਹੈ।

**-ਡਾ. ਅਜੀਤਪਾਲ ਸਿੰਘ**



# ਕੁਦਰਤੀ ਰੂਪ ਵਿਚ ਕਰੋ ਕੈਲਸ਼ੀਅਮ ਦੀ ਵਰਤੋਂ



*ਅਧਿਅਨਾਂ ਵਿਚ ਇਹ ਸੁਝਾਅ ਦਿੱਤਾ ਗਿਆ ਹੈ ਕਿ ਜੇਕਰ ਤੁਸੀਂ ਆਪਣੇ ਭੋਜਨ ਵਿਚ ਲੋੜੀਂਦੇ ਕੈਲਸ਼ੀਅਮ ਦੀ ਮਾਤਰਾ ਨਹੀਂ ਲੈਂਦੇ ਤਾਂ ਤੁਹਾਡਾ ਭਾਰ ਵਧ ਸਕਦਾ ਹੈ। ਜਦੋਂ ਤੁਹਾਡੇ ਸਰੀਰ ਵਿਚ ਕੈਲਸ਼ੀਅਮ ਦੀ ਮਾਤਰਾ ਘੱਟ ਹੁੰਦੀ ਹੈ ਤਾਂ ਤੁਹਾਡਾ ਸਰੀਰ ਸੋਚਦਾ ਹੈ ਕਿ ਤੁਸੀਂ ਭੁੱਖੇ ਮਰ ਰਹੇ ਹੋ ਅਤੇ ਐਮਰਜੈਂਸੀ ਵਾਲੀ ਸਥਿਤੀ ਵਿਚ ਹੋ। ਇਸ ਤਰ੍ਹਾਂ ਇਹ ਤੁਹਾਡੇ ਗਲੇ ਦੀਆਂ ਚਾਰ ਚੰਗ੍ਰਥੀਆਂ ਤੋਂ ਪੈਰਾਥਾਈਰਾਈਡ ਨਾਂ ਦਾ ਹਾਰਮੋਨ ਛੱਡਦਾ ਹੈ ਜੋ ਤੁਹਾਡੀਆ ਹੱਡੀਆਂ ਨੂੰ ਤੁਹਾਡੇ ਖ਼ੂਨ ਦੇ ਪ੍ਰਵਾਹ ਵਿਚ ਕੁਝ ਕੈਲਸ਼ੀਅਮ ਛੱਡਣ ਲਈ ਉਤੇਜਿਤ ਕਰਦਾ ਹੈ। ਗੁਰਦੇ ਵੀ ਕਾਲਸੀਟ੍ਰਾਓਲ ਹਾਰਮੋਨ ਦੀ ਇਕ ਖੁਰਾਕ ਛੱਡਦੇ ਹਨ ਜੋ ਵਿਟਾਮਿਨ ਡੀ ਦੀ ਇਕ ਕਿਸਮ ਹੈ ਤਾਂ ਕਿ ਤੁਹਾਡੀ ਕੈਲਸ਼ੀਅਮ ਜਜ਼ਬ ਕਰਨ ਦੀ ਯੋਗਤਾ ਵਧ ਸਕੇ।*

ਕੈਲਸ਼ੀਅਮ ਦੀ ਰੋਜ਼ਾਨਾ ਵੱਧ ਮਾਤਰਾ ਲੈਣ ਨਾਲ ਇਕ ਭਰਮ ਜੁੜਿਆ ਹੋਇਆ ਹੈ ਕਿ ਰੋਜ਼ਾਨਾ ਦੁੱਧ ਅਤੇ ਦੁੱਧ ਦੇ ਉਤਪਾਦਾਂ ਦੀ ਵਰਤੋਂ ਜ਼ਿਆਦਾ ਕਰਨੀ ਚਾਹੀਦੀ ਹੈ। ਜੇਕਰ ਤੁਹਾਨੂੰ ਪਤਾ ਹੈ ਕਿ ਦੁੱਧ ਵਿਚ ਕੈਲਸ਼ੀਅਮ ਹੁੰਦਾ ਹੈ ਤਾਂ ਜ਼ਰੂਰੀ ਨਹੀਂ ਕਿ ਸਾਡਾ ਸਰੀਰ ਇਸ ਨੂੰ ਸੋਖ ਲਵੇ। ਅਸਲ ਵਿਚ ਕੈਲਸ਼ੀਅਮ ਨਾਲ ਸਬੰਧਛ ਕੁਝ ਤੱਥ ਇਸ ਤਰ੍ਹਾਂ ਹਨ।

ਭਾਰਤ ਘਟਾਉਣ ਲਈ ਲਾਹੇਵੰਤ : ਅਧਿਅਨਾਂ ਵਿਚ ਇਹ ਸੁਝਾਅ ਦਿੱਤਾ ਗਿਆ ਹੈ ਕਿ ਜੇਕਰ ਤੁਸੀਂ ਆਪਣੇ ਭੋਜਨ ਵਿਚ ਲੋੜੀਂਦੇ ਕੈਲਸ਼ੀਅਮ ਦੀ ਮਾਤਰਾ ਨਹੀਂ ਲੈਂਦੇ ਤਾਂ ਤੁਹਾਡਾ ਭਾਰ ਵਧ ਸਕਦਾ ਹੈ। ਜਦੋਂ ਤੁਹਾਡੇ ਸਰੀਰ ਵਿਚ ਕੈਲਸ਼ੀਅਮ ਦੀ ਮਾਤਰਾ ਘੱਟ ਹੁੰਦੀ ਹੈ ਤਾਂ ਤੁਹਾਡਾ ਸਰੀਰ ਸੋਚਦਾ ਹੈ ਕਿ ਤੁਸੀਂ ਭੁੱਖੇ ਮਰ ਰਹੇ ਹੋ ਅਤੇ ਐਮਰਜੈਂਸੀ ਵਾਲੀ ਸਥਿਤੀ ਵਿਚ ਹੋ। ਇਸ ਤਰ੍ਹਾਂ ਇਹ ਤੁਹਾਡੇ ਗਲੇ ਦੀਆਂ ਚਾਰ ਚੰਗ੍ਰਥੀਆਂ ਤੋਂ ਪੈਰਾਥਾਈਰਾਈਡ ਨਾਂ ਦਾ ਹਾਰਮੋਨ ਛੱਡਦਾ ਹੈ ਜੋ ਤੁਹਾਡੀਆ ਹੱਡੀਆਂ ਨੂੰ ਤੁਹਾਡੇ ਖ਼ੂਨ ਦੇ ਪ੍ਰਵਾਹ ਵਿਚ ਕੁਝ ਕੈਲਸ਼ੀਅਮ ਛੱਡਣ ਲਈ ਉਤੇਜਿਤ ਕਰਦਾ ਹੈ। ਗੁਰਦੇ ਵੀ ਕਾਲਸੀਟ੍ਰਾਓਲ ਹਾਰਮੋਨ ਦੀ ਇਕ ਖੁਰਾਕ ਛੱਡਦੇ ਹਨ ਜੋ ਵਿਟਾਮਿਨ ਡੀ ਦੀ ਇਕ ਕਿਸਮ ਹੈ ਤਾਂ ਕਿ ਤੁਹਾਡੀ ਕੈਲਸ਼ੀਅਮ ਜਜ਼ਬ ਕਰਨ ਦੀ ਯੋਗਤਾ ਵਧ ਸਕੇ। ਇਸ ਤਰ੍ਹਾਂ ਕੈਲਸ਼ੀਅਮ ਦੀ ਉਚ ਮਾਤਰਾ ਇਨ੍ਹਾਂ ਹਾਰਮੋਨਸ ਨੂੰ ਦਬਾ ਦਿੰਦੀ ਹੈ, ਤਾਂ ਕਿ ਤੁਹਾਡਾ ਸਰੀਰ ਘੱਟ ਚਿਕਨਾਈ ਸਟੋਰ ਕਰ ਸਕੇ ਅਤੇ ਇਸ ਨੂੰ ਆਸਾਨੀ ਨਾਲ ਤੋੜਿਆ ਜਾ ਸਕਦਾ ਹੈ।

ਕੈਲਸ਼ੀਮ ਬਲੱਡ ਪ੍ਰੈਸ਼ਰ ਤੋਂ ਬਚਾਉਂਦਾ ਹੈ : ਜੇਕਰ ਤੁਹਾਨੂੰ ਕੈਲਸ਼ੀਅਮ ਦੀ ਘਾਟ ਹੈ ਤਾਂ ਤੁਹਾਨੂੰ ਹਾਈ ਬਲੱਡ ਪ੍ਰੈਸ਼ਰ ਹੋਣ ਦਾ ਜ਼ਿਆਦਾ ਖਤਰਾ ਰਹਿੰਦਾ ਹੈ। ਕੈਲਸ਼ੀਅਮ ਲੋੜੀਂਦੀ ਮਾਤਰਾ ਤੁਹਾਡੀਆਂ ਮਾਸਪੇਸ਼ੀਆਂ ਨੂੰ ਸੁੰਗੜਨ ਅਤੇ ਆਰਾਮ ਕਰਨ ਦੇ ਆਪਣੇ ਕੰਮਾਂ ਵਿਚ ਤੁਹਾਡੀ ਸਹਾਇਦਾ ਕਰਦੀ ਹੈ। ਨਾਲ ਹੀ ਕੈਲਸ਼ੀਅਮ ਤੁਹਾਡੇ ਨਰਵਸ ਸਿਸਟਮ ਨੂੰ ਤੁਹਾਡੀਆਂ ਧਮਣੀਆਂ ਤੱਕ ਦਬਾਅ ਦਾ ਪੱਧਰ ਕੰਟਰੋਲ ਰੱਖਣ ਵਿਚ ਸਹਾਇਤਾ ਹੈ।



ਦੰਦਾਂ ਨੂੰ ਸਿਹਤਮੰਦ ਰੱਖਦਾ ਹੈ : ਓਸਟਿਓਪੋਰੋਸਿਸ ਦਾ ਪਹਿਲਾ ਚਿਨ੍ਹ ਤੁਹਾਡਾ ਡੈਂਟਿਸ ਹੀ ਪਛਾਣਦਾ, ਕਿਉਂਕਿ ਇਸ ਨਾਲ ਜਬੜੇ ਦੀ ਹੱਡੀ ਪ੍ਰਭਾਵਿਤ ਹੁੰਦੀ ਹੈ। ਕੈਲਸ਼ੀਅਮ ਦੇ ਲਾਭਾਂ ਨੂੰ ਦੇਖਦੇ ਹੋਏ ਬਾਜ਼ਾਰ ਵਿਚ ਕੈਲਸ਼ੀਅਮ ਸਪਲੀਮੈਂਟਸ ਦੀਆਂ ਕਹੀ ਕਿਸਮਾਂ ਉਪਲਬੱਧ ਹਨ। ਮਹੱਵਪੂਰਨ ਗੱਲ ਇਹ ਹੈ ਕਿ ਅਸੀਂ ਕੈਲਸ਼ੀਅਮ ਨੂੰ ਕੁਦਰਤੀ ਰੂਪ ਨਾਲ ਹੀ ਸੇਵਨ ਕਰੀਏ, ਸਪਲੀਮੈਂਟਸ ਦੀ ਵਰਤੋਂ ਲੋੜ ਪੈਣ 'ਤੇ ਹੀ ਕਰੀਏ।

ਕੈਲਸ਼ੀਅਮ ਦੇ ਸ੍ਰੋਤ :

➧ਸਧਾਰਨ ਸੂਰਜ ਦੀ ਰੋਸ਼ਨੀ ਵਿਟਾਮਿਨ ਡੀ ਦਾ ਸਭ ਤੋਂ ਵਧੀਆ ਸ੍ਰੋਤ ਹੈ ਜੋ ਕੈਲਸ਼ੀਮ ਦੀ ਖਪਤ ਵਿਚ ਸਾਡੀ ਮਦਦ ਕਰਦਾ ਹੈ, ਇਸ ਲਈ ਰੋਜ਼ਾਨਾ 11 ਵਜੇ ਤੋਂ ਪਹਿਲਾਂ ਅਤੇ ਢਾਈ ਵਜੇ ਦੇ ਬਾਅਦ 20 ਤੋਂ 40 ਮਿੰਟ ਤੱਕ ਧੁੱਪ ਵਿਚ ਰਹੋ।

➧ਟਮਾਟਰ ਵਿਚ ਪਾਇਆ ਜਾਣ ਵਾਲਾ ਵਿਟਾਮਿਨ ਸੀ ਕੈਲਾਜੈਨ ਦੇ ਨਿਰਮਾਣ ਅਤੇ ਦੇਖ ਭਾਲ ਵਿਚ ਸਹਾਇਕ ਹੁੰਦਾ ਹੈ ਜੋ ਸਾਡੇ ਦੰਦਾਂ ਨੂੰ ਤਾਕਤ ਅਤੇ ਲਚਕ ਉਪਲਬਧ ਕਰਵਾਉਂਦਾ ਹੈ। ਇਲ੍ਹਾਂ ਦਾ ਤਾਜ਼ੇ ਰੂਪ ਵਿਚ ਸੇਵਨ ਕਰੋ, ਪ੍ਰੋਸੈਸਡ ਰੂਪ ਵਿਚ ਨਹੀਂ। ਰੋਜ਼ਾਨਾ ਚਾਰ ਟਮਾਟਰਾਂ ਦੀ ਵਰਤੋਂ ਕਰੋ।

➧ਤਿਲ ਤੁਹਾਡੀ ਕੈਲਸ਼ੀਅਮ ਦੀ ਖਪਤ ਵਿਚ ਵਾਧਾ ਕਰਦੇ ਹਨ। ਇਨ੍ਹਾਂ ਦੀ ਆਪਣੇ ਸਲਾਦ, ਟੈਸਟ, ਸਬਜ਼ੀਆਂ ਅਤੇ ਰਾਇਤੇ ਲਈ ਵਰਤੋਂ ਕਰੋ।

➧ਹਰੀਆ ਪੱਤਰਦਾਰ ਸਬਜ਼ੀਆਂ ਕੈਲਸ਼ੀਅਮ ਨਾਲ ਭਰਪੂਰ ਹੁੰਦੀਆਂ ਹਨ, ਜਿਨ੍ਹਾਂ ਵਿਚ ਧਨੀਆ, ਮੇਥੀ ਅਤੇ ਪਾਲਕ ਹਨ। ਧਨੀਏ ਦੀ ਵਰਤੋਂ ਹਰ ਦਾਲ, ਸਬਜ਼ੀ ਵਿਚ ਕੀਤੀ ਜਾ ਸਕਦੀ ਹੈ। ਇਸ ਦੇ ਇਲਾਵਾ ਮੇਥੀ ਤੋਂ ਆਲੂ ਮੇਥੀ ਦੇ ਪਰੌਂਠੇ ਬਣਾਏ ਜਾ ਸਕਦੇ ਹਨ।

➧ਹਰੀ ਗੋਭੀ ਵੀ ਕੈਲਸ਼ੀਅਮ ਦਾ ਵਧੀਆ ਸ੍ਰੋਤ ਹੈ।

➧ਦਹੀਂ ਦੀ ਇਕ ਕਟੋਰੀ ਰੋਜ਼ਾਨਾ ਤੁਹਾਨੂੰ ਕੈਲਸ਼ੀਅਮ ਦੀ ਮੌਜੂਦਾ ਮਾਤਰਾ ਉਪਲਬਧ ਕਰਾਉਂਦੀ ਹੈ।

➧ਲਾਲ ਮੋਠ ਜਾਂ ਰਾਜਮਾਂਹ ਨੂੰ ਵੀ ਆਪਣੇ ਭੋਜਨ ਵਿਚ ਜਗ੍ਹਾ ਦਿਓ।

➧ਸੰਤਰੇ ਨਾ ਸਿਰਫ ਸੁਆਦੀ ਹੁੰਦੇ ਹਨ, ਸਗੋਂ ਤੁਹਾਨੂੰ ਕੈਲਸ਼ੀਅਮ ਵੀ ਉਪਲਬਧ ਕਰਾਉਂਦੇ ਹਨ।

➧ਹਰੇ ਮਟਰਾਂ ਦੀ ਵਰਤੋਂ ਤੁਸੀਂ ਸਲਾਦ, ਸਬਜ਼ੀਆਂ, ਚਾਵਲ ਅਤੇ ਪਰੌਂਠਿਆਂ ਵਿਚ ਕਰ ਸਕਦੇ ਹੋ। ਇਹ ਕੈਲਸ਼ੀਅਮ ਦੇ 'ਪੈਕਡ' ਸਰੋਤ ਹਨ।

➧ਬਾਦਾਮ ਕੈਲਸ਼ੀਅਮ ਦੀ ਉਚ ਮਾਤਰਾ ਨਾਲ ਭਰਪੂਰ ਮੰਨੇ ਜਾਂਦੇ ਹਨ। ਤੁਸੀਂ ਕੰਮ 'ਤੇ ਇਨ੍ਹਾਂ ਨੂੰ ਚਬਾ ਕੇ ਖਾ ਸਕਦੇ ਹੋ।

➧ਆਲੂਬੁਖਾਰਾ ਕੈਲਸ਼ੀਅਮ ਦਾ ਉਤਮ ਸ੍ਰੋਤ ਹੈ। ਇਸ ਨੂੰ ਡੇ ਸਨੈਕਸ ਵਿਚ ਸ਼ਾਮਲ ਕਰੋ।

# ਸਫੈਦ ਚੀਜ਼ਾਂ ਦੀ ਵਰਤੋਂ ਜਰਾ ਸਾਵਧਾਨੀ ਨਾਲ

ਅੱਜ ਵਧੇਰੇ ਬਿਮਾਰੀਆਂ ਦਾ ਕਾਰਨ ਹੈ ਚੀਨੀ, ਨਮਕ, ਮੈਦਾ, ਦੁੱਧ ਅਤੇ ਨਾਰੀਅਲ। ਆਓ ਜਾਣੀਏ ਕਿ ਇਨ੍ਹਾਂ ਵਿਚ ਅਜਿਹਾ ਕੀ ਹੈ ਜਿਸ ਕਰਕੇ ਇਹ ਸਾਰੇ ਸਫੈਦ ਖਾਧ ਪਦਾਰਥ ਸਾਡੀ ਸਿਹਤ ਲਈ ਹਾਨੀਕਾਰਕ ਹਨ।

ਚੀਨੀ : ਚੀਨੀ ਨੂੰ ਅੱਜ ਬਹੁਤੀਆਂ ਬਿਮਾਰੀਆਂ ਦੀ ਵਜ੍ਹਾ ਮੰਨਿਆ ਜਾਂਦਾ ਹੈ। ਪਿੱਛੇ ਜਿਹੇ ਅਮਰੀਕਾ ਵਿਚ ਹੋਏ ਇਕ ਵਿਸ਼ਲੇਸ਼ਣ ਦੇ ਅਨੁਸਾਰ ਜੋ ਵਿਅਕਤੀ ਚੀਨੀ ਦੀ ਵਧੇਰੇ ਮਾਤਰਾ ਦਾ ਸੇਵਨ ਕਰਦੇ ਹਨ, ਉਨ੍ਹਾਂ ਵਿਚ ਵੱਡੀ ਅੰਤੜੀ ਦਾ ਕੈਂਸਰ ਹੋਣ ਦੀ ਸੰਭਾਵਨਾ ਹੁੰਦੀ ਹੈ। ਚੀਨੀ ਦੀ ਵਰਤੋਂ ਅਸੀਂ ਚਾਹ, ਕੌਫੀ, ਬਿਸਕੁਟ, ਮਠਿਆਈ, ਚਾਕਲੇਟ ਅਤੇ ਪਤਾ ਨਹੀਂ ਹੋਰ ਕਿੰਨੇ ਖਾਧ ਪਦਾਰਥਾਂ ਵਿਚ ਕਰਦੇ ਹਾਂ। ਇਹੀ ਨਹੀਂ, ਚੀਨੀ ਤੋਂ ਸਾਨੂੰ ਬਹੁਤ ਜ਼ਿਆਦਾ ਮਾਤਰਾ ਵਿਚ ਕੈਲੋਰੀ ਮਿਲਦੀ ਹੈ ਜੋ ਤੰਦਰੁਸਤੀ ਦੀ ਨਜ਼ਰ ਤੋਂ ਹਾਨੀਕਾਰਕ ਹੈ ਅਤੇ ਕਈ ਰੋਗਾਂ ਦੀ ਜੜ੍ਹ ਹੈ। ਇਸ ਲਈ ਚੀਨੀ ਦੀ ਥਾਂ ਜ਼ਰੂਰਤ ਹੈ ਕਿਸੇ ਅਜਿਹੇ ਖਾਧ ਪਦਾਰਥ ਦੀ ਜੋ ਚੀਨੀ ਦੀ ਕਮੀ ਪੂਰੀ ਕਰ ਸਕੇ ਅਤੇ ਉਹ ਹੈ ਗੁੜ। ਵੈਸੇ ਤਾਂ ਗੁੜ ਅਤੇ ਚੀਨੀ ਵਿਚ ਕੈਲੋਰੀ ਦੀ ਮਾਤਰਾ ਇਕੋ ਜਿਹੀ ਹੁੰਦੀ ਹੈ ਪਰ ਗੁੜ ਸਿਹਤ ਦੇ ਅਨੁਕੂਲ ਹੁੰਦਾ ਹੈ ਅਤੇ ਇਸ ਵਿਚ ਆਇਰਨ, ਕੈਲਸ਼ੀਅਮ ਅਤੇ ਫਾਸਫੋਰਸ ਵੀ ਹੁੰਦੇ ਹਨ ਜੋ ਸਾਡੇ ਸਰੀਰ ਦੀ ਲੋੜ ਹਨ।



ਨਮਕ : ਵੱਧ ਖ਼ੂਨ ਦੇ ਦਬਾਅ ਵਾਲੇ ਰੋਗੀਆਂ ਦਾ ਤਾਂ ਨਮਕ ਸਭ ਤੋਂ ਵੱਡਾ ਦੁਸ਼ਮਣ ਹੈ। ਭੋਜਨ ਵਿਚ ਨਮਕ ਦੀ ਥੋੜ੍ਹੀ ਵਰਤੋਂ ਹੀ ਠੀਕ ਹੈ। ਭੋਜਨ ਵਿਚੋਂ ਨਮਕ ਬਿਲਕੁੱਲ ਕੱਢ ਦੇਣਾ ਤਾਂ ਸੰਭਵ ਨਹੀਂ ਪਰ ਇਸ ਦੀ ਥੋੜ੍ਹੀ ਮਾਤਰਾ ਲੈਣਾ ਅਤੇ ਨਮਕੀਨ ਖਾਧ ਪਦਾਰਥ ਜਿਸ ਵਿਚ ਨਮਕ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ ਜਿਵੇਂ ਆਚਾਰ, ਟਮੈਟੋ ਸੌਸ, ਸੋਇਆ ਸੌਸ ਨੂੰ ਭੋਜਨ ਵਿਚੋਂ ਕੱਢਣਾ ਜ਼ਰੂਰੀ ਹੈ। ਜਦੋਂ ਵੀ ਨਮਕ ਦਾ ਪ੍ਰਯੋਗ ਕਰੋ ਤਾਂ ਆਇਓਡਾਈਜ਼ਡ ਨਮਕ ਹੀ ਵਰਤੋ।

ਮੈਦਾ : ਮੈਦੇ ਦੇ ਪ੍ਰਯੋਗ ਬਿਸਕੁੱਟ, ਕੇਕ, ਬਰੈਡ, ਪੀਜ਼ਾ ਅਤੇ ਮਠਿਆਈਆਂ ਆਦਿ ਬਣਾਉਣ ਵਿਚ ਕੀਤਾ ਜਾਂਦਾ ਹੈ। ਮੈਦੇ ਵਿਚ ਰੇਸ਼ੇ ਦੀ ਕਮੀ ਹੁੰਦੀ ਹੈ। ਇਸ ਨੂੰ ਮਸ਼ੀਨੀ ਪ੍ਰਕਿਰਿਆ ਦੁਆਰਾ ਜ਼ਿਆਦਾ ਸ਼ੁੱਧ ਕੀਤਾ ਜਾਂਦਾ ਹੈ। ਜੇਕਰ ਤੁਸੀਂ ਆਟੇ ਅਤੇ ਮੈਦੇ ਦੀ ਤੁਲਨਾ ਕਰੋ ਤਾਂ ਦੇਖੋਗੇ ਕਿ ਆਟਾ ਭੂਰੇ ਰੰਗ ਦਾ ਹੁੰਦਾ ਹੈ ਅਤੇ ਮੈਦਾ ਸਫੈਦ ਅਤੇ ਨਰਮ ਹੁੰਦਾ ਹੈ, ਕਿਉਂਕਿ ਇਸ ਵਿਚ ਰੇਸ਼ਾ ਨਹੀਂ ਹੁੰਦਾ। ਜੋ ਲੋਕ ਮੈਦੇ ਦਾ ਵਧੇਰੇ ਸੇਵਨ ਕਰਦੇ ਹਨ, ਉਨ੍ਹਾਂ ਨੂੰ ਕਬਜ਼ ਦੀ ਸ਼ਿਕਾਇਤ ਰਹਿੰਦੀ ਹੈ। ਪਾਚਣ ਕਿਰਿਆ ਵਿਚ ਵੀ ਮੁਸ਼ਕਿਲ ਆਉਂਦੀ ਹੈ। ਇਸ ਲਈ ਮੈਦੇ ਦੀ ਬਜਾਏ ਆਟੇ ਦਾ ਪ੍ਰਯੋਗ ਸਹੀ ਹੈ। ਬਾਜ਼ਾਰ ਵਿਚ ਆਟੇ ਦੀ ਬਰੈਡ ਵੀ ਮਿਲਦੀ ਹੈ ਪਰ ਧਿਆਨ ਰੱਖੋ ਕਿ ਇਹ ਆਟੇ ਨਾਲ ਹੀ ਬਣੀ ਹੋਵੇ, ਕਿਉਂਕਿ ਬਾਜ਼ਾਰ ਵਿਚ ਮਿਲਦੀ ਬਰਾਊਨ ਬਰੈਡ ਰੰਗ ਮਿਲੀ ਹੋਈ ਵੀ ਹੋ ਸਕਦੀ ਹੈ।

ਦੁੱਧ : ਪ੍ਰੋਟੀਨ, ਵਿਟਾਮਿਨ ਅਤੇ ਕੈਲਸ਼ੀਅਮ ਦਾ ਬਹੁਤ ਚੰਗਾ ਸਾਧਨ ਹੈ ਦੁੱਧ, ਪਰ ਦੁੱਧ ਵਿਚ ਚਰਬੀ ਦੀ ਮਾਤਰਾ ਵਧੇਰੇ ਹੁੰਦੀ ਹੈ। ਇਸ ਲਈ ਸਕਿਮ ਮਿਲਕ ਪਾਊਡਰ ਦਾ ਪ੍ਰਯੋਗ ਕਰੋ ਜਾਂ ਫਿਰ ਦੁੱਧ ਨੂੰ ਚੰਗੀ ਤਰ੍ਹਾਂ ਉਬਾਲ ਲਵੋ ਅਤੇ ਠੰਢੇ ਹੋਣ 'ਤੇ ਉਸ ਦੇ ਉਪਰ ਆਈ ਹੋਈ ਮਲਾਈ ਉਤਾਰ ਲਵੋ। ਕੁਝ ਲੋਕਾਂ ਨੂੰ ਦੁੱਧ ਪੀਣ ਦੇ ਬਾਅਦ ਡਾਇਰੀਆ ਦੀ ਸਮੱਸਿਆ ਦਾ ਸਵਾਲ ਉਠਦਾ ਹੈ। ਉਨ੍ਹਾਂ ਲਈ ਬਿਹਤਰ ਹੋਵੇਗਾ ਕਿ ਦੁੱਧ ਦੀ ਥਾਂ ਦਹੀਂ ਦਾ ਪ੍ਰਯੋਗ ਕਰਨ। ਨਾਰੀਅਲ ਨੂੰ ਵੈਸੇ ਤਾਂ ਪੌਸ਼ਟਿਕ ਮੰਨਿਆ ਜਾਂਦਾ ਹੈ ਪਰ ਇਸ ਵਿਚ ਚਰਬੀ ਦੀ ਮਾਤਰਾ ਜ਼ਿਆਦਾ ਹੋਣ ਕਰਕੇ ਦਿਲ ਦੇ ਰੋਗਾਂ ਲਈ ਚੰਗਾ ਨਹੀਂ ਹੈ। ਨਾਰੀਅਲ ਪਾਣੀ ਚਰਬੀ ਰਹਿਤ ਹੁੰਦਾ ਹੈ ਅਤੇ ਪੋਟਾਸ਼ੀਅਮ ਦਾ ਵੀ ਬਹੁਤ ਚੰਗਾ ਸਾਧਨ ਹੈ। ਨਾਰੀਅਲ ਵਿਚ ਚਰਬੀ ਪਾਈ ਜਾਂਦੀ ਹੈ ਜੋ ਦਿਲ ਲਈ ਹਾਨੀਕਾਰਕ ਹੈ। ਇਸ ਲਈ ਨਾਰੀਅਲ ਅਤੇ ਨਾਰੀਅਲ ਦੇ ਤੇਲ ਦਾ ਘੱਟ ਤੋਂ ਘੱਟ ਸੇਵਨ ਕਰੋ।

# ਪੈਨਕਿਲਰ ਦਵਾਈਆਂ

ਦਰਦ ਰੋਕੂ ਉਸ ਡਰੱਗ ਨੂੰ ਕਹਿੰਦੇ ਹਨ ਜੋ ਬਿਨਾਂ ਬੇਹੋਸ਼ ਕੀਤੇ ਜਾਂ ਸਰੀਰ ਦੇ ਕਿਸੇ ਹਿੱਸੇ ਨੂੰ ਪੂਰੀ ਤਰ੍ਹਾਂ ਸੁੰਨ ਕੀਤੇ ਦਰਦ ਤੋਂ ਰਾਹਤ ਪ੍ਰਦਾਨ ਕਰਦੀ ਹੈ। ਡਾਕਟਰੀ ਭਾਸ਼ਾ ਵਿਚ ਇਨ੍ਹਾਂ ਨੂੰ 'ਏਨਲਜੈਸਿਕਸ' ਕਿਹਾ ਜਾਂਦਾ ਹੈ। ਇਨ੍ਹਾਂ ਦੇ ਦੋ ਮੁੱਖ ਪ੍ਰਕਾਰ ਹਨ -'ਪੈਰਿਫੈਰਲੀ ਐਕਟਿੰਗ ਏਨਲਜੈਸਿਕ' ਜਾਂ 'ਨਾਨ ਨਾਰਕੋਟਿਕ ਪੇਨ ਰਿਲੀਵਰ' ਅਤੇ 'ਸੈਂਟਰਲੀ ਐਕਟਿੰਗ ਏਨਲਜੈਸਿਕ ਜਾਂ 'ਨਾਰਕੋਟਿਕ ਪੇਨ ਰਿਲੀਵਰ'। ਪਹਿਲੀ ਤਰ੍ਹਾਂ ਦਾ ਏਨਲਜੈਸਿਕ ਮਾਸਪੇਸ਼ੀਆਂ ਅਤੇ ਹੱਡੀਆਂ ਜਾਂ ਉਨ੍ਹਾਂ ਨਾਲ ਸੰਬੰਧਤ ਹਿੱਸਿਆਂ 'ਤੇ ਕੰਮ ਕਰਦਾ ਹੈ। ਇਨ੍ਹਾਂ ਨੂੰ 'ਮਾਈਲਡ' ਏਨਲਜੈਸਿਕ ਵੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਦੀ ਸਭ ਤੋਂ ਆਮ ਦਰਦ ਰੋਕੂ ਡਰੱਗ ਹੈ ਐਸਪਰਿਨ। ਇਸ ਵਿਚ ਐਸਿਟਾਈਲ ਸੈਲਿਸਾਇਲਿਕ ਐਸਿਡ ਹੁੰਦਾ ਹੈ। 1853 ਵਿਚ ਇਸ ਡਰੱਗ ਨੂੰ ਸਭ ਤੋਂ ਪਹਿਲਾਂ ਤਿਆਰ ਕਰਨ ਦਾ ਸਿਹਰਾ ਇਕ ਫਰਾਂਸੀਸੀ ਕੈਮਿਸਟ ਚਾਰਲਸ ਫੈਡ੍ਰਿਕ ਗੈਰਹਾਰਡ ਨੂੰ ਜਾਂਦਾ ਹੈ। ਇਸ ਡਰੱਗ ਦਾ ਪਹਿਲੀ ਵਾਰ ਸੰਨ 1899 ਵਿਚ ਉਤਪਾਦਨ ਕੀਤਾ ਗਿਆ। ਇਸ ਸਮੂਹ ਦੇ ਹੋਰ ਪੇਨ ਕਿੱਲਰਾਂ ਵਿਚ ਐਨਜਲਿਨ ਅਤੇ ਪੈਰਾਸਿਟਾਮੋਲ ਸ਼ਾਮਲ ਹਨ। ਇਸ ਦਾ ਇਸਤੇਮਾਲ ਸਿਰਦਰਦ, ਗਠੀਆ ਦੇ ਦਰਦ ਅਤੇ ਸਰੀਰ ਦੇ ਹੋਰ ਦਰਦਾਂ ਤੋਂ ਰਾਹਤ ਪ੍ਰਦਾਨ ਕਰਨ ਲਈ ਹੁੰਦਾ ਹੈ। ਦੂਜੇ ਗਰੁੱਪ ਦੀ ਦਰਦ ਰੋਕੂ ਮੈਡੀਸਨ ਕਾਫੀ ਸ਼ਕਤੀਸ਼ਾਲੀ ਹੁੰਦੀ ਹੈ। ਇਨ੍ਹਾਂ ਵਿਚ ਅਫੀਮ ਤੋਂ ਲਏ ਗਏ ਤੱਤ ਸ਼ਾਮਲ ਹੁੰਦੇ ਹਨ। ਇਸ ਤਰ੍ਹਾਂ ਦੇ ਪੇਨ ਕਿੱਲਰਾਂ ਵਿਚ ਮੋਰਫਿਨ ਅਤੇ ਹੈਰੋਇਨ ਵੀ ਸ਼ਾਮਲ ਹਨ। ਇਹ ਪੇਨ ਕਿੱਲਰ ਦਿਮਾਗ ਵਿਚ ਕੋਰਟੈਕਸ ਅਤੇ ਥੈਲੇਮਸ ਦੀ ਕਾਰਜ ਪ੍ਰਣਾਲੀ ਵਿਚ ਰੁਕਾਵਟ ਪੈਦਾ ਕਰਦੇ ਹਨ। ਇਹ ਦਿਮਾਗ ਦੇ ਉਹ ਹਿੱਸੇ ਹਨ ਜੋ ਸਰੀਰ ਤੋਂ ਦਰਦ ਦੂਰ ਕਰਨ ਵਾਲੇ ਸੰਵੇਦਕਾਂ ਤੋਂ ਸੰਦੇਸ਼ ਪ੍ਰਾਪਤ ਕਰਦੇ ਹਨ। ਇਹ ਪੇਨ ਕਿੱਲਰ ਤੁਰੰਤ ਕੰਮ ਕਰਦੇ ਹਨ ਅਤੇ ਮਾਸਪੇਸ਼ੀਆਂ ਜਾਂ ਨਸਾਂ ਵਿਚ ਇੰਜੈਕਸ਼ਨ ਦੁਆਰਾ ਦੇਣ 'ਤੇ ਤੁਰੰਤ ਦਰਦ ਤੋਂ ਰਾਹਤ ਪ੍ਰਦਾਨ ਕਰਦੇ ਹਨ। ਡਾਕਟਰ ਇਨ੍ਹਾਂ ਏਨਲਜੈਸਿਕ ਦੀ ਵਰਤੋਂ ਕੈਂਸਰ, ਦਿਲ ਦਾ ਦੌਰਾ ਜਾਂ ਖਤਰਨਾਕ ਸੱਟ ਲੱਗਣ 'ਤੇ ਪੈਦਾ ਹੋਣ ਵਾਲੇ ਦਰਦ ਤੋਂ ਆਰਾਮ ਦਿਵਾਉਣ ਲਈ ਕਰਦੇ ਹਨ। ਇਸ ਗਰੁੱਪ ਦੇ ਕੁਝ ਆਮ ਡਰੱਗਜ਼ ਵਿਚ ਕੋਡੇਇਨ, ਪੈਂਟਾਜੋਸੀਨ ਅਤੇ ਇਥੋਹੈਪਟਾਜਾਈਨ ਸ਼ਾਮਲ ਹਨ।



ਇਨ੍ਹਾਂ ਦੋਵਾਂ ਤਰ੍ਹਾਂ ਦੇ ਪੇਨ ਕਿੱਲਰਾਂ ਦੇ ਕਈ ਸਾਈਡ ਇਫੈਕਟਸ ਹਨ। ਉਦਾਹਰਣ ਲਈ ਲੰਬੇ ਸਮੇਂ ਤਕ ਇਸਤੇਮਾਲ ਕੀਤੇ ਜਾਣ 'ਤੇ ਐਸਪਰਿਨ ਪੇਟ ਵਿਚ ਖਰਾਬੀ ਕਬਜ਼ ਜਾਂ ਕੁਝ ਗੰਭੀਰ ਕੇਸਾਂ ਵਿਚ ਅਲਸਰ ਦਾ ਕਾਰਨ ਵੀ ਬਣ ਸਕਦੀ ਹੈ। ਇਸ ਦੇ ਜ਼ਿਆਦਾ ਇਸਤੇਮਾਲ ਨਾਲ ਸਰੀਰ ਵਿਚ ਖ਼ੂਨ ਦੀ ਕਮੀ ਵੀ ਹੋ ਸਕਦੀ ਹੈ। ਮੋਰਫਿਨ ਤੋਂ ਮਿਤਲੀ ਅਤੇ ਉਲਟੀ ਦੀ ਸਮੱਸਿਆ ਹੋ ਸਕਦੀ ਹੈ। ਇਸ ਸਾਈਡ ਇਫੈਕਟ ਨੂੰ ਰੋਕਣ ਲਈ ਇਸ ਨਾਲ ਸਾਈਕਲਜਾਈਨ ਨਾਂ ਦੀ ਡਰੱਗ ਦਿਤੀ ਜਾ ਸਕਦੀ ਹੈ। ਲੰਬੇ ਸਮੇਂ ਤਕ ਵਰਤੋਂ ਨਾਲ ਵਿਅਕਤੀਮੋਰਫਿਨ ਅਤੇ ਇਸ ਜਿਹੀਆਂ ਹੋਰ ਡਰੱਗਜ਼ ਦਾ ਆਦੀ ਵੀ ਹੋ ਸਕਦਾ ਹੈ। ਐਂਟੀਪਾਇਰੈਟਿਕ ਵਰਗੀਆਂ ਕੁਝ-ਹੋਰ ਤਰ੍ਹਾਂ ਦੀ ਏਨਲਜੈਸਿਕ ਨੂੰ ਬੁਖਾਰ ਉਤਾਰਨ ਲਈ ਇਸਤੇਮਾਲ ਕੀਤਾ ਜਾਂਦਾ ਹੈ। ਕੁਝ ਗੰਭੀਰ ਕੇਸਾਂ ਵਿਚ ਸਰਜਰੀ ਦੌਰਾਨ ਵੀ ਡਾਕਟਰ ਪੇਨ ਕਿੱਲਰਾਂ ਲਈ ਕਈ ਤਰ੍ਹਾਂ ਦੀਆਂ ਦਰਦ ਰੋਕੂ ਦਵਾਈਆਂ ਦਾ ਇਸਤੇਮਾਲ ਕਰ ਸਕਦੇ ਹਨ। ਬਾਜ਼ਾਰ ਵਿਚ ਸਾਰੇ ਤਰ੍ਹਾਂ ਦੀਆਂ ਪੇਨ ਕਿੱਲਰਾਂ ਦੀਆਂ ਦਵਾਈਆਂ ਵੱਖ-ਵੱਖ ਨਾਵਾਂ ਨਾਲ ਮਿਲਦੀਆਂ ਹੈ। ਪੇਨ ਕਿੱਲਰ ਦਾ ਗਲਤ ਇਸਤੇਮਾਲ ਕਰਨ ਨਾਲ ਕਈ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਹੋਣ 'ਤੇ ਡਾਕਟਰ ਦੀ ਸਲਾਹ ਲਈ ਜਾਵੇ ਅਤੇ ਉਸ ਦੀ ਸਲਾਹ ਅਨੁਸਾਰ ਹੀ ਕਿਸੇ ਪੇਨ ਕਿੱਲਰ ਦੀ ਵਰਤੋਂ ਕੀਤੀ ਜਾਵੇ।

# ਸਤਿਆਵਤੀ ਹਿਮਾਂਸ਼ੂ ਸ਼ਰਮਾ ਮੈਮੋਰੀਅਲ ਫਾਊਂਡੇਸ਼ਨ ਵੱਲੋਂ ਲੋੜਵੰਦ ਔਰਤਾਂ ਅਤੇ ਲੜਕੀਆਂ ਨੂੰ ਸਵੈਰੋਜ਼ਗਾਰ ਚਲਾਉਣ ਲਈ ਸਿਲਾਈ ਮਸ਼ੀਨਾਂ ਦੇਣ ਦਾ ਪ੍ਰੋਗਰਾਮ ਆਯੋਜਨ

**ਪਟਿਆਲਾ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸਤਿਆਵਤੀ ਹਿਮਾਂਸ਼ੂ ਸ਼ਰਮਾ ਮੈਮੋਰੀਅਲ ਫਾਊਂਡੇਸ਼ਨ ਵੱਲੋਂ ਯੂਥ ਫੈਡਰੇਸ਼ਨ ਆਫ ਇੰਡੀਆ,ਪਾਵਰ ਹਾਊਸ ਯੂਥ ਕਲੱਬ,ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਨਾਲ ਲੋੜਵੰਦ ਲੜਕੀਆਂ ਅਤੇ ਔਰਤਾਂ ਨੂੰ ਸਵੈਰੋਜ਼ਗਾਰ ਚਲਾਉਣ ਲਈ ਸਿਲਾਈ ਮਸ਼ੀਨਾਂ ਦੇਣ ਲਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਜਿਸ ਵਿਚ ਮੁੱਖ ਮਹਿਮਾਨ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ।ਪ੍ਰੋਗਰਾਮ ਦਾ ਉਦਘਾਟਨ ਰਿਟਾਇਰ ਐਸ ਡੀ ਓ ਬਿਜਲੀ ਬੋਰਡ ਵਿਨੇ ਸ਼ਰਮਾ ਪ੍ਰਧਾਨ ਸਤਿਆਵਤੀ ਹਿਮਾਂਸ਼ੂ ਸ਼ਰਮਾ ਮੈਮੋਰੀਅਲ ਫਾਊਂਡੇਸ਼ਨ ਨੇ ਕੀਤਾ।ਇਸ ਮੌਕੇ ਵਿਸ਼ੇਸ਼ ਤੌਰ ਤੇ ਸਟੇਟ ਐਵਾਰਡੀ ਵਿਨੋਦ ਸ਼ਰਮਾ ਜਰਨਲ ਸਕੱਤਰ ਜਨ ਹਿੱਤ ਸੰਮਤੀ,ਉਪਕਾਰ ਸਿੰਘ, ਸਮਾਜ ਸੇਵੀ ਜਗਤਾਰ ਜੱਗੀ,ਰੁਦਰਪ੍ਰਤਾਪ ਸਿੰਘ ,ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ, ਭਿੰਦਰ ਜਲਵੇੜਾ ਨੇ ਵੀ ਸ਼ਮੂਲੀਅਤ ਕੀਤੀ।ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਸਤਿਆਵਤੀ ਹਿਮਾਂਸ਼ੂ ਸ਼ਰਮਾ ਮੈਮੋਰੀਅਲ ਫਾਊਂਡੇਸ਼ਨ ਵੱਲੋਂ ਲੋੜਵੰਦ ਔਰਤਾਂ ਅਤੇ ਲੜਕੀਆਂ ਨੂੰ ਸਵੈਰੋਜ਼ਗਾਰ ਚਲਾਉਣ ਲਈ ਸਿਲਾਈ ਮਸ਼ੀਨਾਂ ਦੇਣਾ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਇਸ ਨਾਲ ਉਹ ਆਪਣਾ ਸਵੈਰੋਜ਼ਗਾਰ ਚਲਾ ਕੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਸਕੇਗੀ। ਉਹਨਾਂ ਕਿਹਾ ਕਿ ਅਜੋਕੇ ਸਮੇਂ ਵਿੱਚ ਔਰਤਾਂ ਅਤੇ ਲੜਕੀਆਂ ਨੂੰ ਆਤਮ ਨਿਰਭਰ ਹੋਣਾ ਸਮੇਂ ਦੀ ਮੁੱਖ ਲੋੜ ਹੈ। ਉਹਨਾਂ ਕਿਹਾ ਕਿ ਔਰਤਾਂ ਅਤੇ ਲੜਕੀਆਂ ਹੱਥੀਂ ਕੰਮ ਸਿੱਖ ਕੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਬਹੁਤ ਵਧੀਆ ਢੰਗ ਨਾਲ ਕਰ ਸਕਦੀਆਂ ਹਨ ਕਿਉਂਕਿ ਹਰ ਰੋਜ਼ ਘਰੇਲੂ ਜ਼ਰੂਰਤ ਦੀਆਂ ਚੀਜ਼ਾਂ ਵਿੱਚ ਦੇ ਰੇਟ ਵੱਧ ਰਹੇ ਹਨ ਜਿਸ ਕਾਰਨ ਕਈ ਪਰਿਵਾਰਾਂ ਨੂੰ ਬਹੁਤ ਦਿੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਕਿਹਾ ਕਿ ਔਰਤਾਂ ਅਤੇ ਲੜਕੀਆਂ ਇਸ ਸਿਲਾਈ ਕਢਾਈ ਸੈਂਟਰ ਵਿਚੋਂ ਸਿਖਲਾਈ ਲੈ ਕੇ ਆਪਣਾ ਸਵੈਰੋਜ਼ਗਾਰ ਚਲਾ ਸਕਦੀਆਂ ਹਨ । ਇਸ ਮੌਕੇ ਵਿਨੇ ਸ਼ਰਮਾ ਨੇ ਕਿਹਾ ਕਿ ਉਹਨਾਂ ਦੀ ਸੰਸਥਾ ਸਤਿਆਵਤੀ ਹਿਮਾਂਸ਼ੂ ਸ਼ਰਮਾ ਮੈਮੋਰੀਅਲ ਫਾਊਂਡੇਸ਼ਨ ਵੱਲੋਂ ਅੱਗੇ ਤੋਂ ਵੀ ਹਮੇਸ਼ਾ ਲੋਕ ਭਲਾਈ ਦੇ ਕੰਮਾਂ ਲਈ ਹਰ ਸੰਭਵ ਮਦਦ ਕੀਤੀ ਜਾਂਦੀ ਰਹੇਗੀ।

# ਜ਼ਿਲ੍ਹਾ ਸਕੂਲ ਖੇਡਾਂ 'ਚ ਲੜਕੀਆਂ ਦੇ ਫੁੱਟਬਾਲ ਦੇ ਮੁਕਾਬਲੇ ਹੋਏ



**ਪਟਿਆਲਾ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਖੇਡ ਟੂਰਨਾਮੈਂਟ ਕਮੇਟੀ ਦੇ ਪ੍ਰਧਾਨ ਸੰਜੀਵ ਸ਼ਰਮਾ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਪਟਿਆਲਾ ਅਤੇ ਡਾ: ਰਵਿੰਦਰ ਪਾਲ ਸਿੰਘ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਦੇ ਦਿਸ਼ਾ ਨਿਰਦੇਸ਼ ਅਤੇ ਪ੍ਰਬੰਧਕ ਸਕੱਤਰ ਡਾ: ਦਲਜੀਤ ਸਿੰਘ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਤੇ ਸਕੱਤਰ ਜ਼ਿਲ੍ਹਾ ਟੂਰਨਾਮੈਂਟ ਚਰਨਜੀਤ ਸਿੰਘ ਭੁੱਲਰ ਦੇ ਤਾਲਮੇਲ ਨਾਲ 69ਵੀਆਂ ਜ਼ਿਲ੍ਹਾ ਸਕੂਲ ਖੇਡਾਂ ਕਰਵਾਈਆਂ ਜਾ ਰਹੀਆਂ ਹਨ। ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੇ ਸਕੱਤਰ ਚਰਨਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਲੜਕੀਆਂ ਦੇ ਫੁੱਟਬਾਲ ਦੇ ਅੰਡਰ 14,ਅੰਡਰ 17,ਅੰਡਰ 19 ਦੇ ਮੁਕਾਬਲੇ ਪੋਲੋ ਗਰਾਊਂਡ ਵਿਖੇ ਕਰਵਾਏ ਗਏ। ਖੇਡ ਇੰਚਾਰਜ ਪ੍ਰਿੰਸੀਪਲ ਜਸਪਾਲ ਸਿੰਘ ਸਟੇਟ ਅਵਾਰਡੀ ਸਕੂਲ ਆਫ ਐਮੀਨੈਂਸ ਮਡੌਰ ਤੇ ਪ੍ਰਿੰਸੀਪਲ ਰਾਜ ਕੁਮਾਰ ਸਸਸਸ ਨੌਗਾਵਾਂ ਨੇ ਖਿਡਾਰਨਾਂ ਨੂੰ ਅਸ਼ੀਰਵਾਦ ਦਿੱਤਾ। ਇਸ ਮੌਕੇ ਤੇ ਨਵਿੰਦਰ ਸਿੰਘ ਕੋਚ,ਇੰਦਰਜੀਤ ਸਿੰਘ ਕੋਚ,ਨਵਜੋਤ ਸਿੰਘ ਕੋਚ,ਹਰਪ੍ਰੀਤ ਸਿੰਘ,ਸ਼ੰਕਰ ਨੇਗੀ,ਕੁਲਵਿੰਦਰ ਸਿੰਘ,ਕਰਮਜੀਤ ਸਿੰਘ,ਜਸਪਾਲ ਸਿੰਘ,ਮਨਜਿੰਦਰ ਸਿੰਘ,ਸ਼ਕੀਲ ਮੁਹੰਮਦ, ਭਰਪੂਰ ਸਿੰਘ ਜੋਨਲ ਸਕੱਤਰ ਸਮਾਣਾ, ਬਲਰਾਜ ਸਿੰਘ, ਹਰਿੰਦਰ ਸਿੰਘ, ਗੁਰਮੁਖ ਸਿੰਘ,ਪਰਵੀਨ ਕੁਮਾਰ,ਮਨਜੀਤ ਸਿੰਘ ਕੋਚ ਭਵਨਦੀਪ ਸਿੰਘ ਕੋਚ ਤੇ ਜਸਵਿੰਦਰ ਸਿੰਘ ਗੱਜੂਮਾਜਰਾ ਹਾਜ਼ਰ ਸਨ।

# ਪਟਿਆਲਾ ਜ਼ਿਲ੍ਹੇ ਦੀਆਂ ਮੰਡੀਆਂ 'ਚ 49960 ਮੀਟਰਿਕ ਟਨ ਝੋਨੇ ਦੀ ਆਮਦ

**ਪਟਿਆਲਾ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਦੀਆਂ ਮੰਡੀਆਂ 'ਚ ਮੌਜੂਦਾ ਸਾਉਣੀ ਦੇ ਸੀਜ਼ਨ ਦੌਰਾਨ 108 ਖਰੀਦ ਕੇਂਦਰਾਂ ਵਿਚੋਂ ਹੁਣ ਤੱਕ 47 ਵਿੱਚ ਝੋਨੇ ਦੀ ਆਮਦ ਸ਼ੁਰੂ ਹੋਈ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਖਰੀਦ ਕੇਂਦਰ ਵਿੱਚ 49960 ਮੀਟਰਿਕ ਟਨ ਝੋਨਾ ਮੰਡੀਆਂ ਵਿੱਚ ਪੁੱਜ ਚੁੱਕਾ ਹੈ ਅਤੇ ਜਿਸ ਵਿੱਚੋਂ 47186 ਮੀਟਰਿਕ ਟਨ ਦੀ ਖਰੀਦ ਕੀਤੀ ਜਾ ਚੁੱਕੀ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਣ ਤੱਕ ਖ਼ਰੀਦੇ ਗਏ ਝੋਨੇ ਵਿਚੋਂ ਪਨਗਰੇਨ ਵੱਲੋਂ 20754 ਮੀਟਰਿਕ ਟਨ, ਮਾਰਕਫੈਡ ਵੱਲੋਂ 9567 ਮੀਟਰਿਕ ਟਨ, ਪਨਸਪ ਵੱਲੋਂ 10141 ਮੀਟਰਿਕ ਟਨ ਅਤੇ ਪੰਜਾਬ ਰਾਜ ਵੇਅਰ ਹਾਊਸ ਕਾਰਪੋਰੇਸ਼ਨ ਵੱਲੋਂ 6724 ਮੀਟਰਿਕ ਟਨ ਝੋਨੇ ਦੀ ਖ਼ਰੀਦ ਕੀਤੀ ਗਈ ਹੈ।

ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਸਰਕਾਰ ਕਿਸਾਨਾਂ ਦੀ ਫ਼ਸਲ ਦਾ ਇੱਕ ਇੱਕ ਦਾਣਾ ਖਰੀਦ ਕਰੇਗੀ ਤੇ ਕਿਸਾਨਾਂ ਨੂੰ ਮੰਡੀਆਂ 'ਚ ਕੋਈ ਦਿਕਤ ਨਹੀਂ ਆਉਣ ਦਿਤੀ ਜਾਵੇਗੀ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ ਵਿੱਚ ਸੁੱਕਾ ਝੋਨਾ ਹੀ ਲੈਕੇ ਆਉਣ, ਤਾਂ ਜੋ ਮੰਡੀ 'ਚ ਆਏ ਝੋਨੇ ਦੀ ਨਾਲੋਂ ਨਾਲ ਖਰੀਦ ਯਕੀਨੀ ਬਣਾਈ ਜਾ ਸਕੇ।

# ਅੰਮ੍ਰਿਤਸਰ ਦੀ ਨਰਾਇਣਗੜ੍ਹ ਮੰਡੀ ਵਿੱਚ ਰਾਮਲੀਲਾ ਵਿੱਚ ਭਰੀ ਹਾਜ਼ਰੀ: ਐਡਵੋਕੇਟ ਅਰਵੀਨ ਭਕਨਾ , ਸਾਥੀਆਂ ਸਮੇਤ ਸਨਮਾਨਿਤ

**ਅੰਮ੍ਰਿਤਸਰ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਵੈਸ਼ਣੋ ਡਰਾਮੈਟਿਕ ਕਲੱਬ ਵੱਲੋਂ ਇਸ ਸਾਲ ਨਰਾਇਣਗੜ੍ਹ ਮੰਡੀ ਦੇ ਵਿਸ਼ੇਸ਼ ਸਥਾਨ 'ਤੇ ਆਯੋਜਿਤ ਰਾਮਲੀਲਾ ਪ੍ਰੋਗਰਾਮ ਦਰਸ਼ਕਾਂ ਲਈ ਇੱਕ ਯਾਦਗਾਰ ਤਜਰਬਾ ਬਣਿਆ। ਸੰਗਤਾਂ, ਸਾਥੀਆਂ ਅਤੇ ਸਥਾਨਕ ਲੋਕਾਂ ਦੀ ਭਾਰੀ ਹਾਜ਼ਰੀ ਨੇ ਇਸ ਪ੍ਰੋਗਰਾਮ ਨੂੰ ਚਮਕਦਾਰ ਬਣਾ ਦਿੱਤਾ। ਰਾਮਲੀਲਾ ਦੇ ਰੰਗਰੂਪ ਪ੍ਰਸਤੁਤੀ ਵਿੱਚ ਲੋਕਾਂ ਨੇ ਧਾਰਮਿਕ, ਸੱਭਿਆਚਾਰਕ ਅਤੇ ਮਨੋਰੰਜਨਕ ਤੱਤਾਂ ਨੂੰ ਨਜ਼ਦੀਕੀ ਤਰੀਕੇ ਨਾਲ ਵੇਖਣ ਦਾ ਮੌਕਾ ਪਾਇਆ।

ਇਸ ਮੌਕੇ ਖਾਸ ਤੌਰ 'ਤੇ ਐਡਵੋਕੇਟ ਅਰਵੀਨ ਭਕਨਾ ਨੂੰ ਕਲੱਬ ਦੇ ਚੇਅਰਮੈਨ ਸ੍ਰੀ ਰਵੀ ਪ੍ਰਕਾਸ਼ ਆਸ਼ੂ ਅਤੇ ਸਮੂਹ ਕਮੇਟੀ ਵੱਲੋਂ ਖ਼ਾਸ ਸਨਮਾਨਿਤ ਕੀਤਾ ਗਿਆ। ਚੇਅਰਮੈਨ ਨੇ ਅਰਵੀਨ ਭਕਨਾ ਦੀ ਸੰਗਤ ਅਤੇ ਕਲੱਬ ਲਈ ਕੀਤੀ ਸੇਵਾ ਨੂੰ ਬਿਆਨ ਕਰਦੇ ਹੋਏ ਕਿਹਾ, ਅਰਵੀਨ ਭਕਨਾ ਦੀ ਮਿਹਨਤ ਅਤੇ ਦ੍ਰਿੜ ?ਤਾ ਕਲੱਬ ਦੀ ਕਲਾ ਅਤੇ ਸੱਭਿਆਚਾਰ ਨੂੰ ਉੱਚਾਈਆਂ 'ਤੇ ਲੈ ਕੇ ਜਾਂਦੀ ਹੈ। ਸਾਡੇ ਸਾਥੀਆਂ ਦੇ ਯੋਗਦਾਨ ਤੋਂ ਬਿਨਾਂ ਇਹ ਰਾਮਲੀਲਾ ਸੰਪੂਰਨ ਨਹੀਂ ਹੁੰਦਾ।

ਰਾਮਲੀਲਾ ਪ੍ਰੋਗਰਾਮ ਵਿੱਚ ਬੱਚੇ, ਨੌਜਵਾਨ ਅਤੇ ਬਜ਼ੁਰਗ ਹਰ ਉਮਰ ਦੇ ਲੋਕਾਂ ਨੇ ਹਿੱਸਾ ਲਿਆ। ਵੈਸ਼ਣੋ ਡਰਾਮੈਟਿਕ ਕਲੱਬ ਵੱਲੋਂ ਰਚਿਤ ਨਾਟਕਾਂ, ਰੰਗਰੂਪ ਪ੍ਰਸਤੁਤੀਆਂ ਅਤੇ ਸੰਗੀਤ ਨੇ ਦਰਸ਼ਕਾਂ ਨੂੰ ਪ੍ਰੇਰਿਤ ਕੀਤਾ। ਪ੍ਰੋਗਰਾਮ ਦੇ ਦੌਰਾਨ ਰੰਗਮੰਚ ਤੇ ਅਦਾਕਾਰਾਂ ਨੇ ਆਪਣੇ ਪ੍ਰਦਰਸ਼ਨ ਨਾਲ ਸਾਰੇ ਦਰਸ਼ਕਾਂ ਨੂੰ ਮੋਹ ਲਿਆ। ਕਲੱਬ ਦੇ ਸਦੱਸਾਂ ਨੇ ਵੀ ਆਪਣੇ ਯੋਗਦਾਨ ਨਾਲ ਪ੍ਰੋਗਰਾਮ ਨੂੰ ਸੰਪੂਰਨ ਬਣਾਇਆ। ਸਮਾਗਮ ਦੇ ਅੰਤ ਵਿੱਚ, ਸੰਗਤਾਂ ਨੇ ਕਲੱਬ ਦੀਆਂ ਕੋਸ਼ਿਸ਼ਾਂ ਦੀ ਤਾਰੀਫ਼ ਕੀਤੀ ਅਤੇ ਅੱਗੇ ਵੀ ਇਸ ਤਰ੍ਹਾਂ ਦੇ ਸੱਭਿਆਚਾਰਕ ਅਤੇ ਮਨੋਰੰਜਨਕ ਆਯੋਜਨਾਂ ਨੂੰ ਜਾਰੀ ਰੱਖਣ ਦੀ ਅਪੀਲ ਕੀਤੀ।

ਚੇਅਰਮੈਨ ਸ੍ਰੀ ਆਸ਼ੂ ਨੇ ਉਮੀਦ ਜਤਾਈ ਕਿ ਭਵਿੱਖ ਵਿੱਚ ਵੀ ਕਲੱਬ ਰਾਮਲੀਲਾ ਅਤੇ ਹੋਰ ਸੱਭਿਆਚਾਰਕ ਪ੍ਰੋਗਰਾਮਾਂ ਰਾਹੀਂ ਨਰਾਇਣਗੜ੍ਹ ਮੰਡੀ ਦੇ ਲੋਕਾਂ ਨੂੰ ਇੱਕੱਠਾ ਕਰਨ ਅਤੇ ਕਲਾ ਨੂੰ ਪ੍ਰਚਾਰਿਤ ਕਰਨ ਵਿੱਚ ਆਪਣੀ ਭੂਮਿਕਾ ਨਿਭਾਉਂਦਾ ਰਹੇਗਾ।

ਇਸ ਰਾਮਲੀਲਾ ਪ੍ਰੋਗਰਾਮ ਨੇ ਸਥਾਨਕ ਲੋਕਾਂ ਵਿਚ ਖੁਸ਼ੀ ਅਤੇ ਉਤਸ਼ਾਹ ਦੀ ਲਹਿਰ ਪੈਦਾ ਕੀਤੀ, ਸੰਗਤਾਂ ਅਤੇ ਕਲੱਬ ਦੇ ਯੋਗਦਾਨ ਨੂੰ ਪ੍ਰਸ਼ੰਸਾ ਮਿਲੀ ਅਤੇ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਣ ਵਿੱਚ ਇੱਕ ਮਹੱਤਵਪੂਰਨ ਯੋਗਦਾਨ ਦਿੱਤਾ।

# ਸ੍ਰੀ ਰਾਮਲੀਲਾ ਕਮੇਟੀ (ਰਜਿ.) ਵੱਲੋਂ ਆਯੋਜਿਤ ਲੀਲਾ 'ਚ ਫਿੱਤਾ ਰਸਮ 'ਦਾ ਟ੍ਰੈਕਰਜ਼' ਪਰਿਵਾਰ ਵੱਲੋਂ ਅਦਾ ਕੀਤੀ ਗਈ



**ਮਲੇਰਕੋਟਲਾ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਰਾਮਲੀਲਾ ਕਮੇਟੀ (ਰਜਿ.) ਨਜ਼ਦੀਕ ਸਰਵਹਿੱਤਕਾਰੀ ਸ਼ਿਸ਼ੂ ਵਾਟਿਕਾ ਵਿਖੇ ਪ੍ਰਧਾਨ ਲੋਕੇਸ਼ ਜੈਨ ਦੀ ਅਗਵਾਈ ਹੇਠ ਅੱਜ ਦਸ਼ਰਥ ਮਰਨ ਅਤੇ ਸੀਤਾ ਹਰਨ ਲੀਲਾ ਦਿਖਾਈ ਗਈ। ਅੱਜ ਦੀ ਲੀਲਾ ਦੌਰਾਨ ਫਿੱਤਾ ਰਸਮ ਮਸ਼ਹੂਰ ਆਈਲੈਟਸ ਸੈਂਟਰ 'ਦਾ ਟ੍ਰੈਕਰਜ਼' ਦੇ ਐਮ.ਡੀ. ਅਚਿੰਤ ਗੋਇਲ ਅਤੇ ਉਹਨਾਂ ਦੇ ਭਰਾ ਪੰਕਜ ਗੋਇਲ ਵੱਲੋਂ ਅਦਾ ਕੀਤੀ ਗਈ। ਇਸ ਮੌਕੇ ਅਚਿੰਤ ਗੋਇਲ ਨੇ ਕਿਹਾ ਕਿ ਰਮਾਇਣ ਸਾਨੂੰ ਬਹੁਤ ਸਿੱਖਿਆ ਦਿੰਦੀ ਹੈ ਤੇ ਇਸ ਤੇ ਸਾਨੂੰ ਅਮਲ ਕਰਨਾ ਚਾਹੀਦਾ ਹੈ। ਉਹਨਾ ਕਿਹਾ ਕਿ ਰਮਾਇਣ ਦਾ ਇੱਕ ਇੱਕ ਪੰਨਾ ਸਿਖਿਆ ਨਾਲ ਭਰਿਆ ਪਿਆ ਹੈ। ਸੋ ਲੋੜ ਹੈ ਸਾਨੂੰ ਇਸ ਤੇ ਅਮਲ ਕਰਨ ਦੀ। ਉਨ੍ਹਾਂ ਕਿਹਾ ਕਿ ਅਜਿਹੇ ਧਾਰਮਿਕ ਪ੍ਰੋਗਰਾਮ ਕਰਵਾਉਣ ਦਾ ਮਕਸਦ ਨਵੀਂ ਪੀੜ੍ਹੀ ਨੂੰ ਸਾਡੀ ਸੰਸਕ੍ਰਿਤੀ ਨਾਲ ਜੋੜ ਕੇ ਰੱਖਣਾ ਹੈ। ਉਨ੍ਹਾਂ ਕਿਹਾ ਕਿ ਨਵੀਂ ਪੀੜ੍ਹੀ ਨੂੰ ਸ੍ਰੀ ਰਾਮ ਚੰਦਰ ਜੀ ਦੀ ਸਿੱਖਿਆ @ਤੇ ਚੱਲਣ ਦੀ ਪ੍ਰੇਰਣਾ ਲੈਣੀ ਚਾਹੀਦੀ ਹੈ। ਓਹਨਾ ਕਿਹਾ ਕਿ ਸ੍ਰੀ ਰਾਮ ਜੀ ਮਹਾਰਾਜ ਵੱਲੋਂ ਆਪਣੇ ਪਿਤਾ ਦੇ ਕੀਤੇ ਵਚਨਾਂ ਦਾ ਕਿਵੇਂ ਮਾਣ ਰੱਖਿਆ ਅਤੇ ਸ੍ਰੀ ਲਕਸ਼ਮਣ ਜੀ ਵੱਲੋਂ ਆਪਣੇ ਵੱਡੇ ਭਰਾ ਸ੍ਰੀ ਰਾਮ ਜੀ ਦਾ ਕਿਵੇਂ ਸਹਿਯੋਗ ਦਿੱਤਾ। ਅੱਜ ਦੇ ਸਮੇਂ ਵਿੱਚ ਸਮਾਜ ਨੂੰ ਸ਼੍ਰੀ ਰਾਮ ਚੰਦਰ ਜੀ ਦੀਆਂ ਸਿੱਖਿਆਵਾਂ ਨੂੰ ਅਪਣਾਉਣ ਦੀ ਜ਼ਰੂਰਤ ਹੈ। ਸਾਨੂੰ ਉਹਨਾਂ ਤੋਂ ਸਿੱਖਿਆ ਲੈ ਕੇ ਆਪਣੇ ਜੀਵਨ ਵਿੱਚ ਮਾਤਾ ਪਿਤਾ ਅਤੇ ਭੈਣ ਭਰਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।

# ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਤੇ ਗੰਭੀਰ ਦੋਸ਼, ਦਸ਼ਹਰਾ ਮੇਲੇ ਲਈ ਰਿਸ਼ਵਤ ਮੰਗਣ ਦਾ ਆਰੋਪ : ਗੁਰਦੇਵ ਸ਼ਰਮਾ ਦੇਬੀ

**ਲੁਧਿਆਣਾ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਭਾਜਪਾ ਖਜਾਂਚੀ ਅਤੇ ਕੇਂਦਰੀ ਵਿਧਾਨ ਸਭਾ ਹਲਕੇ ਇੰਚਾਰਜ ਗੁਰੂਦੇਵ ਸ਼ਰਮਾ ਦੇਬੀ ਨੇ ਆਮ ਆਦਮੀ ਪਾਰਟੀ ਦੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਉੱਤੇ ਸਿੱਧੇ ਤੌਰ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਗਾਏ ਹਨ।

ਉਨ੍ਹਾਂ ਕਿਹਾ ਕਿ ਵਿਧਾਇਕ ਨੇ ਦਸ਼ਹਰਾ ਮੇਲੇ ਦੇ ਠੇਕੇਦਾਰ ਤੋਂ ਵੱਡੀ ਰਿਸ਼ਵਤ ਮੰਗੀ, ਜਿਸ ਕਾਰਨ ਠੇਕੇਦਾਰ ਨੂੰ ਖੁਦਕੁਸ਼ੀ ਦੀ ਕੋਸ਼ਿਸ਼ ਕਰਨੀ ਪਈ।

ਹਿੰਦੂ ਪੰਚਾਂਗ ਅਤੇ ਧਾਰਮਿਕ ਰਵਾਇਤਾਂ ਨਾਲ ਖਿਲਵਾੜ ਬਰਦਾਸ਼ਤ ਨਹੀਂ ਗੁਰੂਦੇਵ ਸ਼ਰਮਾ ਦੇਬੀ ਨੇ ਚੇਤਾਵਨੀ ਦਿੱਤੀ ਕਿ ਵਿਧਾਇਕ ਪੱਪੀ ਵੱਲੋਂ ਵਿਜੀਲੈਂਸ ਜਾਂ ਮਾਨਹਾਨੀ ਦੀਆਂ ਧਮਕੀਆਂ ਦੇ ਕੇ ਧਾਰਮਿਕ ਪਰੰਪਰਾਵਾਂ ਨੂੰ ਰੋਕਣ ਦੀ ਕੋਸ਼ਿਸ਼ ਨਾ ਕੀਤੀ ਜਾਵੇ। ਭ੍ਰਿਸ਼ਟਾਚਾਰ ਕਰਕੇ ਲੁਧਿਆਣਾ ਵਿੱਚ ਪਵਿੱਤਰ ਦਸ਼ਹਰਾ ਮੇਲਾ ਬੰਦ ਹੋਣ ਕਾਰਨ ਹਿੰਦੂ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਗਹਿਰਾ ਝਟਕਾ ਪਹੁੰਚਿਆ ਹੈ। ਲੋਕਾਂ ਦੇ ਧਾਰਮਿਕ ਅਧਿਕਾਰਾਂ ਦੀ ਰੱਖਿਆ ਲਈ ਤੁਰੰਤ ਕਾਰਵਾਈ ਹੋਵੇ ਅਤੇ ਵਿਧਾਇਕ ਪੱਪੀ ਦੇ ਭ੍ਰਿਸ਼ਟਾਚਾਰ ਦੀ ਜਾਂਚ ਕੀਤੀ ਜਾਵੇ। ਭਾਜਪਾ ਹਮੇਸ਼ਾ ਹਿੰਦੂ ਸਭਿਆਚਾਰ ਦੀ ਰੱਖਿਆ ਲਈ ਵਚਨਬੱਧ, ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਹਮੇਸ਼ਾ ਧਾਰਮਿਕ ਸਭਿਆਚਾਰ ਅਤੇ ਰਸਮੋ-ਰਿਵਾਜ ਦੀ ਰੱਖਿਆ ਲਈ ਖੜੀ ਹੈ।

# ਅਰਬਨ ਅਸਟੇਟ ਫੇਜ਼-2 'ਚ ਸੜਕਾਂ ਦੇ ਪੈੱਚ ਵਰਕ ਦਾ ਕੰਮ ਸ਼ੁਰੂ



**ਪਟਿਆਲਾ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀ.ਡੀ.ਏ. ਦੇ ਮੁੱਖ ਪ੍ਰਸ਼ਾਸ਼ਕ ਮਨੀਸ਼ਾ ਰਾਣਾ ਨੇ ਦੱਸਿਆ ਹੈ ਕਿ ਸੜਕਾਂ ਸਬੰਧੀ ਅਰਬਨ ਅਸਟੇਟ ਦੇ ਵਸਨੀਕਾਂ ਨੂੰ ਦਰਪੇਸ਼ ਮੁਸ਼ਕਲਾਂ ਦੇ ਮੱਦੇਨਜ਼ਰ ਅਰਬਨ ਅਸਟੇਟ ਫੇਜ਼-2 ਵਿਖੇ ਸੜਕਾਂ ਉਪਰ ਪੈੱਚ ਵਰਕ ਦਾ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਇਹ ਕੰਮ ਜਲਦ ਤੋਂ ਜਲਦ ਸਬੰਧਤ ਠੇਕੇਦਾਰ ਵਲੋਂ ਪੂਰਾ ਕਰਨ ਦੇ ਨਿਰਦੇਸ਼ਾਂ ਦਿੱਤੇ ਗਏ ਹਨ।

ਮਨੀਸ਼ਾ ਰਾਣਾ ਨੇ ਦੱਸਿਆ ਕਿ ਇਸ ਤੋਂ ਇਲਾਵਾ ਅਰਬਨ ਅਸਟੇਟ ਫੇਜ਼-1,2,3 ਅਤੇ 26.76 ਏਕੜ ਸਕੀਮ, ਪਟਿਆਲਾ ਦੀਆਂ ਸਾਰੀਆਂ ਅੰਦਰੂਨੀ ਸੜਕਾਂ (ਜਿਨ੍ਹਾਂ ਦੀ ਰੀ-ਕਾਰਪੇਟਿੰਗ ਹੋਣ ਵਾਲੀ ਬਾਕੀ ਹੈ) ਨੂੰ ਰੀ-ਕਾਰਪੇਟ ਕਰਨ ਦੇ ਟੈਂਡਰ ਪੀ.ਡੀ.ਏ./ਪੁੱਡਾ ਦਫਤਰ ਵਲੋਂ ਆਨ-ਲਾਈਨ ਲਗਾ ਦਿੱਤੇ ਗਏ ਹਨ, ਜੋ ਕਿ ਟੈਂਡਰਿੰਗ ਪ੍ਰਕਿਰਿਆ ਪੂਰਾ ਹੋਣ ਉਪਰੰਤ ਯੋਗ ਠੇਕੇਦਾਰ/ਏਜੰਸੀ ਨੂੰ ਅਲਾਟ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਸਾਰਾ ਕੰਮ ਵੀ ਜਲਦ ਤੋਂ ਜਲਦ ਸ਼ੁਰੂ ਕਰਵਾ ਦਿੱਤਾ ਜਾਵੇਗਾ ਤੇ ਲੋਕਾਂ ਦੀਆਂ ਸੜਕਾਂ ਬਾਰੇ ਸ਼ਿਕਾਇਤਾਂ ਦਾ ਵੀ ਨਿਪਟਾਰਾ ਕਰ ਦਿੱਤਾ ਜਾਵੇਗਾ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਮਿਲੀ ਸਫ਼ਲਤਾ ਪਟਿਆਲਾ ਪੁਲਿਸ ਨੇ 2500 ਤੋਂ ਜਿਆਦਾ ਲੋਕਾਂ ਨੂੰ ਨਸ਼ਾ ਮੁਕਤੀ ਦੇ ਰਾਹ 'ਤੇ ਤੋਰਿਆ : ਵਰੁਣ ਸ਼ਰਮਾ

**➢ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੇ ਲੋਕਾਂ ਦਾ ਵਿਸ਼ਵਾਸ਼ ਜਿੱਤਿਆ ➢ 16 ਨਸ਼ਾ ਤਸਕਰਾਂ ਦੀ 6 ਕਰੋੜ ਰੁਪਏ ਦੀ ਜਾਇਦਾਦ ਜਬਤ, 5 ਵੱਡੀਆਂ ਮੱਛੀਆਂ ਕੀਤੀਆਂ ਕਾਬੂ**





ਪਟਿਆਲਾ ਦੇ ਐਸ.ਐਸ.ਪੀ. ਵਰੁਣ ਸ਼ਰਮਾ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ। ਉਨ੍ਹਾਂ ਦੇ ਨਾਲ ਐਸ.ਪੀ. ਸਿਟੀ ਪਲਵਿੰਦਰ ਸਿੰਘ ਚੀਮਾ ਤੇ ਐਸ.ਪੀ. ਜਾਂਚ ਗੁਰਬੰਸ ਸਿੰਘ ਬੈਂਸ ਵੀ ਨਜ਼ਰ ਆ ਰਹੇ ਹਨ।

**ਪਟਿਆਲਾ, 4 ਅਕਤੂਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਪੁਲਿਸ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵੱਡੀ ਸਫ਼ਲਤਾ ਹਾਸਲ ਕਰਦਿਆਂ 500 ਤੋਂ ਜ਼ਿਆਦਾ ਨਸ਼ੇ ਦੇ ਆਦੀਆਂ ਨੂੰ ਨਸ਼ਾ ਮੁਕਤੀ ਕੇਂਦਰਾਂ ਵਿੱਚ ਦਾਖਲ ਕਰਵਾਕੇ ਨਸ਼ਾ ਮੁਕਤੀ ਦੇ ਰਾਹ ਤੋਰਿਆ ਹੈ ਅਤੇ 2000 ਤੋਂ ਜਿਆਦਾ ਨਸ਼ੇ ਦੇ ਆਦੀਆਂ ਦਾ ਓਟ ਸੈਂਟਰਾਂ 'ਚ ਇਲਾਜ ਸ਼ੁਰੂ ਕਰਵਾਇਆ ਹੈ।ਇਹ ਪ੍ਰਗਟਾਵਾ ਜ਼ਿਲ੍ਹਾ ਪੁਲਿਸ ਮੁਖੀ ਵਰੁਣ ਸਰਮਾ ਨੇ ਅੱਜ ਇੱਥੇ ਪੁਲਿਸ ਲਾਈਨ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪੁਲਿਸ ਵੱਲੋਂ ਜਿੱਥੇ ਨਸ਼ੇ ਦੇ ਆਦੀਆਂ ਨਾਲ ਸਦਭਾਵਨਾਂ ਦਿਖਾਉਂਦਿਆਂ ਉਨ੍ਹਾਂ ਦਾ ਇਲਾਜ ਕਰਵਾਇਆ ਰਿਹਾ ਹੈ, ਉਥੇ ਹੀ ਨਸ਼ਾ ਤਸਕਰਾਂ ਵਿਰੁੱਧ ਕੋਈ ਢਿੱਲ ਨਹੀਂ ਵਰਤੀ ਜਾ ਰਹੀ ਹੈ।

ਐਸ.ਐਸ.ਪੀ. ਨੇ ਦੱਸਿਆ ਕਿ ਇਹ ਪਟਿਆਲਾ ਪੁਲਿਸ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਪੁਲਿਸ ਮੁਖੀ ਗੌਰਵ ਯਾਦਵ ਦੀ ਅਗਵਾਈ ਹੇਠ ਨਸ਼ਿਆਂ ਵਿਰੁੱਧ ਪੁਰਜ਼ੋਰ ਕਾਰਵਾਈ ਕਰਦਿਆਂ ਨਸ਼ਿਆਂ ਦੀ ਸਪਲਾਈ ਚੇਨ ਤੋੜ ਦਿੱਤੀ ਹੈ ਅਤੇ ਸਤੰਬਰ ਮਹੀਨੇ 'ਚ 93 ਕੇਸ ਦਰਜ ਕੀਤੇ ਅਤੇ 100 ਨਸ਼ਾ ਤਸਕਰਾਂ ਨੂੰ ਸਲਾਖਾਂ ਪਿੱਛੇ ਸੁੱਟਿਆ ਹੈ। ਜਦੋਂ ਤੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸ਼ੁਰੂ ਹੋਈ ਹੈ, ਉਦੋਂ ਤੋਂ 16 ਨਸ਼ਾ ਤਸਕਰਾਂ ਦੀ ਕਰੀਬ 6 ਕਰੋੜ ਰੁਪਏ ਦੀ ਜਾਇਦਾਦ ਅਟੈਚ ਕਰਨ ਦੀ ਕਾਰਵਾਈ ਕੀਤੀ ਹੈ। ਜਦਕਿ 5 ਹੋਰ ਵੱਡੀਆਂ ਮੱਛੀਆਂ ਵਿਰੁੱਧ ਕਾਰਵਾਈ ਕਰਕੇ ਇਨ੍ਹਾਂ ਦੀ ਵੀ ਜਾਇਦਾਦ ਅਟੈਚ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਗਈ ਹੈ। ਵਰੁਣ ਸ਼ਰਮਾ ਨੇ ਅੱਗੇ ਦੱਸਿਆ ਕਿ ਪਟਿਆਲਾ ਪੁਲਿਸ ਦਾ ਨਸ਼ਿਆਂ ਦੇ ਤਸਕਰਾਂ ਨੂੰ ਸਜਾ ਦਿਵਾਉਣ ਦੀ ਦਰ 95 ਫੀਸਦੀ ਹੈ, ਜਿਸਤੋਂ ਸਾਡੀ ਤਫ਼ਤੀਸ਼ ਦੇ ਚੰਗੇ ਮਿਆਰ ਸਾਬਤ ਹੁੰਦੇ ਹਨ। ਉਨ੍ਹਾਂ ਕਿਹਾ ਕਿ ਸੇਫ਼ ਪੰਜਾਬ ਐਂਟੀ ਡਰੱਗ ਹੈਲਪਲਾਈਨ 97791-00200 'ਤੇ ਮਿਲੀਆਂ ਸੂਚਨਾਵਾਂ ਤਹਿਤ 250 ਮੁਕਦਮੇ ਦਰਜ ਕੀਤੇ ਗਏ ਹਨ। ਉਨ੍ਹਾਂ ਨੇ ਦੱਸਿਆ ਕਿ 1 ਜਨਵਰੀ ਤੋਂ 4 ਅਕਤੂਬਰ ਤੱਕ ਐਨਡੀਪੀਐਸ ਐਕਟ ਤਹਿਤ 781 ਕੇਸ ਦਰਜ ਕੀਤੇ ਤੇ 1065 ਨਸ਼ਾ ਤਸਕਰ ਕਾਬੂ ਕਰਕੇ ਵੱਡੀ ਮਾਤਰਾ 'ਚ ਨਸ਼ੀਲੇ ਪਦਾਰਥ ਬਰਾਮਦ ਕੀਤੇ ਹਨ ਤੇ 16,69,100 ਰੁਪਏ ਡਰੱਗ ਮਨੀ ਜਬਤ ਕੀਤੀ ਗਈ। ਇਸ ਤੋਂ ਬਿਨ੍ਹਾਂ ਆਬਕਾਰੀ ਐਕਟ ਤਹਿਤ 376 ਕੇਸ ਦਰਜ ਕੀਤੇ ਗਏ ਤੇ 406 ਜਣੇ ਗ੍ਰਿਫਤਾਰ ਕੀਤੇ ਗਏ। ਐਸ.ਐਸ.ਪੀ. ਨੇ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੇ ਲੋਕਾਂ ਦਾ ਵਿਸ਼ਵਾਸ਼ ਜਿੱਤਿਆ ਹੈ, ਭਰਵਾਂ ਸਾਥ ਇਸ ਮੁਹਿੰਮ ਨੂੰ ਮਿਲ ਰਿਹਾ ਹੈ, ਜਿਸ ਤਹਿਤ ਕਈ ਲੋਕਾਂ ਵੱਲੋਂ ਉਨ੍ਹਾਂ ਤੱਕ ਪਹੁੰਚ ਕਰਨ ਕਰਕੇ ਉਨ੍ਹਾਂ ਦੇ ਬੱਚੇ ਬੁਰੀ ਸੰਗਤ ਤੋਂ ਬਚਕੇ ਨਸ਼ਿਆਂ ਦੀ ਦਲਦਲ 'ਚੋਂ ਵਾਪਸ ਨਿਕਲ ਆਏ ਹਨ। ਲੋਕਾਂ ਦੇ ਇਸ ਮੁਹਿੰਮ 'ਚ ਜੁੜਨ ਕਰਕੇ ਹੁਣ ਇਹ ਮੁਹਿੰਮ ਜਨ ਮੁਹਿੰਮ ਬਣ ਚੁੱਕੀ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਐਸ.ਪੀ ਸਿਟੀ ਪਲਵਿੰਦਰ ਸਿੰਘ ਚੀਮਾ ਤੇ ਐਸ.ਪੀ ਜਾਂਚ ਗੁਰਬੰਸ ਸਿੰਘ ਬੈਂਸ ਵੀ ਮੌਜੂਦ ਸਨ।

# 2 ਅਕਤੂਬਰ ਨੂੰ ਪਾਤੜਾਂ ਵਿਖੇ ਰਾਵਣ, ਕੁੰਭਕਰਨ ਅਤੇ ਮੇਘਨਾਥ ਦੇ ਪੁਤਲੇ ਫੂਕੇ ਜਾਣਗੇ

**ਪਾਤੜਾਂ,4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਤੜਾਂ ਦੀ ਦੁਸਹਿਰਾ ਕਮੇਟੀ ਵੱਲੋਂ ਰਾਵਣ, ਕੁੰਭਕਰਨ ਅਤੇ ਮੇਘਨਾਥ ਦੇ ਪੁਤਲੇ 2 ਅਕਤੂਬਰ ਨੂੰ ਪਾਤੜਾਂ ਦੇ ਦੁਸਹਿਰਾ ਗਰਾਊਂਡ ਵਿੱਚ ਫੂਕੇ ਜਾਣਗੇ। ਇਸੇ ਦਿਨ ਸ਼ਾਮ ਵੇਲੇ ਪੰਜਾਬ ਦੇ ਪ੍ਰਸਿੱਧ ਲੋਕ ਗਾਇਕ ਆਪਣੇ ਸੁਰੀਲੇ ਗੀਤਾਂ ਨਾਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰਨਗੇ । ਪ੍ਰੈਸ ਨੂੰ ਇਹ ਜਾਣਕਾਰੀ ਦੁਸਹਿਰਾ ਕਮੇਟੀ ਦੇ ਪ੍ਰਧਾਨ ਆਸ਼ੂ ਪਟਵਾਰੀ ਨੇ ਦਿੱਤੀ ।

# ਦਵਾਈਆਂ ਅਤੇ ਇਲਾਜ ਦੇ ਇਤਰਾਜ਼ਯੋਗ ਇਸ਼ਤਿਹਾਰਾਂ ਦੀ ਸ਼ਿਕਾਇਤ ਲਈ ਈ-ਮੇਲ ਤੇ ਸੰਪਰਕ ਨੰਬਰ ਜਾਰੀ

**ਪਟਿਆਲਾ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ (ਜ) ਸਿਮਰਪ੍ਰੀਤ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਨਯੋਗ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਡਾਇਰੈਕਟਰ ਆਫ਼ ਆਯੁਰਵੈਦਾਂ - ਕਮ- ਸਟੇਟ ਲਾਇਸੈਂਸਿੰਗ ਅਥਾਰਟੀ ਵੱਲੋਂ ਡਰੱਗਜ਼ ਐਂਡ ਮੈਜਿਕ ਰਿਮੈਡੀਜ਼ (ਇਤਰਾਜ਼ਯੋਗ ਇਸ਼ਤਿਹਾਰਾਂ) ਐਕਟ, 1954 ਅਤੇ ਰੂਲਜ਼, 1955 ਅਧੀਨ ਨਵਾਂ ਪੱਤਰ ਜਾਰੀ ਕੀਤਾ ਗਿਆ ਹੈ।

ਇਸ ਪੱਤਰ 'ਚ ਦੱਸਿਆ ਗਿਆ ਹੈ ਕਿ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਸੁਣਨ ਲਈ ਸੂਬਾ ਪੱਧਰ 'ਤੇ ਸ਼ਿਕਾਇਤ ਨਿਵਾਰਨ ਪ੍ਰਣਾਲੀ ਸਥਾਪਿਤ ਕੀਤੀ ਗਈ ਹੈ। ਕੋਈ ਵੀ ਨਾਗਰਿਕ ਡਰੱਗਜ਼ ਐਂਡ ਮੈਜਿਕ ਰਿਮੈਡੀਜ਼ ਸਬੰਧੀ ਜਾਰੀ ਇਸ਼ਤਿਹਾਰ ਸਬੰਧੀ ਆਪਣੀ ਸ਼ਿਕਾਇਤ ਦਰਜ ਕਰਵਾਉਣ ਲਈ dmraypb@gmail.com 'ਤੇ ਈਮੇਲ ਭੇਜ ਸਕਦਾ ਹੈ ਜਾਂ 0172-2743708 ਨੰਬਰ 'ਤੇ ਫ਼ੋਨ 'ਤੇ ਸ਼ਿਕਾਇਤ ਦਰਜ਼ ਕਰਵਾਈ ਜਾ ਸਕਦੀ ਹੈ। ਏ.ਡੀ.ਸੀ. ਸਿਮਰਪ੍ਰੀਤ ਨੇ ਹੋਰ ਦੱਸਿਆ ਕਿ ਕਾਨੂੰਨ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣ ਅਤੇ ਲੋਕ ਹਿੱਤਾਂ ਦੀ ਰੱਖਿਆ ਲਈ ਇਹ ਕਦਮ ਚੁੱਕਿਆ ਗਿਆ ਹੈ। ਉਨ੍ਹਾਂ ਨੇ ਜਨਤਾ ਨੂੰ ਅਪੀਲ ਕੀਤੀ ਕਿ ਉਹ ਸਾਵਧਾਨ ਰਹਿਣ ਅਤੇ ਦਵਾਈਆਂ ਜਾਂ ਇਲਾਜਾਂ ਨਾਲ ਸੰਬੰਧਤ ਕਿਸੇ ਵੀ ਤਰ੍ਹਾਂ ਦਾ ਭਰਮ ਪੈਦਾ ਕਰਨ ਵਾਲੇ ਇਸ਼ਤਿਹਾਰ ਬਾਰੇ ਤੁਰੰਤ ਸ਼ਿਕਾਇਤ ਕੀਤੀ ਜਾਵੇ ਤਾਂ ਜੋ ਇਸ 'ਤੇ ਫੌਰੀ ਕਾਰਵਾਈ ਕੀਤੀ ਜਾ ਸਕੇ।

# ਹਨੂਮਾਨ ਨੇ ਫ਼ਲ-ਫ਼ਰੂਟ ਖਾ ਕੇ ਉਜਾੜੀ ਅਸ਼ੋਕ ਵਾਟੀਕਾ, ਲੰਕਾ ਨੂੰ ਲਾਈ ਅੱਗ

**ਨਾਭਾ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸ੍ਰੀ ਮਹਾ ਲਕਸ਼ਮੀ ਰਾਮ ਲੀਲਾ ਕਲੱਬ ਰਜਿ: ਪੁਰਾਨਾ ਹਾਈਕੋਰਟ ਨਾਭਾ ਵੱਲੋਂ ਮਹੰਤ ਕਾਲਾ ਦਾਸ ਅਤੇ ਵਿਜੇ ਕੁਮਾਰ ਸ਼ਰਮਾ ਦੀ ਪ੍ਰਧਾਨਗੀ ਹੇਠ ਖੇਡੀ ਜਾ ਰਹੀ ਰਾਮਲੀਲਾ ਨੇ ਦਰਸ਼ਕਾਂ ਦਾ ਮਨ ਮੋਹ ਲਿਆ ਹੈ। ਸੈਂਕੜਿਆਂ ਦੀ ਗਿਣਤੀ 'ਚ ਦਰਸ਼ਕ ਰਾਮਲੀਲਾ ਦੇਖਣ ਲਈ ਪੰਡਾਲ 'ਚ ਪਹੁੰਚ ਰਹੇ ਹਨ, ਬੀਤੀ ਰਾਤ ਰਾਮਲੀਲਾ ਮੰਚ ਤੇ ਅਸ਼ੋਕ ਵਾਟਿਕਾ ਦਾ ਦ੍ਰਿਸ਼ ਦਿਖਾਇਆ ਗਿਆ, ਹਨੂਮਾਨ ਸ੍ਰੀ ਰਾਮ ਦਾ ਸੰਦੇਸ਼ ਲੈ ਕੇ ਸੀਤਾ ਮਾਤਾ ਦੀ ਭਾਲ 'ਚ ਅਸ਼ੋਕ ਵਾਟਿਕਾ ਪਹੁੰਚੇ, ਸੀਤਾ ਜੀ ਨੂੰ ਨਿਸ਼ਾਨੀ ਵਜੋਂ ਰਾਮ ਦੀ ਅੰਗੂਠੀ ਭੇਂਟ ਕੀਤੀ, ਸੀਤਾ ਨੇ ਹਨੂਮਾਨ ਜੀ ਨੂੰ ਚੂੜਾਮਨੀ ਦਿੱਤੀ। ਹਨੂਮਾਨ ਨੂੰ ਭੁੱਖ ਲੱਗੀ ਤੇ ਉਸ ਨੇ ਅਸ਼ੋਕ ਵਾਟਿਕਾ 'ਚ ਲੱਗੇ ਫਲ ਫਰੂਟ ਖਾਧੇ, ਅਸ਼ੋਕ ਵਾਟਿਕਾ 'ਚ ਲੱਗੇ ਸੇਬ, ਕੇਲੇ, ਅਮਰੂਦ, ਅੰਬ ਅਤੇ ਹੋਰ ਫ਼ਲਦਾਰ ਦਰਖ਼ਤ ਜੜ ਤੋਂ ਪੱਟ ਦਿੱਤੇ। ਰਾਵਣ ਨੇ ਇਸ ਵਾਨਰ ਨੂੰ ਪਕੜਨ ਲਈ ਆਪਣੇ ਪੁੱਤਰ ਅਕਸ਼ੇ ਕੁਮਾਰ ਨੂੰ ਭੇਜਿਆ ਹਨੂਮਾਨ ਨੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ, ਇਸ ਤੋਂ ਤਿਲ ਮਿਲਾ ਉਠੇ ਰਾਵਣ ਨੇ ਇਸ ਵਾਰ ਆਪਣੇ ਪੁੱਤਰ ਇੰਦਰਜੀਤ (ਮੇਘਨਾਥ) ਨੂੰ ਭੇਜਿਆ ਇੰਦਰਜੀਤ ਨੇ ਆਪਣੀ ਵੈਦਿਕ ਸ਼ਕਤੀ ਨਾਲ ਬ੍ਰਹਮ ਅਸਤਰ ਦਾ ਇਸਤੇਮਾਲ ਕਰ ਕੇ ਹਨੂਮਾਨ ਨੂੰ ਬੰਦੀ ਬਣਾ ਲਿਆ ਅਤੇ ਮਹਾਰਾਜਾ ਰਾਵਣ ਦੇ ਦਰਬਾਰ 'ਚ ਲੈ ਗਿਆ ਰਾਵਣ ਨੇ ਸੇਨਾਪਤੀਆਂ ਨੂੰ ਹੁਕਮ ਦਿੱਤਾ ਕਿ ਇਸ ਵਾਨਰ ਦੀ ਪੂੰਛ ਨੂੰ ਅੱਗ ਲਗਾ ਦਿੱਤੀ ਜਾਵੇ ਹਨੂਮਾਨ ਨੇ ਜਲੀ ਹੋਈ ਪੂੰਛ ਨਾਲ ਸੋਨੇ ਦੀ ਲੰਕਾ ਅੱਗ ਲਗਾਕੇ ਸਾੜ ਦਿੱਤੀ। ਮੰਚ ਦਾ ਸੰਚਾਲਨ ਸੰਜੀਵ ਕੁਮਾਰ ਸੰਜੂ ਕਰ ਰਹੇ ਹਨ।

# 2027 ਦੇ ਇਲੈਕਸ਼ਨ ਵਿੱਚ ਸਰਕਾਰੇ ਖਾਲਸਾ ਬਣਾ ਕੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਮੁੱਖ ਮੰਤਰੀ ਬਣਾਵਾਂਗੇ : ਬਿੱਟੂ ਚੋਹਾਨ



**ਮਲੇਰਕੋਟਲਾ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਜਿਲਾ ਸੰਗਰੂਰ ਦੀਆਂ ਨਿਯੁਕਤੀਆਂ ਤੋਂ ਬਾਅਦ ਸ੍ਰ ਜਸਕਰਨ ਸਿੰਘ ਕਾਹਨਸਿੰਘ ਵਾਲਾ ਪਾਰਟੀ ਦੇ ਮੁਖ ਬੁਲਾਰਾ ਅਤੇ 13 ਮੈਂਬਰੀ ਕਮੇਟੀ ਦੇ ਮੈਂਬਰ ਉਹਨਾਂ ਦੇ ਨਾਲ ਬਲਜਿੰਦਰ ਸਿੰਘ ਲਸੋਈ ਅਬਜਰਵਰ ਜ਼ਿਲ੍ਹਾ ਸੰਗਰੂਰ ਮਹਿੰਦਰ ਸਿੰਘ ਜੀ ਬਾਜਵਾ ਅਤੇ ਰਿਟਾਇਰਡ ਪੁਲਿਸ ਅਫਸਰ ਅਮਰੀਕ ਸਿੰਘ ਜੀ ਛੀਨਾ ਜਲੰਧਰ ਸੀਨੀਅਰ ਆਗੂ ਵਾਪਸ ਆਉਂਦੇ ਹੋਏ ਦਾਸ ਹਾਜੀ ਅਨਵਾਰ ਅਹਿਮਦ ਬਿੱਟੂ ਚੌਹਾਨ ਮਲੇਰਕੋਟਲਾ ਦੇ ਘਰ ਪਹੁੰਚੇ ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਦੀ ਚੜਦੀ ਕਲਾ ਵਾਸਤੇ ਬਹੁਤ ਗੰਭੀਰਤਾ ਦੇ ਨਾਲ ਕੀਤੀਆਂ ਗਈਆਂ ਵਿਚਾਰਾਂ ਅਤੇ ਜੋ ਮੁਸਲਮਾਨ ਭਰਾਵਾਂ ਨੇ ਕੋਨੇ-ਕੋਨੇ ਤੋਂ ਖਾਸ ਕਰਕੇ ਮਲੇਰਕੋਟਲਾ ਵਿੱਚੋਂ ਹੜ ਪੀੜਤਾਂ ਵਾਸਤੇ ਮਦਦ ਕਰਨ ਵਾਲੇ ਦੀ ਉਹਨਾਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਉਨ੍ਹਾਂ ਆਸ ਪ੍ਰਗਟ ਕੀਤੀ ਕਿ ਜਿਸ ਤਰ੍ਹਾਂ ਮੁਸਲਮਾਨ ਕੌਮ ਸਿੱਖ ਕੌਮ ਨਾਲ ਖੜਦੀ ਆਈ ਹੈ ਓਸੇ ਤਰ੍ਹਾਂ ਅੱਗੇ ਤੋਂ ਵੀ ਖੜਦੀ ਰਹੇਗੀ ।

ਹਾਜੀ ਅਨਵਾਰ ਅਹਿਮਦ ਬਿੱਟੂ ਚੌਹਾਨ ਨੇ ਕਾਹਨਸਿੰਘ ਵਾਲਾ ਜੀ ਨੂੰ ਵਿਸ਼ਵਾਸ ਦਵਾਇਆ ਕਿ ਜਿਸ ਤਰ੍ਹਾਂ ਸ਼ੇਰ ਮੁਹੰਮਦ ਖਾਂ ਮਲੇਰਕੋਟਲਾ ਦੀ ਪਵਿੱਤਰ ਧਰਤੀ ਤੋਂ ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਦੇ ਹਰ ਪ੍ਰੋਗਰਾਮ ਵਿੱਚ ਹਿੱਸਾ ਲੈਂਦੇ ਹਾਂ ਅੱਗੇ ਤੋਂ ਵੀ ਪਾਰਟੀ ਦੀ ਚੜਦੀ ਕਲਾ ਵਾਸਤੇ ਦਿਨ ਰਾਤ ਇੱਕ ਕਰ ਦੇਵਾਂਗੇ ਅਤੇ 2027 ਵਿੱਚ ਸਰਕਾਰੇ ਖਾਲਸਾ ਬਣਾ ਕੇ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਨੂੰ ਮੁੱਖ ਮੰਤਰੀ ਬਣਾਵਾਂਗੇ।

# ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਜ਼ਿਲ੍ਹਾ ਮਾਨਸਾ ਦੀ ਸਬ-ਕਮੇਟੀ ਦਾ ਗਠਨ

**ਬਠਿੰਡਾ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਜ਼ਿਲ੍ਹਾ ਮਾਨਸਾ ਦੀ ਸਬ ਕਮੇਟੀ ਦਾ ਗਠਨ ਕੀਤਾ ਗਿਆ ਹੈ। ਜਾਣਕਾਰੀ ਦਿੰਦਿਆਂ ਪੀਸੀਏ ਦੇ ਪ੍ਰਧਾਨ ਸ਼੍ਰੀ ਅਮਰਜੀਤ ਮਹਿਤਾ ਨੇ ਦੱਸਿਆ ਕਿ ਪੀਸੀਏ ਦੇ ਲੋਕਪਾਲ-ਕਮ-ਨੈਤਿਕਤਾ ਅਧਿਕਾਰੀ ਨੇ ਮਾਨਸਾ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਨੂੰ ਪੀਸੀਏ ਦੀ ਮੈਂਬਰਸ਼ਿਪ ਤੋਂ ਵੱਖ ਕਰ ਦਿੱਤਾ ਹੈ।

ਪੀਸੀਏ ਹਾਈਕਮਾਂਡ ਨੇ ਪੀਸੀਏ ਪ੍ਰਧਾਨ ਨੂੰ ਖਿਡਾਰੀਆਂ ਦੇ ਹਿੱਤਾਂ ਦੀ ਰਾਖੀ ਅਤੇ ਖੇਤਰ ਵਿੱਚ ਕ੍ਰਿਕਟ ਨੂੰ ਉਤਸ਼ਾਹਿਤ ਕਰਨ ਲਈ ਮਾਨਸਾ ਜ਼ਿਲ੍ਹੇ ਲਈ ਇੱਕ ਸਬ-ਕਮੇਟੀ ਦੇ ਗਠਨ ਦਾ ਅਧਿਕਾਰ ਦਿੱਤਾ ਸੀ।

ਸ਼੍ਰੀ ਅਮਰਜੀਤ ਮਹਿਤਾ ਨੇ ਦੱਸਿਆ ਕਿ ਹਾਈਕਮਾਂਡ ਦੇ ਫੈਸਲੇ ਅਨੁਸਾਰ, ਜ਼ਿਲ੍ਹਾ ਮਾਨਸਾ ਦੇ ਕ੍ਰਿਕਟ ਮਾਮਲਿਆਂ ਦੀ ਨਿਗਰਾਨੀ, ਨਿਰੀਖਣ ਅਤੇ ਸੰਚਾਲਨ ਲਈ ਸਬ-ਕਮੇਟੀ ਦਾ ਗਠਨ ਕਰਦਿਆਂ ਸ਼੍ਰੀ ਰੋਹਿਤ ਸ਼ਰਮਾ, ਸ਼੍ਰੀ ਬੀਰਦਵਿੰਦਰ ਸਿੰਘ ਨੱਤ, ਸ਼੍ਰੀ ਕਮਲ ਅਰੋੜਾ, ਸ਼੍ਰੀ ਗੌਰਵ ਧਾਲੀਵਾਲ, ਸ਼੍ਰੀ ਗੁਰਵਰਧਨ ਸਿੰਘ ਨੂੰ ਮੈਂਬਰ ਨਿਯੁਕਤ ਕੀਤਾ ਗਿਆ ਹੈ।

ਪ੍ਰੈੱਸ ਰਲੀਜ਼ ਜਾਰੀ ਕਰਦਿਆਂ ਪੀਸੀਏ ਪ੍ਰਧਾਨ ਸ਼੍ਰੀ ਅਮਰਜੀਤ ਮਹਿਤਾ ਨੇ ਕਿਹਾ ਕਿ ਪੰਜਾਬ ਕ੍ਰਿਕਟ ਐਸੋਸੀਏਸ਼ਨ ਇਹ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਕਿ ਜ਼ਿਲ੍ਹਾ ਮਾਨਸਾ ਵਿੱਚ ਕ੍ਰਿਕਟ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਜ਼ਬੂਤ ਹੋਵੇ ਅਤੇ ਸਬ-ਕਮੇਟੀ ਨਾ ਸਿਰਫ਼ ਕ੍ਰਿਕਟ ਗਤੀਵਿਧੀਆਂ ਨੂੰ ਸੁਚਾਰੂ ਬਣਾਏਗੀ, ਬਲਕਿ ਨੌਜਵਾਨਾਂ ਅਤੇ ਉਭਰਦੇ ਖਿਡਾਰੀਆਂ ਨੂੰ ਮੌਕੇ ਪ੍ਰਦਾਨ ਕਰਨ 'ਤੇ ਵੀ ਧਿਆਨ ਦੇਵੇਗੀ। ਸ਼੍ਰੀ ਮਹਿਤਾ ਨੇ ਕਿਹਾ ਕਿ ਪੀਸੀਏ ਦਾ ਉਦੇਸ਼ ਇੱਕ ਮਜ਼ਬੂਤ ਪਲੇਟਫਾਰਮ ਬਣਾਉਣਾ ਹੈ, ਤਾਂ ਜੋ ਮਾਨਸਾ ਦੇ ਖਿਡਾਰੀਆਂ ਨੂੰ ਉੱਚ ਪੱਧਰਾਂ 'ਤੇ ਪੀਸੀਏ ਦੀ ਨੁਮਾਇੰਦਗੀ ਕਰਨ ਦੇ ਨਾਲ ਨਾਲ ਐਕਸਪੋਜ਼ਰ, ਢੁਕਵੀਆਂ ਸਹੂਲਤਾਂ ਅਤੇ ਨਿਰਪੱਖ ਮੌਕੇ ਮਿਲ ਸਕਣ।

ਪੀਸੀਏ ਪ੍ਰਧਾਨ ਨੇ ਕਿਹਾ ਕਿ ਸਭ ਕਮੇਟੀ ਕ੍ਰਿਕਟ ਗਤੀਵਿਧੀਆਂ ਦੇ ਸੁਚਾਰੂ ਸੰਚਾਲਨ ਨੂੰ ਯਕੀਨੀ ਬਣਾਉਣ ਤੇ ਜ਼ਿਲ੍ਹਾ ਮਾਨਸਾ ਵਿੱਚ ਕ੍ਰਿਕਟ ਦੇ ਵਿਕਾਸ ਅਤੇ ਪੀਸੀਏ ਸਟੇਟ ਟੂਰਨਾਮੈਂਟਾਂ ਵਿੱਚ ਜ਼ਿਲ੍ਹਾ ਟੀਮ ਦੀ ਭਾਗੀਦਾਰੀ ਹਿੱਤ ਜ਼ਰੂਰੀ ਸਹਾਇਤਾ ਪ੍ਰਦਾਨ ਕਰਨ ਲਈ ਤੁਰੰਤ ਪ੍ਰਭਾਵ ਨਾਲ ਕੰਮ ਕਰੇਗੀ।

# ਬੇਟੀਆਂ ਦੇਵੀ ਦਾ ਰੂਪ-ਅਸ਼ਟਮੀ 'ਤੇ ਅਨਮੋਲ ਮੁਸਕਾਨ ਟਰੱਸਟ ਵੱਲੋਂ 21 ਕੰਜ਼ਕਾਂ ਦਾ ਸਤਿਕਾਰ

**ਖਰੜ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਅਸ਼ਟਮੀ ਦੇ ਪਾਵਨ ਤੇ ਸ਼ੁਭ ਦਿਵਸ ਨੂੰ ਮਨਾਉਂਦੇ ਹੋਏ ਅਨਮੋਲ ਮੁਸਕਾਨ ਕਨਤੀ ਪਤਨੀ ਦੀਪ ਸਿੰਘ ਚੈਰੀਟੇਬਲ ਟਰੱਸਟ ਵੱਲੋਂ 21 ਨਿੱਕੀਆਂ ਕਜ਼ਕਾਂ ਦਾ ਪੂਰੇ ਸਨਮਾਨ ਰਸਮ-ਰਿਵਾਜਾਂ ਅਨੁਸਾਰ ਕੀਤਾ ਗਿਆ।

ਟਰੱਸਟ ਵੱਲੋਂ ਕਜ਼ਕਾਂ ਨੂੰ ਲਾਲ ਰੰਗਦਾਰ ਗੋਟੇ ਦੀਆਂ ਚੂੰਨੀਆਂ, ਸੁੰਦਰ ਹੇਅਰ ਬੈਂਡ, ਹੱਥਾਂ ਦੇ ਰੰਗੀਨ ਬਰੈਸਲੇਟ ਅਤੇ ਪ੍ਰਸ਼ਾਦ ਦੇ ਪੈਕੇਟ ਭੇਂਟ ਕੀਤੇ ਗਏ। ਇਹ ਪ੍ਰਤੀਕਾਤਮਕ ਸਨਮਾਨ ਬੇਟੀਆਂ ਪ੍ਰਤੀ ਸਤਿਕਾਰ, ਪਿਆਰ ਅਤੇ ਸ਼ਰਧਾ ਦਾ ਪ੍ਰਗਟਾਵਾ ਸੀ। ਟਰੱਸਟ ਦੀ ਪ੍ਰਧਾਨ ਸ੍ਰੀਮਤੀ ਅਮਰਜੀਤ ਕੌਰ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਬੇਟੀਆਂ ਸਿਰਫ ਪਰਿਵਾਰਾਂ ਦੀ ਸ਼ੋਭਾ ਨਹੀਂ, ਸਗੋਂ ਦੇਵੀ ਸਰੂਪ ਹਨ। ਅੱਜ ਦੇ ਦਿਨ ਇਨ੍ਹਾਂ ਦੀ ਪੂਜਾ ਕਰਕੇ ਅਸੀਂ ਸਦੀਵੀ ਭਾਰਤੀ ਸੰਸਕਾਰਾਂ ਨੂੰ ਜੀਵੰਤ ਰੱਖਦੇ ਹਾਂ। ਸਮਾਜ ਦਾ ਹਰ ਵਰਗ ਬੇਟੀਆਂ ਨੂੰ ਉਚਿਤ ਸਤਿਕਾਰ ਤੇ ਪਿਆਰ ਦੇਣ ਵਿੱਚ ਅੱਗੇ ਆਵੇ। ਸ੍ਰੀਮਤੀ ਅਮਰਜੀਤ ਕੌਰ ਨੇ ਇਹ ਵੀ ਜ਼ੋਰ ਦਿੱਤਾ ਕਿ ਸਮਾਜ ਵਿੱਚ ਬੇਟੀਆਂ ਦਾ ਮਾਣ ਸਿਰਫ ਰਸਮਾਂ ਤੱਕ ਸੀਮਿਤ ਨਾ ਰਹੇ, ਸਗੋਂ ਜੀਵਨ ਦੇ ਹਰ ਖੇਤਰ ਵਿੱਚ ਇਨ੍ਹਾਂ ਨੂੰ ਸਨਮਾਨ, ਸਮਾਨ ਅਧਿਕਾਰ ਅਤੇ ਮੌਕੇ ਮਿਲਣੇ ਚਾਹੀਦੇ ਹਨ।

# ਰਾਗ ਨਾਦ ਸਬਦਿ ਸੋਹਣੇ 30

ਇਕਵਾਕ ਸਿੰਘ ਪੱਟੀ

ਮਾਨਵਤਾ ਦੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀ ਰਾਗ ਮੁਕਤ ਵੀ ਹੈ ਪਰ ਜ਼ਿਆਦਾਤਰ ਬਾਣੀ ਰਾਗਾਂ ਦੇ ਅਧੀਨ ਹੈ। ਸਭ ਤੋਂ ਸ੍ਰੇਸ਼ਟ ਰਾਗ ਬਾਰੇ ਗੁਰੂ ਰਾਮਦਾਸ ਜੀ ਫ਼ੁਰਮਾਉਂਦੇ ਹਨ, 'ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥' ਭਾਵ ਉਹੀ ਰਾਗ ਸਫ਼ਲ ਹੈ ਜਿਸ ਨੂੰ ਸੁਣਦਿਆਂ-ਪੜ੍ਹਦਿਆਂ, ਗਾਉਂਦਿਆਂ ਹੋਇਆਂ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਚੇਤੇ ਆ ਜਾਵੇ। ਅੱਜ ਜਾਣਦੇ ਹਾਂ ਗੁਰੂ ਸਾਹਿਬ ਵੱਲੋਂ ਉਚਾਰੇ 31 ਰਾਗਾਂ ਵਿੱਚੋਂ 30ਵੇਂ ਸਥਾਨ 'ਤੇ ਆਉਣ ਵਾਲੇ ਰਾਗ 'ਪ੍ਰਭਾਤੀ' ਬਾਰੇ...



## ਰਾਗ ਪ੍ਰਭਾਤੀ

ਰਾਗ ਪ੍ਰਭਾਤੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ 'ਚ 30ਵੇਂ ਸਥਾਨ ਦਾ ਮਹੱਤਵਪੂਰਨ ਰਾਗ ਹੈ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਵੱਲੋਂ 'ਆਦਿ ਗ੍ਰੰਥ' ਦੀ ਸੰਪਾਦਨਾ ਵੇਲੇ ਇਹ ਰਾਗ ਸਭ ਤੋਂ ਅੰਤਮ ਤੀਹਵੇਂ ਸਥਾਨ 'ਤੇ ਦਰਜ ਕੀਤਾ ਗਿਆ ਮੁੱਖ ਰਾਗ ਹੈ। ਕਿਉਂਕਿ ਇਕੱਤੀਵਾਂ ਰਾਗ ਜੈਜਾਵੰਤੀ ਗੁਰੂ ਗਬਿੰਦ ਸਿੰਘ ਜੀ ਵੱਲੋਂ ਗੁਰੂ ਗ੍ਰੰਥ ਸਾਹਿਬ 'ਚ ਸ਼ਾਮਲ ਕੀਤਾ ਗਿਆ ਸੀ, ਜੋ ਪੰਨਾ ਨੰਬਰ 1327 ਤੋਂ ਲੈ ਕੇ 1351 ਤਕ ਦਰਜ ਹੈ। ਭਗਤੀ ਭਾਵ ਨਾਲ ਇਸ ਰਾਗ ਦਾ ਗਾਇਨ ਕਰਨ ਨਾਲ ਸਕੂਨ ਤੇ ਆਨੰਦ ਮਿਲਦਾ ਹੈ। ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਨੇ ਬਾਣੀ ਉਚਾਰਣ ਕੀਤੀ ਹੈ। ਭਗਤ ਸਾਹਿਬਾਨਾਂ ਵਿੱਚੋਂ ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਬੇਣੀ ਜੀ ਦੀ ਬਾਣੀ ਉਕਤ ਰਾਗ ਦੇ ਅੰਤਰਗਤ ਸ਼ਾਮਲ ਹੈ। ਗੁਰੂ ਗ੍ਰੰਥ ਸਾਹਿਬ 'ਚ ਰਾਗ ਪ੍ਰਭਾਤੀ ਦੇ ਤਿੰਨ ਹੋਰ ਰੂਪ 'ਪ੍ਰਭਾਤੀ ਬਿਭਾਸ', 'ਪ੍ਰਭਾਤੀ ਦਖਣੀ', 'ਬਿਭਾਸ ਪ੍ਰਭਾਤੀ' ਵੀ ਸ਼ਾਮਲ ਹਨ। 'ਪ੍ਰਭਾਤੀ ਬਿਭਾਸ ਪੜਤਾਲ ਮਹਲਾ 4 ਪੜਤਾਲ' ਅਤੇ 'ਪ੍ਰਭਾਤੀ ਮਹਲਾ 5 ਬਿਭਾਸ ਪੜਤਾਲ' ਸਿਰਲੇਖਾਂ ਹੇਠ ਬਾਣੀ ਦਰਜ ਹੈ। ਜਿਵੇਂ ਕਿ ਨਾਂ ਤੋਂ ਹੀ ਸਪਸ਼ਟ ਹੈ ਕਿ ਇਹ ਰਾਗ ਪ੍ਰਭਾਤ ਵੇਲੇ ਗਾਉਣ ਦਾ ਵਿਧਾਨ ਹੈ।

ਇਤਿਹਾਸਕ ਅਤੇ ਸੰਗੀਤਕ ਪੱਖ ਤੋਂ ਰਾਗ ਪ੍ਰਭਾਤੀ ਦਾ ਭਾਰਤੀ ਸੰਗੀਤ ਗ੍ਰੰਥਾਂ ਵਿਚ ਜ਼ਿਕਰ ਨਹੀਂ ਮਿਲਦਾ ਹੈ। ਇਹ ਗੁਰਮਤਿ ਸੰਗੀਤ ਰਾਹੀਂ ਉਜਾਗਰ ਹੋਏ ਰਾਗਾਂ ਦੀ ਲੜੀ ਦਾ ਇਕ ਅਹਿਮ ਰਾਗ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, 'ਇਹ ਭੈਰਵ ਥਾਟ ਦੀ ਸੰਪੂਰਣ ਜਾਤੀ ਹੈ। ਇਸ 'ਚ ਸੜਜ ਗੰਧਾਰ, ਮੱਧਮ ਪੰਚਮ ਤੇ ਨਿਸ਼ਾਧ ਸ਼ੁੱਧ। ਰਿਸ਼ਭ ਅਤੇ ਧੈਵਤ ਕੋਮਲ ਹਨ। ਮੱਧਮ ਵਾਦੀ ਅਤੇ ਸੜਜ਼ ਸੰਵਾਦੀ ਹੈ। ਗ੍ਰਹ ਸੁਰ ਮੱਧਮ ਹੈ ਅਤੇ ਗਾਉਣ ਦਾ ਵੇਲਾ ਅੰਮ੍ਰਿਤ ਵੇਲਾ ਹੈ।' • 98150-24920

# ਬਾਣੀ ਗੁਰੂ ਗੁਰੂ ਹੈ ਬਾਣੀ





ਧਰਮਿੰਦਰ ਸਿੰਘ ਚੱਬਾ



30 ਅਗਸਤ, ਸੰਪੂਰਨਤਾ ਦਿਵਸ 'ਤੇ

**ਸ੍ਰੀ ਗੁਰੂ ਗ੍ਰੰਥ ਸਾਹਿਬ ਕਲਯੁਗ ਵਿਚ ਚਾਨਣ-ਮੁਨਾਰਾ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਬਚਲ ਨਗਰ, ਸ੍ਰੀ ਹਜ਼ੂਰ ਸਾਹਿਬ, ਨੰਦੇੜ ਵਿਖੇ ਅਕਤੂਬਰ 1708 ਈਸਵੀ ਨੂੰ ਜੋਤੀ ਜੋਤ ਸਮਾਉਣ ਤੋਂ ਇਕ ਦਿਨ ਪਹਿਲਾਂ 'ਗ੍ਰੰਥ ਸਾਹਿਬ' ਨੂੰ 'ਗੁਰੂ' ਪਦਵੀ ਦਿੱਤੀ ਤੇ ਪੰਥ ਨੂੰ ਉਨ੍ਹਾਂ ਦੇ ਲੜ ਲਾਇਆ...**

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਸਹਿਬਾਨ, ਭਗਤਾਂ, ਮਹਾਂਪੁਰਸ਼ਾਂ, ਭੱਟਾਂ ਤੇ ਮਹਾਨ ਗੁਰਸਿੱਖਾਂ ਦੁਆਰਾ ਰਚੀ ਗਈ ਸਰਬ ਕਲਾ ਸਮਰੱਥ, ਜਗਦੀ ਜੋਤ, ਧੁਰ ਕੀ ਬਾਣੀ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਮਹਾਨ ਕਾਰਜ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਮਹਾਨ ਗੁਰਸਿੱਖ ਭਾਈ ਗੁਰਦਾਸ ਜੀ ਪਾਸੋਂ ਲਿਖਣ ਦੀ ਸੇਵਾ ਲੈ ਕੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਸੰਪੂਰਨ ਕੀਤਾ। ਇਹ ਮਹਾਨ ਕਾਰਜ ਦੇ ਸੰਪੂਰਨ ਹੋਣ 'ਤੇ ਆਦਿ ਗ੍ਰੰਥ ਪੋਥੀ ਸਾਹਿਬ ਦੀ ਪਾਵਨ ਬੀੜ ਨੂੰ ਭਾਦੋਂ ਸੁਦੀ ਪਹਿਲੀ, ਸੰਮਤ 1661 (1604 ਈ:) ਨੂੰ ਨਗਰ ਕੀਰਤਨ ਦੇ ਰੂਪ 'ਚ ਲਿਆ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹਿਲਾ ਪ੍ਰਕਾਸ਼ ਕੀਤਾ ਗਿਆ। ਪਹਿਲੇ ਹੈੱਡ ਗ੍ਰੰਥੀ ਬਾਬਾ ਬੁੱਢਾ ਜੀ ਨੂੰ ਥਾਪਿਆ ਗਿਆ ਤੇ ਜੋ ਪਹਿਲਾ ਮੁਖਵਾਕ ਆਇਆ ਉਹ ਸੀ, '*ਸੰਤਾ ਕੇ ਕਾਰਜ ਆਪ ਖਲੋਇਆ ਹਰਿ ਕੰਮ ਕਰਾਵਣ ਆਇਆ ਰਾਮ॥*'

ਗੁਰੂ ਗ੍ਰੰਥ ਸਾਹਿਬ ਵਿਚ ਛੇ ਗੁਰੂ ਸਾਹਿਬਾਨ, ਸ੍ਰੀ ਗੁਰੂ ਨਾਨਕ ਦੇਵ ਜੀ (1469-1539 ਈਸਵੀ) ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁੱਲ 974 ਛੰਦ ਹਨ ਤੇ 19 ਰਾਗਾਂ ਸਿਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਿਠ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ ਤੇ ਪ੍ਰਭਾਤੀ ਵਿਚ ਉਚਾਰੇ ਗਏ ਹਨ। ਸ੍ਰੀ ਗੁਰੂ ਅੰਗਦ ਦੇਵ ਜੀ (1504-1552 ਈਸਵੀ) ਦੇ ਕੁੱਲ 62 ਸਲੋਕ ਵਾਰਾਂ ਵਿਚ (ਕੋਈ ਰਾਗ ਨਹੀ) ਉਚਾਰੇ ਗਏ ਹਨ। ਸ੍ਰੀ ਗੁਰੂ ਅਮਰਦਾਸ ਜੀ (1479-1574 ਈਸਵੀ) ਦੇ ਕੁੱਲ ਛੰਦ 907 ਹਨ। ਉਨ੍ਹਾਂ ਨੇ 17 ਰਾਗ ਗੁਰੂ ਨਾਨਕ ਦੇਵ ਜੀ ਵਾਲੇ-ਤਿਲੰਗ ਤੇ ਤੁਖਾਰੀ ਨੂੰ ਛੱਡ ਕੇ ਵਰਤੇ ਹਨ। ਸ੍ਰੀ ਗੁਰੂ ਰਾਮਦਾਸ ਜੀ (1534-1581 ਈਸਵੀ) ਕੁੱਲ ਛੰਦ 679 ਹਨ। ਉਨ੍ਹਾਂ ਜੈਜਾਵੰਤੀ ਤੇ ਕੇਦਾਰਾ ਨੂੰ ਛੱਡ ਕੇ 29 ਰਾਗ ਵਰਤੇ। ਸ੍ਰੀ ਗੁਰੂ ਅਰਜਨ ਦੇਵ ਜੀ (1563-1606 ਈਸਵੀ) ਦੇ ਕੁੱਲ ਛੰਦ 2218 ਹਨ ਤੇ ਆਪ ਨੇ ਰਾਗ ਜੈਜਾਵੰਤੀ ਨੂੰ ਛੱਡ ਕੇ 30 ਰਾਗ ਵਰਤੇ ਹਨ। ਸ੍ਰੀ ਗੁਰੂ ਤੇਗ਼ ਬਹਾਦਰ ਜੀ (1621-1675 ਈਸਵੀ) ਦੇ ਕੁੱਲ ਛੰਦ 115 ਹਨ ਤੇ ਆਪ ਨੇ 15 ਰਾਗਾਂ ਗਉੜੀ, ਆਸਾ, ਗੂਜਰੀ, ਬਿਹਾਗੜਾ, ਸੋਰਿਠ, ਜੈਤਸਰੀ, ਧਨਾਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਸਾਰੰਗ ਤੇ ਜੈਜਾਵੰਤੀ, ਜੋ ਕੇਵਲ ਆਪ ਜੀ ਨੇ ਹੀ ਵਰਤਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ (1661-1708 ਈਸਵੀ) ਦਾ ਇੱਕੋ-ਇਕ ਦੋਹਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ, ਜੋ ਆਪ ਨੇ ਪਿਤਾ ਗੁਰੂ ਵੱਲੋਂ ਲਿਖੇ ਸਲੋਕ ਦੇ ਜਵਾਬ ਵਿਚ ਰਚਿਆ ਸੀ। ਇਹ ਦੋਹਰਾ ਨੌਂਵੇਂ ਪਾਤਸ਼ਾਹ ਦੇ ਸਲੋਕਾਂ ਵਿਚ ਦਰਜ ਹੈ, ਉੱਥੇ ਇਸ ਦੇ ਵੱਖਰਾ ਹੋਣ ਦਾ ਕੋਈ ਸੰਕੇਤ ਨਹੀ ਪਰ ਹੱਥ ਲਿਖਤ ਬੀੜਾਂ ਵਿਚ 'ਮਹਲਾ 10 ਜਾਂ ਪਾਤਸ਼ਾਹੀ 10' ਲਿਖ ਕੇ ਇਸ ਦੀ ਪੁਸ਼ਟੀ ਕੀਤੀ ਗਈ ਹੈ।

'ਸ੍ਰੀ ਗੁਰੂ ਗ੍ਰੰਥ ਪ੍ਰਕਾਸ਼' (ਲੇਖਕ 'ਪਿਆਰਾ ਸਿੰਘ ਪਦਮ') ਵਿਚ ਦਰਜ ਹੈ ਕਿ 15 ਭਗਤ, ਭਗਤ ਜੈ ਦੇਵ ਜੀ (1171-1204 ਈਸਵੀ) ਕੁੱਲ ਛੰਦ 2, ਜੋ ਗੂਜਰੀ ਤੇ ਮਾਰੂ ਰਾਗਾਂ ਵਿਚ ਉਚਾਰੇ ਗਏ ਹਨ, ਭਗਤ ਸ਼ੇਖ਼ ਫ਼ਰੀਦ ਜੀ (1175-1265 ਈਸਵੀ), 18 ਗੁਰੂਆਂ ਦੇ ਪਾ ਕੇ ਕੁੱਲ 134 ਛੰਦ ਆਸਾ ਤੇ ਸੂਹੀ ਰਾਗ ਵਿਚ ਉਚਾਰੇ ਗਏ ਹਨ। ਭਗਤ ਨਾਮਦੇਵ ਜੀ (1270-1350 ਈਸਵੀ) ਕੁੱਲ ਛੰਦ 60 ਜੋ 18 ਰਾਗਾਂ ਗਉੜੀ, ਆਸਾ, ਗੂਜਰੀ, ਸੋਰਿਠ, ਧਨਾਸਰੀ, ਟੋਡੀ, ਤਿਲੰਗ, ਬਿਲਾਵਲ, ਗੌਂਡ, ਰਾਮਕਲੀ, ਮਾਲੀ ਗਉੜਾ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ ਤੇ ਪ੍ਰਭਾਤੀ ਵਿਚ ਉਚਾਰੀ ਗਈ ਹੈ। ਭਗਤ ਤ੍ਰਿਲੋਚਨ ਜੀ (1267-1335 ਈਸਵੀ) ਕੁੱਲ ਛੰਦ 4, ਜੋ ਸਿਰੀ, ਗੂਜਰੀ ਤੇ ਪ੍ਰਭਾਤੀ ਰਾਗਾਂ ਵਿਚ ਉਚਾਰੇ ਗਏ ਹਨ। ਭਗਤ ਬੇਣੀ ਜੀ (14ਵੀਂ ਸਦੀ) ਕੁੱਲ 3 ਛੰਦ, ਜੋ ਸਿਰੀ, ਰਾਮਕਲੀ ਤੇ ਪ੍ਰਭਾਤੀ ਰਾਗ 'ਚ ਉਚਾਰੇ ਗਏ ਹਨ। ਭਗਤ ਸੈਣ ਜੀ (1390-1440 ਈਸਵੀ) 1 ਛੰਦ, ਧਨਾਸਰੀ ਰਾਗ ਵਿਚ, ਭਗਤ ਧੰਨਾ ਜੀ (15ਵੀਂ ਸਦੀ) 4 ਛੰਦ, ਆਸਾ ਤੇ ਧਨਾਸਰੀ ਰਾਗ ਵਿਚ, ਭਗਤ ਭੀਖਨ ਜੀ (1480-1573 ਈਸਵੀ) 2 ਛੰਦ ਸੋਰਿਠ ਰਾਗ ਵਿਚ, ਭਗਤ ਪੀਪਾ ਜੀ (1408-1468 ਈਸਵੀ) 1 ਛੰਦ ਧਨਾਸਰੀ ਰਾਗ ਵਿਚ ਹਨ। ਭਗਤ ਸਧਨਾ ਜੀ (15ਵੀਂ ਸਦੀ) 1 ਛੰਦ ਬਿਲਾਵਲ ਰਾਗ ਵਿਚ, ਭਗਤ ਰਾਮਾਨੰਦ ਜੀ (1366-1467 ਈਸਵੀ) 1 ਛੰਦ ਬਸੰਤ ਰਾਗ 'ਚ, ਭਗਤ ਕਬੀਰ ਜੀ (1389-1495 ਈਸਵੀ) ਕੁੱਲ ਛੰਦ 541, ਜੋ 17 ਰਾਗਾਂ ਸਿਰੀ, ਗਉੜੀ, ਆਸਾ, ਗੂਜਰੀ, ਸੋਰਿਠ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਗੌਂਡ, ਰਾਮਕਲੀ, ਮਾਰੂ, ਕੇਦਾਰਾ, ਭੈਰਉ, ਬਸੰਤ, ਸਾਰੰਗ ਤੇ ਪ੍ਰਭਾਤੀ 'ਚ ਉਚਾਰੇ ਗਏ ਹਨ। ਭਗਤ ਰਵਿਦਾਸ ਜੀ (15ਵੀਂ ਸਦੀ) ਦੇ ਕੁੱਲ ਛੰਦ 41, ਜੋ 16 ਰਾਗਾਂ ਸਿਰੀ, ਗਉੜੀ, ਆਸਾ, ਗੂਜਰੀ, ਸੋਰਿਠ, ਧਨਾਸਰੀ, ਜੈਤਸਰੀ, ਸੂਹੀ, ਬਿਲਾਵਲ, ਗੌਂਡ, ਰਾਮਕਲੀ, ਮਾਰੂ, ਕੇਦਾਰਾ, ਭੈਰਉ, ਬਸੰਤ ਤੇ ਮਲਾਰ 'ਚ ਉਚਾਰੇ ਗਏ ਹਨ। ਭਗਤ ਪਰਮਾਨੰਦ ਜੀ (15ਵੀਂ ਸਦੀ) 1 ਛੰਦ ਸਾਰੰਗ ਰਾਗ ਵਿਚ, ਭਗਤ ਸੂਰਦਾਸ ਜੀ 1 ਛੰਦ ਸਾਰੰਗ ਰਾਗ ਵਿਚ ਹੈ।

ਗਿਆਰਾਂ ਭੱਟਾਂ, ਭੱਟ ਭਿੱਖਾ ਜੀ (16ਵੀਂ ਸਦੀ) ਦੇ 2 ਛੰਦ ਹਨ, ਭੱਟ ਕਲਸਹਾਰ ਜੀ (16ਵੀਂ ਸਦੀ) 54 ਛੰਦ ਹਨ, ਭੱਟ ਜਾਲਪ ਜੀ (16ਵੀਂ ਸਦੀ) 5 ਛੰਦ, ਭੱਟ ਕੀਰਤ ਜੀ (16ਵੀਂ ਸਦੀ) 8 ਛੰਦ, ਭੱਟ ਸਲ ਜੀ (16ਵੀਂ ਸਦੀ) 3 ਛੰਦ ਹਨ, ਭੱਟ ਭੱਲ ਜੀ (16ਵੀਂ ਸਦੀ) 1 ਛੰਦ ਹੈ, ਭੱਟ ਨੱਲ ਜੀ (16ਵੀਂ ਸਦੀ) 16 ਛੰਦ, ਭੱਟ ਬੱਲ ਜੀ (16ਵੀਂ ਸਦੀ) 5 ਛੰਦ, ਭੱਟ ਪਰਮਾਨੰਦ ਜੀ 13 ਛੰਦ, ਭੱਟ ਹਰਿਬੰਸ ਜੀ (16ਵੀਂ ਸਦੀ) 2 ਛੰਦ, ਭੱਟ ਮਥਰਾ ਜੀ ਦੇ 14 ਛੰਦ ਗੁਰੂ ਗ੍ਰੰਥ ਸਾਹਿਬ 'ਚ ਦਰਜ ਹਨ।

ਚਾਰ ਗੁਰਸਿੱਖਾਂ ਭਾਈ ਸੁੰਦਰ ਜੀ (1560-1610 ਈਸਵੀ) ਦੇ ਕੁੱਲ 6 ਛੰਦ ਰਾਮਕਲੀ ਰਾਗ ਵਿਚ ਦਰਜ ਹਨ। ਭਾਈ ਮਰਦਾਨਾ ਜੀ (1460-1530 ਈਸਵੀ) ਦੇ ਕੁੱਲ 3 ਛੰਦ ਹਨ। ਭਾਈ ਸੱਤਾ ਜੀ (16ਵੀਂ ਸਦੀ) 3 ਛੰਦ ਰਾਮਕਲੀ ਰਾਗ ਵਿਚ ਅਤੇ ਭਾਈ ਰਾਇ ਬਲਵੰਡ ਜੀ (16ਵੀਂ ਸਦੀ) ਦੇ 5 ਛੰਦ ਰਾਮਕਲੀ ਰਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁੱਲ 5894 ਛੰਦ ਹਨ। ਇਹ ਵੇਰਵਾ ਡਾ. ਚਰਨ ਸਿੰਘ ਜੀ ਦੀ ਗਿਣਤੀ ਅਨੁਸਾਰ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਛੰਦਾਂ ਦੀ ਕੁੱਲ ਗਿਣਤੀ 5867 ਦਿੱਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੁੱਲ 1430 ਅੰਗ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ 31 ਰਾਗਾਂ ਸ੍ਰੀ ਰਾਗ, ਰਾਗ ਮਾਝ, ਰਾਗ ਗਉੜੀ, ਰਾਗ ਆਸਾ, ਰਾਗ ਗੂਜਰੀ, ਰਾਗ ਦੇਵਗੰਧਾਰੀ, ਰਾਗ ਬਿਹਾਗੜਾ, ਰਾਗ ਵਡਹੰਸ, ਰਾਗ ਸੋਰਠਿ, ਰਾਗ ਧਨਾਸਰੀ, ਰਾਗ ਜੈਤਸਰੀ, ਰਾਗ ਟੋਡੀ, ਰਾਗ ਬੈਰਾੜੀ, ਰਾਗ ਤਿਲੰਗ, ਰਾਗ ਸੂਹੀ, ਰਾਗ ਬਿਲਾਵਲ, ਰਾਗ ਗੌਂਡ, ਰਾਗ ਰਾਮਕਲੀ, ਰਾਗ ਨਟ, ਰਾਗ ਮਾਲੀ ਗਉੜਾ, ਰਾਗ ਮਾਰੂ, ਰਾਗ ਤੁਖਾਰੀ, ਰਾਗ ਕੇਦਾਰਾ, ਰਾਗ ਭੈਰਉ, ਰਾਗ ਬਸੰਤ, ਰਾਗ ਸਾਰੰਗ, ਰਾਗ ਕਾਨੜਾ, ਰਾਗ ਮਲਾਰ, ਰਾਗ ਕਲਿਆਣ, ਰਾਗ ਪ੍ਰਭਾਤੀ ਤੇ ਰਾਗ ਜੈਜਾਵੰਤੀ ਵਿਚ ਉਚਾਰੀ ਗਈ ਹੈ। ਪਹਿਲਾਂ ਬਾਣੀ 30 ਰਾਗਾਂ ਵਿਚ ਰਚੀ ਗਈ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਮਹਾਨ ਬਾਣੀ ਨੂੰ ਰਾਗ 'ਜੈਜਾਵੰਤੀ' ਵਿਚ ਦਰਜ ਕੀਤਾ ਤਾਂ ਇਹ ਮਹਾਨ ਬਾਣੀ 31 ਰਾਗਾਂ ਵਿਚ ਹੋ ਗਈ। ਇਸ ਮਹਾਨ ਕਾਰਜ ਦੀ ਸੰਪੂਰਨਤਾ 1706 ਈਸਵੀ ਨੂੰ ਹੋਈ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 9 ਧੁਨੀਆਂ, 22 ਵਾਰਾਂ ਹਨ। ਬਾਣੀ ਰਾਗਾਂ ਵਿਚ ਪਹਿਲਾਂ ਪਦੇ, ਦੁਪਦੇ, ਤਿਪਦੇ, ਚੌਪਦੇ, ਸ਼ਬਦ, ਅਸ਼ਟਪਦੀਆਂ, ਛੰਤ, ਵਾਰਾਂ ਤੇ ਸਲੋਕ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀਆਂ ਦੇ ਤਿੰਨ ਭਾਗ ਹਨ-ਪਹਿਲਾ ਨਿੱਤਨੇਮ ਦੀਆਂ ਬਾਣੀਆਂ, ਦੂਜਾ ਰਾਗਬੱਧ ਬਾਣੀਆਂ, ਤੀਜਾ ਰਾਗ ਰਹਿਤ ਬਾਣੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੰਤ ਭਾਸ਼ਾ, ਬ੍ਰਿਜ ਭਾਸ਼ਾ, ਹਿੰਦਵੀ, ਭੱਟ ਭਾਸ਼ਾ, ਰੇਖਤਾ, ਸਹਸਕ੍ਰਿਤ, ਗਾਥਾ, ਅਪਭ੍ਰੰਸ, ਪੰਜਾਬੀ ਤੇ ਲਹਿੰਦੀ ਆਦਿ ਭਾਸ਼ਾਵਾਂ ਵਿਚ ਲਿਖੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਇਸ ਕਲਯੁਗ ਵਿਚ ਚਾਨਣ-ਮੁਨਾਰਾ ਹਨ। ਹਰ ਪ੍ਰਾਣੀ ਸੱਚੀ ਸ਼ਰਧਾ ਰੱਖ ਕੇ ਆਪਣਾ ਜੀਵਨ ਸਫਲ ਬਣਾ ਸਕਦਾ ਹੈ। ਬਾਣੀ ਵਿਚ ਉਚਾਰਿਆ ਗਿਆ ਹੈ :

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ॥*

*ਗੁਰ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਬਚਲ ਨਗਰ, ਸ੍ਰੀ ਹਜ਼ੂਰ ਸਾਹਿਬ, ਨੰਦੇੜ ਵਿਖੇ ਅਕਤੂਬਰ 1708 ਈਸਵੀ ਨੂੰ ਜੋਤੀ ਜੋਤ ਸਮਾਉਣ ਤੋਂ ਇਕ ਦਿਨ ਪਹਿਲਾਂ ਮੱਥਾ ਟੇਕ ਕੇ ਗੁਰੂ ਪਦਵੀ ਦਿੱਤੀ ਅਤੇ ਸਿੱਖ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ :

*ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ।*
*ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।*
*ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ।*
*ਜੋ ਪ੍ਰਭੁ ਕੋ ਮਿਲਬੋ ਚਹੈ ਖੋਜ ਸ਼ਬਦ ਮੈ ਲੇਹ।*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮੂਹ ਸਿੱਖ ਸੰਗਤਾਂ ਨੂੰ ਹੁਕਮ ਕੀਤਾ ਕਿ ਅੱਜ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹਾਜ਼ਰ-ਨਾਜਰ ਗੁਰੂ ਜਾਣ ਕੇ ਨਮਸਕਾਰ ਕਰਨੀ ਹੈ। ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨਾ ਹੈ ਤੇ ਦੇਹਧਾਰੀ ਪਾਖੰਡੀਆਂ ਦੇ ਪਿੱਛੇ ਨਹੀ ਲੱਗਣਾ ਅਤੇ ਹਮੇਸ਼ਾ ਬਾਣੀ ਤੇ ਬਾਣੇ ਦੀ ਲਾਜ ਰੱਖਣੀ ਹੈ। •

# ਜਵੱਦੀ ਟਕਸਾਲ ਦੀ ਗੁਰਮਤਿ ਸੰਗੀਤ ਨੂੰ ਦੇਣ



ਤੀਰਥ ਸਿੰਘ ਢਿੱਲੋਂ
98154-61710





ਗੁਰੂ ਨਾਨਕ ਦੇਵ ਜੀ ਮਹਾਰਾਜ ਵੱਲੋਂ ਤੰਤੀ ਸਾਜ਼ਾਂ ਨਾਲ ਸ਼ੁਰੂ ਕੀਤੀ ਗਈ ਕੀਰਤਨ ਦੀ ਮਹਾਨ ਪਰੰਪਰਾ ਦੀ ਬਹਾਲੀ ਲਈ ਲੁਧਿਆਣਾ ਦੇ ਨਾਲ ਲਗਦੇ ਇਤਿਹਾਸਕ ਪਿੰਡ ਜਵੱਦੀ ਕਲਾਂ ਸਥਿਤ ਜਵੱਦੀ ਟਕਸਾਲ ਦੀ ਦੇਣ ਉੱਪਰ ਸਮੁੱਚੇ ਕੀਰਤਨ ਤੇ ਸੰਗੀਤ ਪ੍ਰੇਮੀਆਂ ਨੂੰ ਮਾਣ ਹੈ। ਇਸ ਪਿੰਡ ਨੂੰ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਦੀ ਚਰਨ ਛੋਹ ਪ੍ਰਾਪਤ ਹੈ। ਇਸ ਪਾਵਨ ਭੂਮੀ ਉੱਤੇ ਗੁਰੂ ਸਾਹਿਬ ਦੀ ਰਹਿਮਤ ਸਦਕਾ ਸਚਖੰਡ ਵਾਸੀ ਸੰਤ ਸੁੱਚਾ ਸਿੰਘ ਨੇ 1991 ਵਿਚ 'ਵਿਸਮਾਦੁ ਨਾਦ' ਸੰਸਥਾ ਬਣਾਈ। ਸੰਸਥਾ ਨੇ ਸਿੱਖ ਵਿਰਸੇ ਦੀ ਖੋਜ ਦੇ ਕਾਰਜ ਨੂੰ ਸੰਭਾਲਣ ਦਾ ਜ਼ਿੰਮਾ ਲਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 31 ਰਾਗਾਂ ਦੇ ਸ਼ੁੱਧ ਸਰੂਪ ਨਿਸ਼ਚਤ ਕਰਨ ਲਈ 'ਰਾਗ ਨਿਰਣਾਇਕ ਕਮੇਟੀ' ਬਣਾਈ, ਜਿਸ ਵਿਚ ਸੰਤ ਸੁੱਚਾ ਸਿੰਘ ਦੇ ਨਿਰਦੇਸ਼ ਤਹਿਤ ਮਹਾਨ ਸੰਗੀਤ ਅਚਾਰੀਆ ਪੰਡਿਤ ਦਲੀਪ ਚੰਦਰ ਦੀ ਅਗਵਾਈ ਹੇਠ ਵਡਮੁੱਲਾ ਕੰਮ ਹੋਇਆ। ਇਸ ਕਮੇਟੀ ਨੇ ਜਿੱਥੇ ਭਾਰਤੀ ਸੰਗੀਤ ਨਾਲ ਮੇਲ ਖਾਂਦੇ 18 ਰਾਗ ਸਾਹਮਣੇ ਲਿਆਂਦੇ ਉੱਥੇ ਬੈਰਾੜੀ, ਸੂਹੀ ਗਉੜੀ, ਨੱਟ ਨਾਰਾਇਣ, ਤੁਖਾਰੀ, ਪ੍ਰਭਾਤੀ, ਮਾਲੀ ਗਉੜਾ ਵਰਗੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਬਾਰੇ ਵੀ ਰਾਏ ਸੰਗਤਾਂ ਨਾਲ ਸਾਂਝੀ ਕੀਤੀ। ਇਹ ਤੱਥ ਵੀ ਸਾਹਮਣੇ ਆਇਆ ਕਿ ਮਾਝ ਰਾਗ ਕੇਵਲ ਗੁਰਮਤਿ ਸੰਗੀਤ ਦੀ ਹੀ ਦੇਣ ਹੈ।

## ਸੰਗੀਤ ਸੰਮੇਲਨਾਂ ਦਾ ਆਗਾਜ਼

ਸੰਤ ਸੁੱਚਾ ਸਿੰਘ ਦੀ ਸੁਨਹਿਰੀ ਅੱਖਰਾਂ 'ਚ ਲਿਖੀ ਜਾਣ ਵਾਲੀ ਦੇਣ ਹੈ ਉਨ੍ਹਾਂ ਵੱਲੋਂ ਜਵੱਦੀ ਕਲਾਂ ਵਿਖੇ 1991 'ਚ ਆਰੰਭ ਕੀਤੇ ਗਏ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ। ਇਹ ਗੁਰਮਤਿ ਸੰਗੀਤ ਲੜੀ ਉਨ੍ਹਾਂ ਦੇ ਸੱਚਖੰਡ ਜਾ ਬਿਰਾਜਣ ਮਗਰੋਂ ਸੰਤ ਅਮੀਰ ਸਿੰਘ ਦੁਆਰਾ ਜਾਰੀ ਰੱਖੀ ਜਾ ਰਹੀ ਹੈ। ਇਸ ਲੜੀ ਦਾ ਪਲੇਠਾ ਸੰਮੇਲਨ 10 ਤੋਂ 13 ਅਕਤੂਬਰ ਤਕ ਹੋਇਆ। ਇਸ ਸੰਗੀਤ ਸੰਮੇਲਨ ਨੇ ਗੁਰਮਤਿ ਸੰਗੀਤ ਦਾ ਜੋ ਮਿਆਰ ਸਥਾਪਤ ਕੀਤਾ ਉਹ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ-ਸਰੋਤ ਰਹੇਗਾ। ਪਹਿਲੇ ਸੰਮੇਲਨ ਵਿਚ ਭਾਈ ਬਲਬੀਰ ਸਿੰਘ, ਡਾ. ਗੁਰਨਾਮ ਸਿੰਘ ਪਟਿਆਲਾ, ਪ੍ਰੋ. ਕਰਤਾਰ ਸਿੰਘ, ਪ੍ਰੋ. ਹਰਚੰਦ ਸਿੰਘ, ਸਿੰਘ ਬੰਧੂ ਦਿੱਲੀ, ਗੀਤਾ ਪੇਂਤਲ, ਡਾ. ਜਸਬੀਰ ਕੌਰ ਪਟਿਆਲਾ, ਭਾਈ ਦਿਲਬਾਗ ਸਿੰਘ-ਗੁਲਬਾਗ਼ ਸਿੰਘ, ਪ੍ਰਿੰ. ਚੰਨਣ ਸਿੰਘ ਮਜਬੂਰ, ਡਾ. ਨਿਵੇਦਿਤਾ ਸਿੰਘ ਪਟਿਆਲਾ ਤੇ ਹੋਰ ਮਹਾਨ ਰਾਗੀਆਂ ਨੇ ਸ਼ੁੱਧ ਗੁਰਮਤਿ ਸ਼ੈਲੀ ਰਾਹੀਂ ਸਮਾਂ ਬੰਨ੍ਹਿਆ। ਇਸ ਤੋਂ ਬਾਅਦ ਦੇ ਅਦੁੱਤੀ ਸੰਗੀਤ ਸੰਮੇਲਨਾਂ 'ਚ ਪਦਮਸ਼੍ਰੀ ਭਾਈ ਨਿਰਮਲ ਸਿੰਘ ਖ਼ਾਲਸਾ, ਸਵਰਗੀ ਭਾਈ ਅਮਰੀਕ ਸਿੰਘ ਜ਼ਖ਼ਮੀ, ਭਾਈ ਪ੍ਰਿਥੀਪਾਲ ਸਿੰਘ, ਮੋਹਨ ਪਾਲ ਸਿੰਘ ਪਟਿਆਲਾ, ਭਾਈ ਰਣਧੀਰ ਸਿੰਘ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਇਲਾਵਾ ਸੰਤ ਸਤਨਾਮ ਸਿੰਘ ਕਿਸ਼ਨਗੜ੍ਹ, ਉਸਤਾਦ ਕਾਲੇ ਰਾਮ (ਤਬਲਾ), ਅਸ਼ਵਨੀ ਕੁਮਾਰ (ਤਾਨਪੂਰਾ), ਓਮ ਪ੍ਰਕਾਸ਼ ਤੇ ਭਾਈ ਚਤਰ ਸਿੰਘ (ਦਿਲਰੁਬਾ), ਜਸਵੰਤ ਸਿੰਘ ਦਿੱਲੀ ਤੇ ਕਸਤੂਰੀ ਲਾਲ (ਵਾਇਲਨ) ਵੀ ਸੰਗੀਤਕ ਫ਼ਨ ਪੇਸ਼ ਕਰਦੇ ਰਹੇ ਹਨ। ਇਸ ਤੋਂ ਇਲਾਵਾ ਤਾਰ ਸ਼ਹਿਨਾਈ, ਤਾਊਸ ਤੇ ਸਾਰੰਦੇ ਦੀ ਵੀ ਕਲਾਤਮਕ ਵਰਤੋਂ ਗੁਰਬਾਣੀ ਕੀਰਤਨ ਵਿਚ ਕੀਤੀ ਗਈ। ਇਸ ਦੌਰਾਨ, ਤਾਲ ਕਹਿਰਵਾ ਤੇ ਦਾਦਰਾ ਵਜਾਉਣ ਦੀ ਆਗਿਆ ਨਹੀਂ ਸੀ, ਸਿਰਫ਼ ਪ੍ਰਵਾਨਤ ਬਿਖਰੇ ਤਾਲਾਂ ਵਿਚ ਹੀ ਗੁਰਬਾਣੀ ਗਾਇਨ ਪੇਸ਼ ਕੀਤਾ ਗਿਆ।

ਸੰਤ ਸੁੱਚਾ ਸਿੰਘ ਨੇ ਪੰਜਾਬ ਤੋਂ ਬਾਹਰ ਤਖ਼ਤ ਸ੍ਰੀ ਹਜ਼ੂਰ ਸਾਹਿਬ ਨੰਦੇੜ ਤੋਂ ਇਲਾਵਾ ਮੁੰਬਈ, ਪੂਨਾ, ਇੰਦੌਰ, ਗਵਾਲੀਅਰ, ਆਗਰਾ ਸਮੇਤ ਵੱਖ-ਵੱਖ ਥਾਵਾਂ 'ਤੇ ਵੀ ਮਹਾਨ ਗੁਰਮਤਿ ਸੰਗੀਤ ਸੰਮੇਲਨ ਕਰਵਾਏ। ਇਹ ਸੰਮੇਲਨ ਸੰਤ ਸੁੱਚਾ ਸਿੰਘ ਨੇ 27 ਅਗਸਤ 2002 ਨੂੰ ਆਪਣੇ ਸਚਖੰਡ ਪਿਆਨੇ ਤਕ ਨਿਰੰਤਰਤਾ ਨਾਲ ਜਾਰੀ ਰੱਖੇ। ਉਨ੍ਹਾਂ ਤੋਂ ਉਪਰੰਤ ਸੰਤ ਅਮੀਰ ਸਿੰਘ ਨੂੰ ਇਸ ਟਕਸਾਲ ਦੇ ਮੁਖੀ ਦੀ ਸੇਵਾ ਪੰਥ ਵੱਲੋਂ ਸੌਂਪੀ ਗਈ। ਸੰਤ ਅਮੀਰ ਸਿੰਘ ਨੇ 2016 ਵਿਚ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੀ ਸਿਲਵਰ ਜੁਬਲੀ ਮਨਾਈ, ਜਿਸ ਵਿਚ 25 ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਪੰਜਾਬ ਦੇ ਵੱਖ-ਵੱਖ ਸ਼ਹਿਰਾਂ 'ਚ 25 ਰਾਗ ਦਰਬਾਰ ਸੰਤ ਅਮੀਰ ਸਿੰਘ ਜੀ ਵੱਲੋਂ ਕਰਵਾਏ ਗਏ ਤੇ ਇਕ ਯੂਨੀਵਰਸਿਟੀ ਵਿਚ ਗੁਰਮਤਿ ਸੰਗੀਤ ਬਾਰੇ ਵਿਚਾਰ-ਗੋਸ਼ਟੀ ਕਰਵਾਈ ਗਈ। ਸੰਤ ਅਮੀਰ ਸਿੰਘ ਦੀ ਅਗਵਾਈ ਵਿਚ ਵਿਦਿਆਰਥੀਆਂ ਨੂੰ ਤੰਤੀ ਸਾਜ਼ਾਂ ਨਾਲ ਗੁਰਮਤਿ ਸੰਗੀਤ ਦੀ ਸਿੱਖਿਆ ਪ੍ਰੋ. ਜਤਿੰਦਰ ਪਾਲ ਸਿੰਘ, ਪੰਡਿਤ ਰਮਾਕਾਂਤ, ਪ੍ਰੋ. ਰਮਨਦੀਪ ਕੌਰ, ਪ੍ਰੋ. ਚਰਨਜੀਤ ਕੌਰ, ਪ੍ਰੋ. ਤਜਿੰਦਰ ਸਿੰਘ, ਪ੍ਰੋ. ਇੰਦਰਜੀਤ ਸਿੰਘ ਬਿੰਦੂ ਤੇ ਪ੍ਰੋ. ਮਨਿੰਦਰ ਸਿੰਘ ਤਬਲਾ ਵਾਦਕ, ਉਸਤਾਦ ਸਵਰਨ ਸਿੰਘ ਦੁਆਰਾ ਦਿੱਤੀ ਜਾ ਰਹੀ ਹੈ। ਟਕਸਾਲ ਵੱਲੋਂ ਗੁਰਮਤਿ ਸੰਗੀਤ ਦੇ ਘੋੜੀਆਂ, ਅਲਾਹੁਣੀਆਂ, ਵਾਰਾਂ, ਅੰਜਲੀ ਤੇ ਛੰਤ ਆਦਿ ਲੋਕ ਅੰਗਾਂ ਬਾਰੇ ਵੀ ਵਿਸ਼ੇਸ਼ ਕੀਰਤਨ ਦਰਬਾਰ ਕਰਵਾਏ ਗਏ।

ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਰਾਗੀ ਸਿੰਘਾਂ ਨਾਲ ਜਿੰਨੇ ਵੀ ਉਚ ਕੋਟੀ ਦੇ ਤੰਤੀ ਸਾਜ਼ ਵਜਾਉਣ ਵਾਲੇ ਫ਼ਨਕਾਰ ਸੰਗਤ ਕਰਦੇ ਹਨ ਉਹ ਜਵੱਦੀ ਟਕਸਾਲ ਤੋਂ ਹੀ ਸਿੱਖਿਆ ਪ੍ਰਾਪਤ ਕਰ ਕੇ ਸੇਵਾ ਨਿਭਾ ਰਹੇ ਹਨ। ਸੰਤ ਸੁੱਚਾ ਸਿੰਘ ਤੋਂ ਲੈ ਕੇ ਸੰਤ ਅਮੀਰ ਸਿੰਘ ਤਕ ਲਗਪਗ 30 ਹਜ਼ਾਰ ਤੋਂ ਵਧੇਰੇ ਵਿਦਿਆਰਥੀ ਗੁਰਮਤਿ ਸੰਗੀਤ, ਗੁਰਬਾਣੀ ਸੰਥਿਆ ਤੇ ਵਾਦਨ ਦੀ ਸਿੱਖਿਆ ਪ੍ਰਾਪਤ ਕਰ ਚੁੱਕੇ ਹਨ। ਜਵੱਦੀ ਕਲਾਂ ਵਿਖੇ ਵਿਦਿਆਰਥੀਆਂ ਦੀ ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਟਕਸਾਲ ਵੱਲੋਂ ਕੀਤਾ ਜਾਂਦਾ ਹੈ ਤੇ ਉਨ੍ਹਾਂ ਨੂੰ ਵਜ਼ੀਫ਼ੇ ਵੀ ਦਿੱਤੇ ਜਾਂਦੇ ਹਨ।

## ਪ੍ਰਕਾਸ਼ਨਾਵਾਂ

ਰਾਗ ਨਾਦੁ ਸਬਦਿ ਸਬੰਧੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ, ਮਨ ਦਾ ਸੰਕਲਪ, ਦੇਹੀ ਦਾ ਸੰਕਲਪ, ਮੌਤ ਦਾ ਸੰਕਲਪ, ਰਾਗ ਨਾਦੁ ਸਬਦਿ ਸੋਹਣੇ, ਮਿਲਬੇ ਕੀ ਮਹਿਮਾ, ਗੁਰੂ ਨਾਲ ਸੰਗੀਤ ਪੱਧਤੀ-ਭਾਗ 1 ਤੇ 2 ਸਮੇਤ ਅਨੇਕ ਪ੍ਰਕਾਸ਼ਨਾਵਾਂ ਦੁਨੀਆ ਭਰ ਦੇ ਸੰਗੀਤ ਪ੍ਰੇਮੀਆਂ ਦਾ ਮਾਰਗਦਰਸ਼ਨ ਕਰ ਰਹੀਆਂ ਹਨ।

## ਆਡੀਓ-ਵੀਡੀਓ

1991 ਤੋਂ ਹੁਣ ਤਕ ਹੋਏ ਸੰਗੀਤ ਸੰਮੇਲਨਾਂ ਦੀਆਂ ਆਡੀਓ-ਵੀਡੀਓ ਕੈਸੇਟਾਂ ਟਕਸਾਲ ਕੋਲ ਉਪਲਬਧ ਹਨ ਤੇ ਇਨ੍ਹਾਂ ਨੂੰ ਯੂ-ਟਿਊਬ 'ਤੇ ਵੀ ਪਾਇਆ ਗਿਆ ਹੈ। 'ਗਉੜੀ ਰਾਗੁ ਸੁਲਖਣੀ' ਨਾਂ ਦਾ ਤਿੰਨ ਸੀਡੀਜ਼ ਦਾ ਸੈੱਟ ਬਹੁਤ ਸਲਾਹਿਆ ਗਿਆ। ਟਕਸਾਲ ਦੇ ਜਥਿਆਂ ਦੀ 'ਵੱਡਾ ਤੇਰਾ ਦਰਬਾਰ' ਨਾਂ ਦੀ ਆਡੀਓ ਵੀ ਉਪਲਬਧ ਹੈ।

## ਗੁਰਮਤਿ ਸੰਗੀਤ ਐਵਾਰਡ

ਗੁਰਮਤਿ ਸੰਗੀਤ ਦੇ ਖੇਤਰ 'ਚ ਵਡਮੁੱਲਾ ਯੋਗਦਾਨ ਪਾਉਣ ਵਾਲੇ 14 ਜਥਿਆਂ ਨੂੰ ਹੁਣ ਤਕ ਟਕਸਾਲ ਵੱਲੋਂ ਗੁਰਮਤਿ ਸੰਗੀਤ ਐਵਾਰਡ ਨਾਲ ਸਨਮਾਨਤ ਕੀਤਾ ਜਾ ਚੁੱਕਾ ਹੈ। ਟਕਸਾਲ ਵੱਲੋਂ ਗੁਰਦੁਆਰਾ ਹਰਗੋਬਿੰਦਗੜ੍ਹ (ਜੈਤੋ ਮੰਡੀ) ਤੇ ਗੁਰਦੁਆਰਾ ਸਾਹਿਬਜ਼ਾਦਾ ਫ਼ਤਹਿ ਸਿੰਘ ਹੈਬੋਵਾਲ ਵਿਖੇ ਵੀ ਤਬਲਾ ਵਾਦਨ ਤੇ ਤੰਤੀ ਸਾਜ਼ਾਂ ਦੀ ਸਿੱਖਿਆ ਦਿੱਤੀ ਜਾ ਰਹੀ ਹੈ। ਮੌਜੂਦਾ ਮੁਖੀ ਸੰਤ ਅਮੀਰ ਸਿੰਘ ਜਿੱਥੇ ਪੰਥ ਦੇ ਮਹਾਨ ਕਥਾ ਵਾਚਕ ਹਨ ਉੱਥੇ ਪੁਰਾਤਨ ਗੁਰਮਤਿ ਸ਼ੈਲੀ ਅਨੁਸਾਰ ਖ਼ੁਦ ਵੀ ਕੀਰਤਨ ਕਰ ਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜ ਰਹੇ ਹਨ।

## ਸੰਤ ਸੁੱਚਾ ਸਿੰਘ ਨੂੰ 'ਸ਼੍ਰੋਮਣੀ ਗੁਰਮਤਿ ਸੰਗੀਤ ਪ੍ਰਚਾਰਕ' ਐਵਾਰਡ

ਸੰਤ ਸੁੱਚਾ ਸਿੰਘ ਨੇ ਦੇਸ਼-ਵਿਦੇਸ਼ 'ਚ ਕੀਰਤਨ ਦੀਆਂ ਵਰਕਸ਼ਾਪਾਂ, ਗੋਸ਼ਟੀਆਂ, ਪ੍ਰਕਾਸ਼ਨਾਵਾਂ ਤੇ ਰਾਗਬੱਧ ਕੀਰਤਨ ਦਰਬਾਰਾਂ ਜ਼ਰੀਏ ਜੋ ਸੇਵਾ ਕੀਤੀ ਹੈ, ਉਹ ਸੁਨਹਿਰੀ ਅੱਖ਼ਰਾਂ 'ਚ ਲਿਖਣਯੋਗ ਹੈ। ਉਨਾਂ ਦੀ ਇਸ ਮਹਾਨ ਦੇਣ ਦੇ ਮੱਦੇਨਜ਼ਰ ਸਿੱਖ ਪੰਥ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ 24 ਅਗਸਤ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਉਨ੍ਹਾਂ ਨੂੰ 'ਸ਼੍ਰੋਮਣੀ ਗੁਰਮਤਿ ਸੰਗੀਤ ਪ੍ਰਚਾਰਕ' ਦਾ ਵੱਕਾਰੀ ਸਨਮਾਨ ਦਿੱਤਾ ਗਿਆ। ਇਹ ਸਨਮਾਨ ਮੌਜੂਦਾ ਜਾਨਸ਼ੀਨ ਸੰਤ ਬਾਬਾ ਅਮੀਰ ਸਿੰਘ ਨੇ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਪਾਸੋਂ ਪ੍ਰਾਪਤ ਕੀਤਾ। ਇਹ ਐਵਾਰਡ ਪਹਿਲੀ ਵਾਰੀ ਕਿਸੇ ਪੰਥਕ ਸ਼ਖ਼ਸੀਅਤ ਨੂੰ ਦਿੱਤਾ ਗਿਆ ਹੈ। ਇਸ ਤੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਨਾ ਮਿਲੇਗੀ। ਨਿਰਸੰਦੇਹ ਸੰਤ ਸੁੱਚਾ ਸਿੰਘ ਦੀ ਦੇਣ ਨੂੰ ਸਿਜਦਾ ਕਰਨਾ ਬਣਦਾ ਹੈ। •

# ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਦਾ ਅਸਥਾਨ

# ਦਮਦਮਾ ਸਾਹਿਬ



ਪ੍ਰੋ. ਨਵ ਸੰਗੀਤ ਸਿੰਘ

ਦਮਦਮਾ ਸਾਹਿਬ, ਜੋ ਕਿ ਇਤਿਹਾਸਕ ਕਸਬੇ ਤਲਵੰਡੀ ਸਾਬੋ ਦਾ ਹੀ ਦੂਜੀ ਨਾਂ ਹੈ, ਅਧਿਆਤਮ, ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਮਹੱਤਤਾ ਦਾ ਧਾਰਨੀ ਹੈ। ਇਸ ਨੂੰ 'ਗੁਰੂ ਕੀ ਕਾਸ਼ੀ' ਵਜੋਂ ਵੀ ਜਾਣਿਆ ਜਾਂਦਾ ਹੈ। ਸਿੱਖ ਪੰਥ ਦੇ ਚੌਥੇ ਤਖ਼ਤ ਵਜੋਂ ਮਾਨਤਾ ਪ੍ਰਾਪਤ ਇਸ ਧਰਮੱਗ ਧਰਤੀ 'ਤੇ ਗੁਰੂ ਨਾਨਕ ਦੇਵ ਜੀ, ਗੁਰੂ ਤੇਗ਼ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਦੀ ਨੇ ਆਪਣੇ ਚਰਨ ਪਾਏ।

'ਗੁਰ ਬਿਲਾਸ ਪਾਤਿਸ਼ਾਹੀ ਛੇਵੀਂ' ਵਿਚ ਅੰਕਿਤ ਹੈ ਕਿ ਇਕ ਵਾਰ ਸੰਗਤਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਬੇਨਤੀ ਕੀਤੀ, "ਹਜ਼ੂਰ ਆਪਨੇ ਪਹਿਲੇ ਸਤਿਗੁਰਾਂ ਵਾਂਗ ਗੁਰਬਾਣੀ ਦਾ ਉਚਾਰਨ ਕਿਉਂ ਨਹੀਂ ਕੀਤਾ" ਤਾਂ ਗੁਰੂਦੇਵ ਨੇ ਅੰਤਰਧਿਆਨ ਹੋ ਕੇ ਫਰਮਾਇਆ, "ਅਸੀਂ ਦਸਵੇਂ ਜਾਮੇ ਵਿਚ ਤਲਵੰਡੀ ਸਾਬੋ ਵਿਖੇ ਸ੍ਰੀ ਦਮਦਮਾ ਸਾਹਿਬ ਪ੍ਰਗਟ ਕਰ ਕੇ 'ਗੁਰੂ ਕੀ ਕਾਸ਼ੀ' ਦੀ ਸਥਾਪਨਾ ਕਰਾਂਗੇ ਅਤੇ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕ ਬੀੜ ਲਿਖਾਂਗੇ" :

**ਸੁਣ ਕੇ ਹਮ ਤਾਹਿ ਕੇ ਬੈਨਨ ਕੋ,**
**ਦਮਦਮਾ ਸੁ ਮਾਲਵੇ ਬੀਚ ਸੁਧਾਰੋ।**
**ਫਿਗ ਤਾਹਿ ਤਲਵੰਡੀ ਕੇ ਕਾਸ਼ੀ ਰਚੋ,**
**ਜਹਿ ਬੈਲ ਪਢੇ ਹੋਇ ਬੁਧ ਉਦਾਰੋ।**
**ਗ੍ਰੰਥ ਉਚਾਰ ਕਰੋਂ ਤਹਾਂ ਬੈਠ ਕੇ, ਬੀੜ**
**ਸੋਊ ਜਗ ਮਾਹਿ ਬਿਥਾਰੋ।**
**ਅਖਰ ਏਕ ਕਾ ਭੇਦ ਧਰੋ ਨਹਿ, ਮਮ**
**ਦਾਸ ਗੁਰੂ ਸਮਰਥ ਬਿਚਾਰੋ।**

ਜਗਤ-ਗੁਰੂ ਬਾਬਾ ਨਾਨਕ ਪਹਿਲੀ ਉਦਾਸੀ ਸਮੇਂ 1515 ਈਸਵੀ ਵਿਚ ਸਰਸੇ ਤੋਂ ਸੁਲਤਾਨਪੁਰ ਜਾਂਦੇ ਹੋਏ ਇਥੇ ਬਿਰਾਜੇ ਸਨ, 159 ਸਾਲ ਪਿੱਛੋਂ 1674 ਈਸਵੀ ਵਿਚ ਗੁਰੂ ਤੇਗ਼ ਬਹਾਦਰ ਜੀ ਨੇ ਇਥੇ ਗੁਰੂਸਰ ਸਰੋਵਰ ਦਾ ਟੱਕ ਲਾਇਆ ਅਤੇ 5 ਦੁਸ਼ਾਲੇ ਮਿੱਟੀ ਦੇ ਭਰ ਕੇ ਕੱਢੇ; 31 ਸਾਲ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ 1705 ਈਸਵੀ ਵਿਚ ਜੰਗਾਂ-ਯੁੱਧਾਂ ਪਿੱਛੋਂ ਇਸ ਅਸਥਾਨ 'ਤੇ ਇਕ ਉੱਚੀ ਥੇੜ੍ਹੀ 'ਤੇ ਆ ਕੇ ਦਮ ਲਿਆ ਅਤੇ ਕਮਰਕੱਸਾ ਖੋਲ੍ਹਿਆ। ਇਸ ਅਸਥਾਨ ਤੋਂ ਸਿੱਖ ਸੰਗਤਾਂ ਦੇ ਨਾਂ ਹੁਕਮਨਾਮੇ ਜਾਰੀ ਕੀਤੇ ਅਤੇ 1706 ਈਸਵੀ ਦੀ ਵਿਸਾਖੀ 'ਤੇ ਕਰੀਬ ਸਵਾ ਲੱਖ ਲੋਕਾਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ਿਸ਼ ਕੀਤੀ।

ਇਸ ਇਲਾਕੇ ਦਾ ਚੌਧਰੀ ਉਨ੍ਹੀਂ ਦਿਨੀਂ ਭਾਈ ਡੱਲਾ ਹੁੰਦਾ ਸੀ, ਜੋ ਦਸ਼ਮੇਸ਼ ਪਿਤਾ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਪਿੱਛੋਂ ਡਲ ਸਿੰਘ ਵਜੋਂ ਜਾਣਿਆ ਗਿਆ। ਇਹ ਨਗਰ ਫਿਲਹਾਲ ਰੇਲਵੇ ਨਾਲ ਨਹੀਂ ਜੁੜਿਆ ਅਤੇ ਬਠਿੰਡਾ-ਰਾਮਾ ਸੜਕ ਉੱਤੇ ਬਠਿੰਡਾ ਤੋਂ 28 ਕਿੱਲੋਮੀਟਰ, ਰਾਮਾ ਤੋਂ 13 ਕਿੱਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

ਇਸ ਪਵਿੱਤਰ ਸਰਜ਼ਮੀਂ ਉੱਤੇ ਗੁਰੂ ਗੋਬਿੰਦ ਸਿੰਘ ਜੀ ਨੇ ਕਰੀਬ ਸਵਾ ਸਾਲ ਬਿਸ਼ਰਾਮ ਕੀਤਾ ਅਤੇ 1706 ਈਸਵੀ 'ਚ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕ ਤੇ ਸੰਪੂਰਨ ਬੀੜ ਤਿਆਰ ਕਰਵਾਈ। ਇਸ ਬੀੜ ਨੂੰ ਗੁਰੂ ਜੀ ਨੇ ਆਪਣੀ ਅਧਿਆਤਮਿਕ ਸ਼ਕਤੀ ਦੁਆਰਾ ਭਾਈ ਮਨੀ ਸਿੰਘ ਦੇ ਹੱਥੋਂ ਲਿਖਵਾਇਆ, ਜਿਸ ਵਿਚ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਤੇ ਰਾਗ ਜੈਜਾਵੰਤੀ ਸ਼ਾਮਲ ਕਰ ਕੇ ਇਸ ਨੂੰ ਸੰਪੂਰਨਤਾ ਪ੍ਰਦਾਨ ਕੀਤੀ। ਇਸੇ ਬੀੜ ਨੂੰ 'ਦਮਦਮੀ ਬੀੜ' ਵਜੋਂ ਜਾਣਿਆ ਜਾਂਦਾ ਹੈ। 'ਪੰਥ ਪ੍ਰਕਾਸ਼' ਦੇ ਕਰਤਾ ਗਿਆਨੀ ਗਿਆਨ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਬਾਰੇ ਅੰਕਿਤ ਕੀਤਾ ਹੈ :

**ਅਬ ਦਰਬਾਰ ਦਮਦਮਾ ਜਹਾਂ।**
**ਤੰਬੂ ਲਗਵਾ ਕੈ ਗੁਰ ਤਹਾਂ।**
**ਮਨੀ ਸਿੰਘ ਕੋ ਲਿਖਨ ਬਠੈ ਕੈ।**
**ਗੁਰ ਨਾਨਕ ਦਾ ਧਿਆਨ ਧਰੈ ਕੈ।**
**ਨਿਤਪ੍ਰਤਿ ਗੁਰੂ ਉਚਾਰੀ ਜੈਸੇ।**
**ਬਾਣੀ ਲਿਖੀ ਮਨੀ ਸਿੰਘ ਤੈਸੇ।**
**ਬੀੜ ਆਦਿ ਗੁਰ ਗ੍ਰੰਥੈ ਜੇਹੀ।**
**ਕਰੀ ਦਸਮ ਗੁਰ ਤਿਆਰ ਉਜੇਹੀ।**

'ਸਾਹਿਤਯ-ਸ਼ਾਸਤਰੀ' ਗਿਆਨੀ ਬਲਵੰਤ ਸਿੰਘ ਕੋਠਾਗੁਰੂ ਮੁਤਾਬਕ ਇਹ ਬੀੜ ਵੈਸਾਖੀ ਵਾਲੇ ਦਿਨ (1763 ਬਿਕਰਮੀ) ਵਿਖਣੀ ਆਰੰਭ ਕੀਤੀ ਅਤੇ ਭਾਦਰੋਂ ਵਦੀ ਤੀਜ ਨੂੰ ਪੂਰਨ ਹੋਈ। ਦਮਦਮੀ ਬੀੜ ਦੀ ਲਿਖਾਈ ਬਾਰੇ ਉਨ੍ਹਾਂ ਨੇ 1736 ਈਸਵੀ ਵਿਚ ਲਿਖੀ 'ਦੌਰਾ ਸਾਖੀ' ਵਿੱਚੋਂ ਵੀ ਮਹੱਤਵਪੂਰਨ ਹਵਾਲੇ ਦਿੱਤੇ ਹਨ। ਇਸ ਦੀ ਪੁਸ਼ਟੀ ਗਿਆਨੀ ਗਿਆਨੀ ਗਿਆਨ ਸਿੰਘ ਨੇ ਇਨ੍ਹਾਂ ਪੰਕਤੀਆਂ ਵਿਚ ਕੀਤੀ ਹੈ :

**ਅਉਹ ਚਾਰ ਤਿਸ ਪ੍ਰਤੇ ਭਾਏ।**
**ਦੀਪ ਸਿੰਘ ਸ਼ਹੀਦ ਲਿਖਾਏ।**
**ਇਕ ਅਕਾਲ ਬੁੰਗੇ ਇਕ ਪਟਨੇ।**
**ਤਿਰਤੀ ਹਜ਼ੂਰ ਦਿਯੋ ਹਿਤ ਪਢਨੇ।**
**ਚਤਰਥ ਰਾਖਯੋ ਦਮਦਮੇ ਮਾਹਿ।**
**ਬਢ ਬਾਬੇ ਯਾਹਿ ਚਾਰ ਕਹਾਏ।**

ਅਰਥਾਤ, ਕਲਗੀਧਰ ਪਿਤਾ ਦੇ ਹੁਕਮ 'ਤੇ ਬਾਬਾ ਦੀਪ ਸਿੰਘ ਨੇ ਇਸ ਬੀੜ ਦੇ ਚਾਰ ਉਤਾਰੇ ਕੀਤੇ, ਜੋ ਕ੍ਰਮਵਾਰ ਸ੍ਰੀ ਅਕਾਲ ਤਖ਼ਤ ਅੰਮ੍ਰਿਤਸਰ, ਪਟਨਾ ਸਾਹਿਬ, ਹਜ਼ੂਰ ਸਾਹਿਬ ਅਤੇ ਦਮਦਮਾ ਸਾਹਿਬ ਵਿਚ ਰੱਖੇ ਗਏ। ਪਿੱਛੋਂ ਬਾਬਾ ਦੀਪ ਸਿੰਘ ਨੇ ਹਿੰਦੀ, ਮਰਾਠੀ, ਉਰਦੂ, ਫ਼ਾਰਸੀ ਤੇ ਅਰਬੀ ਵਿਚ ਵੀ ਇਸ ਦਾ ਅਨੁਵਾਦ ਕੀਤਾ।

ਦਮਦਮਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਲੇਖਨ ਬਾਰੇ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਅੰਮ੍ਰਿਤ ਵੇਲੇ ਇਸ ਦੀ ਲਿਖਾਈ ਹੁੰਦੀ ਸੀ ਅਤੇ ਸ਼ਾਮ ਨੂੰ ਲਿਖੀ ਬਾਣੀ ਦੀ ਕਥਾ ਕੀਤੀ ਜਾਂਦੀ ਸੀ। ਦਸਮੇਸ਼ ਪਿਤਾ ਖ਼ੁਦ ਕਥਾ ਕਰਿਆ ਕਰਦੇ ਸਨ। ਜਿਨ੍ਹਾਂ ਗੁਰਮੁਖਾਂ ਨੇ ਆਦਿ ਤੋਂ ਅੰਤ ਤਕ ਕਥਾ ਸ੍ਰਵਣ ਕੀਤੀ, ਉਨ੍ਹਾਂ ਨੂੰ 'ਬ੍ਰਹਮ ਗਿਆਨੀ' ਦੀ ਪਦਵੀ ਦਿੱਤੀ ਗਈ। ਇਨ੍ਹਾਂ ਬ੍ਰਹਮ ਗਿਆਨੀਆਂ ਵਿਚ 48 ਗੁਰਮੁਖ ਸਨ- ਭਾਈ ਮਨੀ ਸਿੰਘ ਸ਼ਹੀਦ, ਬਾਬਾ ਦੀਪ ਸਿੰਘ ਸ਼ਹੀਦ, ਬਾਬਾ ਰਾਮ ਸਿੰਘ ਕੁਇਰ, ਬਾਬਾ ਕਾਨ੍ਹ ਸਿੰਘ, ਬਾਬਾ ਬਿਨੋਦ ਸਿੰਘ, ਬਾਬਾ ਗੁਰਮੁਖ ਸਿੰਘ ਸ਼ਹੀਦ, ਭਾਈ ਦਾਨ ਸਿੰਘ, ਭਾਈ ਧਰਮ ਸਿੰਘ, ਭਾਈ ਪਰਮ ਸਿੰਘ, ਭਾਈ ਸ਼ਮੀਰ ਸਿੰਘ, ਭਾਈ ਨੰਦ ਲਾਲ, ਭਾਈ ਧੰਨਾ ਸਿੰਘ, ਭਾਈ ਦਇਆ ਸਿੰਘ, ਭਾਈ ਜੀਵਾ ਸਿੰਘ, ਭਾਈ ਪਿਆਰਾ ਸਿੰਘ, ਭਾਈ ਬੀਰ ਸਿੰਘ, ਭਾਈ ਧੀਰ ਸਿੰਘ, ਭਾਈ ਸੁੰਦਰ ਸਿੰਘ, ਭਾਈ ਅਮਰ ਸਿੰਘ, ਭਾਈ ਤਾਰਾ ਸਿੰਘ, ਭਾਈ ਜਗਜੀਵਨ ਸਿੰਘ, ਭਾਈ ਗੋਪਾਲ ਸਿੰਘ, ਭਾਈ ਗਿਆਨ ਸਿੰਘ, ਭਾਈ ਬਿਸੰਭਰ ਸਿੰਘ, ਭਾਈ ਹਰਗੋਪਾਲ ਸਿੰਘ, ਭਾਈ ਮਾਨ ਸਿੰਘ, ਭਾਈ ਰਾਏ ਸਿੰਘ, ਭਾਈ ਮੱਖਣ ਸਿੰਘ, ਭਾਈ ਮਦਨ ਸਿੰਘ, ਭਾਈ ਧਰਨ ਸਿੰਘ, ਭਾਈ ਸੁਜਾਨ ਸਿੰਘ, ਭਾਈ ਜੀਵਨ ਸਿੰਘ, ਭਾਈ ਅਕਾਲ ਸਿੰਘ, ਭਾਈ ਪ੍ਰਿਤਪਾਲ ਸਿੰਘ, ਭਾਈ ਦਿਆਲ ਸਿੰਘ, ਭਾਈ ਬਖ਼ਤਾਵਰ ਸਿੰਘ, ਭਾਈ ਦੇਵਾ ਸਿੰਘ, ਭਾਈ ਮੇਵਾ ਸਿੰਘ, ਭਾਈ ਗਿਆਨ ਸਿੰਘ, ਭਾਈ ਅਚਲ ਸਿੰਘ, ਰਾਜਾ ਜੈ ਸਿੰਘ, ਰਾਜਾ ਬਿਸ਼ਨ ਸਿੰਘ, ਭਾਈ ਭਾਗ ਸਿੰਘ, ਭਾਈ ਵਸਾਵਾ ਸਿੰਘ, ਭਾਈ ਘਣੀਆ ਸਿੰਘ, ਭਾਈ ਰਾਮ ਸਿੰਘ, ਭਾਈ ਤਿਰਲੋਕ ਸਿੰਘ ਅਤੇ ਭਾਈ ਮਲਿਅਗਰ ਸਿੰਘ ਸ਼ਾਮਲ ਸਨ। ਇਨ੍ਹਾਂ ਗੁਰਸਿੱਖਾਂ ਬਾਰੇ ਗਿਆਨੀ ਗੁਰਬਚਨ ਸਿੰਘ ਭਿੰਡਰਾਂ ਨੇ 'ਗੁਰਮੁਖ ਪ੍ਰਕਾਸ਼' 'ਚ ਅੰਕਿਤ ਕੀਤਾ ਹੈ :

**ਤਖ਼ਤ ਦਮਦਮੇ ਸੋਂ ਪੜੇ**
**ਅਠਤਾਲੀ ਸਿੰਘ ਰਾਸ।**
**ਅਰਕ ਸੰਪਦਾ ਪਾਠ ਕੀ**
**ਚਲੀ ਤਬੀ ਤੇ ਖਾਸ।**

ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਪਿੱਛੋਂ ਗੁਰੂ ਜੀ ਨੇ ਬਚੀਆਂ ਹੋਈਆਂ ਕਲਮਾਂ ਤੇ ਸਿਆਹੀ ਆਦਿ ਸਮੱਗਰੀ ਲਿਖਣਸਰ ਦੇ ਟੋਭੇ 'ਚ ਪ੍ਰਵਾਹਿਤ ਕਰ ਕੇ ਇਸ ਧਰਤੀ ਨੂੰ 'ਗੁਰੂ ਕੀ ਕਾਸ਼ੀ' ਹੋਣ ਦਾ ਵਰਦਾਨ ਦਿੰਦਿਆਂ ਫਰਮਾਇਆ ਸੀ :

**ਇਹ ਹੈ ਪ੍ਰਗਟ ਹਮਾਰੀ ਕਾਸ਼ੀ॥**
**ਪੜ੍ਹ ਹੈਂ ਈਹਾਂ ਢੋਰ ਮਤ ਰਾਸੀ॥**
**ਲੇਖਨ ਗੁਨੀ ਕਵਿੰਦ ਗਿਆਨੀ॥**
**ਬੁਧਿਸਿੰਧੂ ਹ੍ਵੈ ਹੈਂ ਇਤਿ ਆਨੀ॥**
**ਤਿਨ ਕੇ ਕਾਰਨ ਕਲਮ ਗਢ,**
**ਦੇਤ ਪ੍ਰਗਟ ਹਮ ਡਾਰ॥**
**ਸਿਖ ਸਖਾ ਸਭ ਪੜੈਂਗੇ,**
**ਹਮਰੇ ਕਈ ਹਜ਼ਾਰ॥**

ਚੌਧਰੀ ਡੱਲੇ ਦਾ ਮਾਣ ਤੋੜਨ ਲਈ ਗੁਰੂ ਜੀ ਨੇ ਲਾਹੌਰ ਵਾਸੀ ਭਾਈ ਉਦੇ ਸਿੰਘ ਵੱਲੋਂ ਭੇਟ ਕੀਤੀ ਬੰਦੂਕ ਦੀ ਪਰਖ ਲਈ ਉਸ ਨੂੰ ਆਪਣੇ ਯੋਧੇ ਭੇਜਣ ਲਈ ਕਿਹਾ ਪਰ ਡੱਲੇ ਦੇ ਸੈਨਿਕ ਅਣਿਆਈ ਮੌਤ ਮਰਨ ਤੋਂ ਕੋਰਾ ਜਵਾਬ ਦੇ ਗਏ। ਗੁਰੂ ਜੀ ਦਾ ਹੁਕਮ ਮੰਨ ਕੇ ਪਿਉ-ਪੁੱਤਰ ਬਾਬਾ ਬੀਰ ਸਿੰਘ ਤੇ ਬਾਬਾ ਧੀਰ ਸਿੰਘ ਨੇ ਖ਼ੁਦ ਨੂੰ ਗੁਰੂ ਜੀ ਦੇ ਸਨਮੁੱਖ ਪੇਸ਼ ਕੀਤਾ। ਉਨ੍ਹਾਂ ਮਰਜੀਵੜਿਆਂ ਦੀ ਯਾਦ 'ਚ ਇਥੇ ਇਕ ਗੁਰਦੁਆਰਾ ਮੌਜੂਦ ਹੈ।

ਗੁਰੂ ਜੀ ਜੇ ਦਰਬਾਰ ਵਿਚ ਇਥੇ ਦਿੱਲੀ ਤੋਂ ਮਾਤਾਵਾਂ (ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ) ਭਾਈ ਮਨੀ ਸਿੰਘ ਸਮੇਤ ਪਹੁੰਚੀਆਂ ਤਾਂ ਉਨ੍ਹਾਂ ਨੂੰ ਆਪਣੇ ਸਾਹਿਬਜ਼ਾਦੇ ਨਜ਼ਰ ਨਾ ਆਏ। ਗੁਰੂ ਜੀ ਤੋਂ ਪੁੱਛਣ 'ਤੇ ਦਸਮੇਸ਼ ਪਿਤਾ ਨੇ ਭਰੇ ਦਰਬਾਰ ਵੱਲ ਸੰਕੇਤ ਕਰ ਕੇ ਫਰਮਾਇਆ :

**ਇਨ ਪੁਤਰਨ ਕੇ ਸੀਸ ਪਰ**
**ਵਾਰ ਦੀਏ ਸੁਤ ਚਾਰ॥**
**ਚਾਰ ਮੂਏ ਤੋਂ ਕਿਆ ਹੂਆ**
**ਜੀਵਤ ਕਈ ਹਜ਼ਾਰ॥**

ਉਸ ਯਾਦਗਾਰ ਦਾ ਪ੍ਰਤੀਕ ਇਕ ਗੁਰਦੁਆਰਾ (ਜੋ ਮਾਤਾਵਾਂ ਦੇ ਨਾਂ 'ਤੇ ਹੈ) ਇਥੇ ਸੁਸ਼ੋਭਿਤ ਹੈ।

ਗੁਰਦੁਆਰਾ ਜੰਡਸਰ ਸਾਹਿਬ ਉਹ ਸਥਾਨ ਹੈ, ਜਿੱਥੇ ਗੁਰੂ ਜੀ ਨੇ ਜੰਡ ਨਾਲ ਘੋੜਾ ਬੰਨ੍ਹ ਕੇ ਆਪਣੇ ਸੈਨਿਕਾਂ ਨੂੰ ਗੁਪਤ ਖ਼ਜ਼ਾਨਾ ਕੱਢ ਕੇ ਤਨਖ਼ਾਹਾਂ ਵੰਡੀਆਂ। ਗੁਰਦੁਆਰਾ ਮਹੱਲਸਰ ਵਿਖੇ ਗੁਰੂ ਜੀ ਨੇ ਬੀਰ ਰਸ ਦਾ ਪ੍ਰਤੀਕ ਮਹੱਲਾ ਖੇਡਿਆ ਸੀ। ਬਾਬਾ ਦੀਪ ਸਿੰਘ ਨਾਲ ਸਬੰਧਤ ਤਿੰਨ ਸਥਾਨ ਇਥੇ ਮੌਜੂਦ ਹਨ, ਜਿਨ੍ਹਾਂ ਵਿਚ ਭੋਰਾ ਸਾਹਿਬ, ਬੁਰਜ ਅਤੇ ਖੂਹ ਸ਼ਾਮਲ ਹਨ।

ਤਖ਼ਤ ਸਾਹਿਬ ਵਿਖੇ ਜੋ ਇਤਿਹਾਸਕ ਨਿਸ਼ਾਨੀਆਂ ਮੌਜੂਦ ਹਨ, ਉਨ੍ਹਾਂ ਵਿਚ ਇਤਿਹਾਸਕ ਬੰਦੂਕ, ਅਬਰੇ ਰਹਿਮਤ ਬਾਰ ਸ਼ੀਸ਼ਾ, ਤੇਗਾ ਬਾਬਾ ਦੀਪ ਸਿੰਘ, ਮੋਹਰ ਤਖ਼ਤ ਸਾਹਿਬ ਅਤੇ ਕ੍ਰਿਪਾਨ ਗੁਰੂ ਸਾਹਿਬ ਸ਼ਾਮਲ ਹਨ। ਇਸ ਤੋਂ ਇਲਾਵਾ ਭਾਈ ਡੱਲੇ ਦੇ ਖ਼ਾਨਦਾਨ ਕੋਲ ਵੀ ਗੁਰੂ-ਬਖ਼ਸ਼ਿਸ਼ ਦੁਆਰਾ ਰੱਖੀਆਂ ਕੁਝ ਦੁਰਲੱਭ ਤੇ ਪਵਿੱਤਰ ਵਸਤਾਂ ਪਈਆਂ ਹਨ, ਜਿਨ੍ਹਾਂ ਵਿਚ ਤੇਗਾ, ਸ੍ਰੀ ਸਾਹਿਬ, ਵੱਡੀ ਦਸਤਾਰ, ਛੋਟੀ ਦਸਤਾਰ, ਵੱਡਾ ਚੋਲਾ, ਛੋਟਾ ਚੋਲਾ, ਬਾਜ਼ ਦੀ ਡੋਰ, ਰੇਬ ਪਜਾਮਾ, ਮਾਤਾ ਸਾਹਿਬ ਕੌਰ ਦਾ ਰੇਬ ਪਜਾਮਾ ਅਤੇ ਛੋਟੇ ਆਕਾਰ ਦੀ ਬੀੜ ਸ਼ਾਮਲ ਹੈ। ਇਨ੍ਹਾਂ ਚੀਜ਼ਾਂ ਦੇ ਦਰਸ਼ਨ ਭਾਈ ਡਲ ਸਿੰਘ ਦੇ ਗ੍ਰਹਿ ਵਿਖੇ ਸਵੇਰ ਤੋਂ ਸ਼ਾਮ ਤਕ ਸੰਗਤਾਂ ਨੂੰ ਕਰਵਾਏ ਜਾਂਦੇ ਹਨ ਜਦਕਿ ਕਿਸੇ ਸਮੇਂ ਹਰੇਕ ਚਾਨਣੀ ਦਸਮੀਂ ਨੂੰ ਇਹ ਵਸਤਾਂ ਵਿਖਾਈਆਂ ਜਾਂਦੀਆਂ ਹਨ।

ਵੀਹ ਕੁ ਸਾਲ ਪਹਿਲਾਂ ਤਕ ਤਖ਼ਤ ਸਾਹਿਬ ਵਿਖੇ ਸੰਗਤਾਂ ਦੀ ਆਮਦ ਬਹੁਤ ਘੱਟ ਸੀ ਪਰ ਹੁਣ ਵਿਸਾਖੀ ਤੋਂ ਇਲਾਵਾ ਆਮ ਦਿਨ੍ਹਾਂ ਵਿਚ ਵੀ ਸੰਗਤਾਂ ਦਾ ਇਕੱਠ ਬਹੁਤ ਹੁੰਦਾ ਹੈ। ਮੱਸਿਆ ਅਤੇ ਐਤਵਾਰ ਦੇ ਦਿਨਾਂ ਵਿਚ ਵਿਸ਼ੇਸ਼ ਦੀਵਾਨ ਲਗਦੇ ਹਨ, ਜਿਸ ਵਿਚ ਢਾਡੀ ਤੇ ਕਵੀਸ਼ਰ ਗੁਰੂ-ਜੱਸ ਦਾ ਗਾਇਨ ਕਰ ਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ।

ਕਰੀਬ ਤਿੰਨ ਸੌ ਸਾਲ ਪਹਿਲਾਂ ਦਸਮੇਸ਼ ਪਿਤਾ ਨੇ ਜੋ ਵਰਦਾਨ ਇਸ ਬੰਜਰ ਭੂਮੀ ਤੇ ਪਛੜੇ ਇਲਾਕੇ ਨੂੰ ਦਿੱਤੇ ਸਨ, ਉਹ ਸਾਰੇ ਹੀ ਸਹਿਜਤਾ ਤੇ ਨਿਰੰਤਰਤਾ ਨਾਲ ਫਲੀਭੂਤ ਹੁੰਦੇ ਨਜ਼ਰ ਆ ਰਹੇ ਹਨ। ਉੱਚ ਵਿੱਦਿਆ ਦੀ ਸਭ ਤੋਂ ਵੱਡੀ ਸੰਸਥਾ, ਗੁਰੂ ਕਾਸ਼ੀ ਕਾਲਜ ਇਥੇ 1962 ਵਿਚ ਸਥਾਪਤ ਹੋਇਆ, 1988 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਆਪਣਾ ਕੈਂਪਸ ਸਥਾਪਤ ਕੀਤਾ, 1997 ਵਿਚ ਸ਼੍ਰੋਮਣੀ ਕਮੇਟੀ ਵੱਲੋਂ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਦੀ ਸਥਾਪਨਾ ਕੀਤੀ ਗਈ, ਦੋ ਯੂਨੀਵਰਸਿਟੀਆਂ 'ਗੁਰੂ ਕਾਸ਼ੀ ਯੂਨੀਵਰਸਿਟੀ' ਅਤੇ 'ਅਕਾਲ ਯੂਨੀਵਰਸਿਟੀ' ਤੋਂ ਇਲਾਵਾ ਇਥੇ ਸਕੂਲੀ ਪੜ੍ਹਾਈ ਲਈ ਬਹੁਤ ਸਾਰੇ ਸਰਕਾਰੀ ਅਤੇ ਨਿੱਜੀ ਵਿੱਦਿਅਕ ਅਦਾਰੇ 'ਗੁਰੂ ਕੀ ਕਾਸ਼ੀ' ਦੇ ਸੰਕਲਪ ਨੂੰ ਮੂਰਤੀਮਾਨ ਕਰ ਰਹੇ ਹਨ। •

94176-92015

# ਦੀਵਾਲੀ 'ਤੇ ਸਰਕਾਰ ਦਾ ਖਾਸ ਤੋਹਫਾ ! 3 ਫੀਸਦੀ ਵਧਾਇਆ ਮਹਿੰਗਾਈ ਭੱਤਾ

**ਕੌਮੀ ਪਤ੍ਰਿਕਾ**

ਪਟਨਾ 3 ਅਕਤੂਬਰ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਮੀਟਿੰਗ ਵਿੱਚ, ਦੀਵਾਲੀ ਅਤੇ ਛੱਠ ਤੋਂ ਪਹਿਲਾਂ ਰਾਜ ਦੇ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਰਾਹਤ ਪ੍ਰਦਾਨ ਕਰਨ ਲਈ ਮਹਿੰਗਾਈ ਭੱਤੇ (41) ਦੀ ਦਰ 55 ਫੀਸਦੀ ਤੋਂ ਵਧਾ ਕੇ 58 ਫੀਸਦੀ ਕਰਨ ਦੇ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ ਗਈ। ਉਪ ਮੁੱਖ ਮੰਤਰੀ ਸਮਰਾਟ ਚੌਧਰੀ, ਜੋ ਵਿੱਤ ਵਿਭਾਗ ਦੇ ਇੰਚਾਰਜ ਹਨ, ਨੇ ਕਿਹਾ ਕਿ ਸਰਕਾਰ ਵੱਲੋਂ ਇਹ ਤਿਉਹਾਰੀ ਤੋਹਫ਼ਾ ਮੌਜੂਦਾ ਵਿੱਤੀ ਸਾਲ ਵਿੱਚ ਰਾਜ ਦੇ ਖਜ਼ਾਨੇ 'ਤੇ 917.78 ਕਰੋੜ ਦਾ ਵਾਧੂ ਬੋਝ ਪਾਏਗਾ। ਰਾਜ ਸਰਕਾਰ ਦੁਆਰਾ ਦਿੱਤੀ ਗਈ ਜਾਣਕਾਰੀ ਦੇ ਅਨੁਸਾਰ, ਮੀਟਿੰਗ ਵਿੱਚ ਕੁੱਲ 129 ਪ੍ਰਸਤਾਵਾਂ ਨੂੰ ਮਨਜ਼ੂਰੀ ਦਿੱਤੀ ਗਈ। ਕੈਬਨਿਟ ਮੀਟਿੰਗ ਤੋਂ ਬਾਅਦ ਸੂਚਨਾ ਭਵਨ ਦੇ ਆਡੀਟੋਰੀਅਮ ਵਿੱਚ ਆਯੋਜਿਤ ਇੱਕ ਪ੍ਰੈਸ ਕਾਨਫਰੰਸ ਵਿੱਚ, ਕੈਬਨਿਟ ਵਿਭਾਗ ਦੇ ਵਧੀਕ ਮੁੱਖ ਸਕੱਤਰ (ਏ.ਸੀ.ਐਸ.) ਅਰਵਿੰਦ ਕੁਮਾਰ ਚੌਧਰੀ ਨੇ ਦੱਸਿਆ ਕਿ ਸੋਧੀ ਹੋਈ ਦਰ 1 ਜੁਲਾਈ, 2025 ਤੋਂ ਲਾਗੂ ਹੋਵੇਗੀ। ਪਹਿਲਾਂ, 1 ਜਨਵਰੀ, 2025 ਤੋਂ 55 ਫੀਸਦੀ ਦੀ ਦਰ ਨਾਲ ਮਹਿੰਗਾਈ ਭੱਤਾ ਦਿੱਤਾ ਜਾ ਰਿਹਾ ਸੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ 1 ਜੁਲਾਈ ਤੋਂ ਮਹਿੰਗਾਈ ਭੱਤੇ ਨੂੰ 58 ਫੀਸਦੀ ਕਰਨ ਤੋਂ ਬਾਅਦ ਬਿਹਾਰ ਸਰਕਾਰ ਨੇ ਵੀ ਇਹ ਕਦਮ ਚੁੱਕਿਆ ਹੈ। ਏ.ਸੀ.ਐਸ. ਨੇ ਕਿਹਾ ਕਿ ਇਸ ਫੈਸਲੇ ਨਾਲ ਵਿੱਤੀ ਸਾਲ 2025-26 ਵਿੱਚ 917.78 ਕਰੋੜ ਦਾ ਵਾਧੂ ਖਰਚਾ ਬੋਝ ਪਵੇਗਾ। ਉਨ੍ਹਾਂ ਕਿਹਾ ਕਿ ਇਹ ਫੈਸਲਾ ਇਹ ਯਕੀਨੀ ਬਣਾਉਣ ਲਈ ਲਿਆ ਗਿਆ ਹੈ ਕਿ ਲੱਖਾਂ ਕਰਮਚਾਰੀ ਅਤੇ ਪੈਨਸ਼ਨਰ ਮਹਿੰਗਾਈ ਤੋਂ ਪ੍ਰਭਾਵਿਤ ਨਾ ਹੋਣ ਅਤੇ ਉਨ੍ਹਾਂ ਨੂੰ ਸਮੇਂ ਸਿਰ ਰਾਹਤ ਪ੍ਰਦਾਨ ਕੀਤੀ




ਜਾ ਸਕੇ। ਅਰਵਿੰਦ ਚੌਧਰੀ ਨੇ ਦੱਸਿਆ ਕਿ ਕੈਬਨਿਟ ਨੇ ਰਾਜ ਵਿੱਚ ਨਾਟਕ ਅਤੇ ਫਿਲਮ ਸਿੱਖਿਆ ਦੇ ਖੇਤਰ ਵਿੱਚ ਸੰਸਥਾਗਤ ਸਿਖਲਾਈ ਕੇਂਦਰਾਂ ਦੀ ਘਾਟ ਨੂੰ ਦੂਰ ਕਰਨ ਲਈ ਬਿਹਾਰ ਫਿਲਮ ਅਤੇ ਡਰਾਮਾ ਸੰਸਥਾ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਰਾਜਧਾਨੀ ਪਟਨਾ ਵਿੱਚ ਸੈਲਾਨੀਆਂ ਲਈ ਮਿਆਰੀ ਰਿਹਾਇਸ਼ੀ ਸਹੂਲਤਾਂ ਪ੍ਰਦਾਨ ਕਰਨ ਲਈ ਬਾਂਕੀਪੁਰ ਬੱਸ ਸਟੈਂਡ ਕੰਪਲੈਕਸ ਵਿੱਚ 3.24 ਏਕੜ ਜ਼ਮੀਨ 'ਤੇ ਪੰਜ-ਸਿਤਾਰਾ ਹੋਟਲ ਦੇ ਨਿਰਮਾਣ ਲਈ ਸਫਲ ਬੋਲੀਕਾਰ ਸਰਗਾ ਹੋਟਲ ਪ੍ਰਾਈਵੇਟ ਲਿਮਟਿਡ, ਕੋਲਕਾਤਾ ਨੂੰ ਇੱਕ ਪੁਰਸਕਾਰ ਪੱਤਰ (*®1) ਜਾਰੀ ਕਰਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਚੌਧਰੀ ਨੇ ਕਿਹਾ ਕਿ ਇਸ ਤੋਂ ਇਲਾਵਾ, ਕਾਸ਼ੀ ਵਿਸ਼ਵਨਾਥ ਕੋਰੀਡੋਰ (ਵਾਰਾਨਸੀ) ਦੀ ਤਰਜ਼ 'ਤੇ ਗਯਾ ਵਿੱਚ ਵਿਸ਼ਨੂੰਪਦ ਮੰਦਰ ਖੇਤਰ ਨੂੰ ਵਿਆਪਕ ਤੌਰ 'ਤੇ ਵਿਕਸਤ ਕਰਨ ਲਈ HCP ਦੀ ਸਥਾਪਨਾ ਕੀਤੀ ਜਾਵੇਗੀ। ਡਿਜ਼ਾਈਨ ਪਲੈਨਿੰਗ ਐਂਡ ਮੈਨੇਜਮੈਂਟ ਪ੍ਰਾਈਵੇਟ ਲਿਮਟਿਡ, ਅਹਿਮਦਾਬਾਦ ਨੂੰ ਮੁੱਖ ਸਲਾਹਕਾਰ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਔਰਤਾਂ ਦੀ ਸੁਰੱਖਿਆ ਅਤੇ ਪੁਨਰਵਾਸ ਨੂੰ ਧਿਆਨ ਵਿੱਚ ਰੱਖਦੇ ਹੋਏ, ਕੈਬਨਿਟ ਨੇ ਮੁੱਖ ਮੰਤਰੀ ਨਾਰੀ ਸ਼ਕਤੀ ਯੋਜਨਾ ਅਧੀਨ ਚਲਾਏ ਜਾਂਦੇ ਸ਼ਾਰਟ ਸਟੇਅ ਹੋਮਜ਼ ਨੂੰ ਸ਼ਕਤੀ ਸਦਨ (ਸ਼ਕਤੀ ਸਦਨ) ਵਿੱਚ ਬਦਲਣ ਨੂੰ ਮਨਜ਼ੂਰੀ ਦਿੱਤੀ। ACS ਨੇ ਕਿਹਾ ਕਿ ਕੈਬਨਿਟ ਨੇ ਪੈਨਸ਼ਨਰਾਂ ਲਈ ਸਾਲਾਨਾ ਜੀਵਨ ਪ੍ਰਮਾਣੀਕਰਣ ਪ੍ਰਕਿਰਿਆ ਨੂੰ ਸਰਲ ਬਣਾਉਣ ਲਈ ਕਾਮਨ ਸਰਵਿਸ ਸੈਂਟਰ ਈ-ਗਵਰਨੈਂਸ ਸਰਵਿਸਿਜ਼ ਇੰਡੀਆ ਲਿਮਟਿਡ ਦੀ ਚੋਣ ਕਰਨ ਦਾ ਫੈਸਲਾ ਕੀਤਾ ਹੈ, ਜਿਸ ਨਾਲ ਉਹ ਇਸਨੂੰ ਨਜ਼ਦੀਕੀ ਕਾਮਨ ਸਰਵਿਸ ਸੈਂਟਰ ਤੋਂ ਮੁਫਤ ਪ੍ਰਾਪਤ ਕਰ ਸਕਣਗੇ। ਉਨ੍ਹਾਂ ਕਿਹਾ ਕਿ ਸ਼ਹਿਰੀ ਖੇਤਰਾਂ ਵਿੱਚ ਟੀਕਾਕਰਨ ਮੁਹਿੰਮ ਨੂੰ ਮਜ਼ਬੂਤ ??ਕਰਨ ਲਈ, ਕੈਬਨਿਟ ਨੇ ਕੰਟਰੈਕਟ ਏਐਨਐਮਜ਼ ਦੇ ਮਾਣਭੱਤੇ ਨੂੰ 11,500 ਰੁਪਏ ਤੋਂ ਵਧਾ ਕੇ 15,000 ਰੁਪਏ ਪ੍ਰਤੀ ਮਹੀਨਾ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਵਿੱਚ 5 ਫੀਸਦੀ ਸਾਲਾਨਾ ਵਾਧੇ ਦੀ ਵਿਵਸਥਾ ਹੈ। ਅਰਵਿੰਦ ਨੇ ਕਿਹਾ ਕਿ ਮੁੱਖ ਮੰਤਰੀ ਲੜਕੇ ਅਤੇ ਲੜਕੀਆਂ ਸਕਾਲਰਸ਼ਿਪ ਯੋਜਨਾ ਦੇ ਤਹਿਤ, 9ਵੀਂ ਅਤੇ 10ਵੀਂ ਜਮਾਤ ਦੇ ਜਨਰਲ ਵਰਗ (ਘੱਟ ਗਿਣਤੀ ਸਮੇਤ) ਦੇ ਵਿਦਿਆਰਥੀਆਂ ਲਈ ਸਾਲਾਨਾ ਸਕਾਲਰਸ਼ਿਪ ਦਰ 1,800 ਰੁਪਏ ਤੋਂ ਵਧਾ ਕੇ 3,600 ਰੁਪਏ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਸੋਧ ਦੇ ਨਤੀਜੇ ਵਜੋਂ ਲਗਭਗ 99.21 ਕਰੋੜ ਰੁਪਏ ਦਾ ਵਾਧੂ ਸਾਲਾਨਾ ਖਰਚਾ ਹੋਵੇਗਾ।

## ਪੰਜਾਬ ਪੁਲਸ ਦੇ ਮੁਲਾਜ਼ਮ ਨੂੰ ਹੋਈ ਜੇਲ੍ਹ ! ਵੀਡੀਓ ਵਾਇਰਲ ਹੋਣ ਮਗਰੋਂ ਫਸਿਆ ਸੀ ਸੁਖਦੇਵ ਸਿੰਘ

ਸ੍ਰੀ ਮੁਕਤਸਰ ਸਾਹਿਬ 4 ਅਕਤੂਬਰ। ਸ੍ਰੀ ਮੁਕਤਸਰ ਸਾਹਿਬ ਦੀ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਅਮਿਤਾ ਸਿੰਘ ਦੀ ਅਦਾਲਤ ਨੇ ਰਿਸ਼ਵਤ ਦੇ ਇਕ ਮਾਮਲੇ ਵਿਚ ਪੰਜਾਬ ਪੁਲਸ ਦੇ ਏ. ਐੱਸ. ਆਈ. ਨੂੰ ਚਾਰ ਸਾਲ ਦੀ ਕੈਦ ਅਤੇ 50 ਹਜ਼ਾਰ ਰੁਪਏ ਜੁਰਮਾਨੇ ਦੀ ਸ਼ਜਾ ਸੁਣਾਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮਲੋਟ ਵਾਸੀ ਦੇਸ਼ ਰਾਜ ਜੋ ਕਿ ਜੁੱਤੀਆਂ ਦਾ ਕੰਮ ਕਰਦਾ ਸੀ ਦਾ ਆਪਣੇ ਗੁਆਂਢ ਵਿਚ ਹੀ ਇਕ ਵਿਅਕਤੀ ਨਾਲ ਝਗੜਾ ਹੋ ਗਿਆ। ਇਸ ਝਗੜੇ ਦੌਰਾਨ ਦੋਹਾਂ ਪਾਸਿਆਂ ਤੋਂ ਕਰਾਸ ਮਾਮਲਾ ਦਰਜ਼ ਹੋਇਆ। ਇਸ ਮਾਮਲੇ ਦੇ ਤਫ਼ਤੀਸ਼ੀ ਅਫ਼ਸਰ ਸੁਖਦੇਵ ਸਿੰਘ ਵੱਲੋਂ ਕਥਿਤ ਤੌਰ ਤੇ ਦੇਸ਼ ਰਾਜ ਨੂੰ ਤੰਗ ਪ੍ਰੇਸ਼ਾਨ ਕੀਤਾ ਜਾਣ ਲੱਗਾ। ਬਿਆਨਕਰਤਾ ਅਨੁਸਾਰ ਉਸ ਦੀ ਦੁਕਾਨ 'ਤੇ ਆ ਕੇ ਉਸ ਦੇ ਪਿਤਾ ਅਤੇ ਭਰਾ ਨੂੰ ਵੀ ਰਿਸ਼ਵਤ ਲਈ ਤਫ਼ਤੀਸ਼ੀ ਅਫ਼ਸਰ ਸੁਖਦੇਵ ਸਿੰਘ ਵੱਲੋਂ ਆਖਿਆ ਜਾਣ ਲੱਗਾ। ਇਸ ਦੌਰਾਨ ਪੁੱਛਗਿੱਛ ਲਈ ਵਾਰ ਵਾਰ ਉਸ ਨੂੰ ਬੁਲਾਇਆ ਗਿਆ। ਦੇਸ਼ਰਾਜ ਅਨੁਸਾਰ ਉਸ ਤੋਂ ਪਹਿਲਾ 15500 ਰਿਸ਼ਵਤ ਲਈ ਗਈ ਅਤੇ ਫਿਰ ਚਲਾਨ ਪੇਸ਼ ਕਰਨ ਲਈ 10 ਹਜ਼ਾਰ ਰੁਪਏ ਦੀ ਹੋਰ ਮੰਗ ਕੀਤੀ ਗਈ। ਜਿਸ ਚੋਂ ਦੇਸ ਰਾਜ ਨੇ 5 ਹਜ਼ਾਰ ਰੁਪਏ ਦੇ ਦਿੱਤੇ ਅਤੇ ਜਦ ਰਿਸ਼ਵਤ ਦੇ 5 ਹਜ਼ਾਰ ਬਾਕੀ ਲੈਣ ਲਈ ਸੁਖਦੇਵ ਸਿੰਘ ਉਸਦੀ ਦੁਕਾਨ 'ਤੇ ਆਇਆ ਤਾਂ ਉਨ੍ਹਾਂ ਪੈਸੇ ਲੈਂਦਿਆ ਦੀ ਵੀਡੀਓ ਬਣਾ ਲਈ। ਇਸ ਰਿਸ਼ਵਤ ਲੈਂਦਿਆ ਦੀ ਵੀਡੀਓ ਦੇ ਅਧਾਰ 'ਤੇ ਹੋਈ ਸ਼ਿਕਾਇਤ ਵਿਚ ਵਿਜੀਲੈਂਸ ਨੇ ਸੁਖਦੇਵ ਸਿੰਘ ਤੇ ਮਾਮਲਾ ਦਰਜ ਕਰ ਲਿਆ। ਮਾਮਲੇ ਦੀ ਸੁਣਵਾਈ ਕਰਦਿਆਂ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਅਮਿਤਾ ਸਿੰਘ ਦੀ ਅਦਾਲਤ ਨੇ ਏ. ਐੱਸ. ਆਈ. ਸੁਖਦੇਵ ਸਿੰਘ ਨੂੰ 7 ਪੀ. ਸੀ. ਐਕਟ ਤਹਿਤ 4 ਸਾਲ ਦੀ ਕੈਦ ਅਤੇ 50 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

## ਡਾ. ਐਸ. ਪੀ. ਸਿੰਘ ਵੱਲੋਂ ਕਾਂਗਰਸ ਪ੍ਰਤੀ ਜ਼ਾਹਰ ਕੀਤੀ ਹਮਾਇਤ ਇਤਿਹਾਸਕ ਸੱਚਾਈਆਂ ਤੋਂ ਮੂੰਹ ਮੋੜਨ ਦੇ ਬਰਾਬਰ

ਅੰਮ੍ਰਿਤਸਰ, 4 ਅਕਤੂਬਰ। ਭਾਜਪਾ ਪੰਜਾਬ ਦੇ ਬੁਲਾਰੇ ਅਤੇ ਸਿੱਖ ਚਿੰਤਕ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਬਕਾ ਵਾਈਸ ਚਾਂਸਲਰ ਡਾ. ਐਸ. ਪੀ. ਸਿੰਘ ਵੱਲੋਂ ਲੁਧਿਆਣਾ ਵਿੱਚ ਕੁਝ ਅਧਿਆਪਕਾਂ, ਬੁੱਧੀਜੀਵੀਆਂ ਅਤੇ ਲੇਖਕਾਂ ਦੀ ਇਕ ਗੈਰ ਰਸਮੀ ਇਹ ਇਕੱਤਰਤਾ ਤੋਂ ਬਾਅਦ ਜਾਰੀ ਬਿਆਨ ਵਿੱਚ ਕਾਂਗਰਸ ਪ੍ਰਤੀ ਦਿਖਾਈ ਹਮਾਇਤ ਨੂੰ ਸਖ਼ਤ ਨਿਸ਼ਾਨਾ ਬਣਾਉਂਦੇ ਹੋਏ ਕਿਹਾ ਕਿ ਇਹ ਸਿਰਫ਼ ਤੱਥਾਂ ਦੀ ਗ਼ਲਤ ਵਿਆਖਿਆ ਹੀ ਨਹੀਂ ਸਗੋਂ ਪੰਜਾਬ ਦੇ ਇਤਿਹਾਸਕ ਜ਼ਖ਼ਮਾਂ ਨਾਲ ਖਿਲਵਾੜ ਕਰਨ ਦੇ ਬਰਾਬਰ ਹੈ। ਪ੍ਰੋ. ਖਿਆਲਾ ਨੇ ਕਿਹਾ ਕਿ ਡਾ. ਸਿੰਘ ਵੱਲੋਂ ਇਹ ਦਲੀਲ ਦੇਣਾ ਕਿ ਓਪਰੇਸ਼ਨ ਬਲੂ ਸਟਾਰ ਲਈ ਇੰਦਰਾ ਗਾਂਧੀ ਮਜਬੂਰ ਹੋਈ ਸੀ ਅਤੇ ਅਸਲ ਦਬਾਅ ਕਿਸੇ ਹੋਰ ਪਾਰਟੀ ਵੱਲੋਂ ਆਇਆ ਸੀ, ਸੱਚਾਈ ਤੋਂ ਪਰੇ ਹੈ। 1984 ਵਿੱਚ ਸ੍ਰੀ ਦਰਬਾਰ ਸਾਹਿਬ ਤੇ ਕੀਤੇ ਗਏ ਹਮਲੇ ਲਈ ਇੰਦਰਾ ਗਾਂਧੀ ਦੀ ਸਿੱਧੀ ਰਾਜਨੀਤਿਕ ਜ਼ਿੰਮੇਵਾਰੀ ਸਾਬਤ ਇਤਿਹਾਸਕ ਸੱਚ ਹੈ। ਇਸ ਜ਼ਖ਼ਮ ਨੂੰ ਕਿਸੇ ਹੋਰ ਦੇ ਸਿਰ ਮੜ੍ਹਨ ਦੀ ਕੋਸ਼ਿਸ਼ ਕਰਨਾ ਸਿੱਖ ਕੌਮ ਨਾਲ ਧੋਖੇ ਦੇ ਬਰਾਬਰ ਹੈ। ਪ੍ਰੋ. ਖਿਆਲਾ ਨੇ ਯਾਦ ਕਰਵਾਇਆ ਕਿ 1984 ਦੇ ਨਵੰਬਰ ਕਤਲੇਆਮ ਦੀਆਂ ਰਿਪੋਰਟਾਂ, ਸੱਜਣ ਕੁਮਾਰ, ਜਗਦੀਸ਼ ਟਾਈਟਲਰ, ਅਤੇ ਹੋਰ ਕਾਂਗਰਸੀ ਆਗੂਆਂ ਦੀ ਭੂਮਿਕਾ ਸਿਰਫ਼ ਕੂੜ ਪ੍ਰਚਾਰ ਨਹੀਂ ਸੀ ਸਗੋਂ ਸੱਚਮੁੱਚ ਅਦਾਲਤਾਂ ਤੱਕ ਪਹੁੰਚ ਕੇ ਸਜ਼ਾਵਾਂ ਤੱਕ ਪਹੁੰਚਣ ਵਾਲਾ ਦਰਦਨਾਕ ਸੱਚ ਹੈ। ਅੱਜ ਵੀ ਹਜ਼ਾਰਾਂ ਸਿੱਖ ਪਰਿਵਾਰਾਂ ਦੇ ਜ਼ਖ਼ਮ ਤਾਜ਼ਾ ਹਨ। ਅਜਿਹੀ ਪਾਰਟੀ ਨੂੰ ਘੱਟ ਗਿਣਤੀਆਂ ਦੇ ਹਿੱਤਾਂ ਦੀ ਰਾਖੀ ਕਰਨ ਵਾਲੀ ਦੱਸਣਾ ਇਤਿਹਾਸ ਨੂੰ ਪੁੱਠਾ ਗੇੜਾ ਹੈ। ਪ੍ਰੋ. ਖਿਆਲਾ ਨੇ ਕਿਹਾ ਕਿ ਕਾਂਗਰਸ ਨੇ ਹੀ ਪੰਜਾਬ ਵਿੱਚ ਦਹਾਕਿਆਂ ਤੱਕ ਧਾਰਮਿਕ, ਰਾਜਨੀਤਿਕ ਤੇ ਖੇਤੀਬਾੜੀ ਹਿੱਤਾਂ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਇਆ। ਚਾਹੇ ਪੰਜਾਬੀ ਸੂਬੇ ਦੀ ਰਚਨਾ ਵਿੱਚ ਰੁਕਾਵਟਾਂ ਪਾਉਣ ਦੀ ਗੱਲ ਹੋਵੇ, ਪੰਜਾਬ ਦੇ ਪਾਣੀ ਦੇ ਹੱਕਾਂ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਹੋਵੇ ਜਾਂ ਫਿਰ ਪੰਥਕ ਮਸਲਿਆਂ 'ਤੇ ਵੋਟ ਬੈਂਕ ਦੀ ਰਾਜਨੀਤੀ, ਕਾਂਗਰਸ ਦਾ ਰਿਕਾਰਡ ਹਮੇਸ਼ਾ ਸਿੱਖ ਵਿਰੋਧੀ ਹੀ ਰਿਹਾ ਹੈ।

## ਨਸ਼ੀਲੀਆਂ ਦਵਾਈਆਂ ਅਤੇ ਨਾਜਾਇਜ਼ ਸ਼ਰਾਬ ਸਮੇਤ 5 ਲੋਕ ਗ੍ਰਿਫ਼ਤਾਰ

ਬਠਿੰਡਾ 4 ਅਕਤੂਬਰ। ਜ਼ਿਲ੍ਹਾ ਪੁਲਸ ਨੇ ਵੱਖ-ਵੱਖ ਥਾਵਾਂ ਤੋਂ 5 ਮੁਲਜ਼ਮਾਂ ਨੂੰ ਨਸ਼ੀਲੀਆਂ ਦਵਾਈਆਂ ਅਤੇ ਨਾਜਾਇਜ਼ ਸ਼ਰਾਬ ਸਮੇਤ ਗ੍ਰਿਫ਼ਤਾਰ ਕੀਤਾ ਹੈ। ਜਾਣਕਾਰੀ ਅਨੁਸਾਰ ਸਦਰ ਥਾਣਾ ਬਠਿੰਡਾ ਪੁਲਸ ਨੇ ਮੁਲਜ਼ਮ ਖੇਮਰਾਜ ਵਾਸੀ ਕਟਾਰ ਸਿੰਘ ਵਾਲਾ ਨੂੰ ਕਟਾਰ ਸਿੰਘ ਵਾਲਾ ਤੋਂ ਗ੍ਰਿਫ਼ਤਾਰ ਕਰਕੇ ਉਸ ਕੋਲੋਂ ਪ੍ਰੀਗਾਬਾਲਿਨ ਦੇ 60 ਕੈਪਸੂਲ ਬਰਾਮਦ ਕੀਤੇ ਹਨ। ਇਸੇ ਤਰ੍ਹਾਂ ਭਗਤਾ ਭਾਈਕਾ ਥਾਣਾ ਪੁਲਸ ਨੇ ਦੋਸ਼ੀ ਮੋਹਨ ਸਿੰਘ ਵਾਸੀ ਸਿਰੀਵਾਲਾ ਨੂੰ ਦਿਆਲਪੁਰਾ ਭਾਈਕਾ ਤੋਂ ਗ੍ਰਿਫ਼ਤਾਰ ਕਰਕੇ ਉਸ ਕੋਲੋਂ 50 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ। ਇੱਕ ਹੋਰ ਮਾਮਲੇ ਵਿੱਚ ਕੋਟਫੱਤਾ ਥਾਣਾ ਪੁਲਸ ਨੇ ਦੋਸ਼ੀ ਸਾਹਿਬ ਸਿੰਘ ਨੂੰ ਗਹਿਰੀ ਭਾਗੀ ਤੋਂ ਗ੍ਰਿਫ਼ਤਾਰ ਕਰ ਉਸ ਕੋਲੋਂ 40 ਲੀਟਰ ਲਾਹਣ ਅਤੇ 1.75 ਲੀਟਰ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਗਈ। ਇਸ ਦੌਰਾਨ ਸੰਗਤ ਥਾਣਾ ਪੁਲਸ ਨੇ ਦੋਸ਼ੀ ਔਰਤ ਸੁਮਨਪ੍ਰੀਤ ਕੌਰ ਨੂੰ ਜੈ ਸਿੰਘ ਵਾਲਾ ਤੋਂ ਗ੍ਰਿਫ਼ਤਾਰ ਕਰਕੇ ਉਸ ਕੋਲੋਂ 100 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ। ਇੱਕ ਹੋਰ ਮਾਮਲੇ ਵਿੱਚ ਮੌੜ ਪੁਲਸ ਨੇ ਮੌੜ ਖੁਰਦ ਤੋਂ ਨਰਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਉਸ ਤੋਂ 10 ਲੀਟਰ ਨਾਜਾਇਜ਼ ਸ਼ਰਾਬ ਬਰਾਮਦ ਕੀਤੀ। ਪੁਲਸ ਨੇ ਮੁਲਜ਼ਮਾਂ ਖ਼?ਲਾਫ਼ ਕੇਸ ਦਰਜ ਕਰ ਲਏ ਹਨ ਅਤੇ ਅਗਲੇਰੀ ਕਾਰਵਾਈ ਜਾਰੀ ਹੈ।

## ਤਿਉਹਾਰਾਂ ਦੇ ਮੱਦੇਨਜ਼ਰ ਰੇਲਵੇ ਦਾ ਵੱਡਾ ਫੈਸਲਾ: ਸ਼ੁਰੂ ਹੋਣ ਜਾ ਰਹੀ ਵਿਸ਼ੇਸ਼ ਟਰੇਨ

ਫਿਰੋਜ਼ਪੁਰ 4 ਅਕਤੂਬਰ। ਅਗਾਮੀ ਤਿਉਹਾਰਾਂ ਨੂੰ ਦੇਖਦੇ ਹੋਏ ਰੇਲਵੇ ਵੱਲੋਂ ਰੇਲ ਯਾਤਰੀਆਂ ਦੀ ਸਹੂਲਤ ਲਈ ਇੱਕ ਹਫਤਾਵਾਰੀ ਤਿਉਹਾਰ ਵਿਸ਼ੇਸ਼ ਰੇਲਗੱਡੀ ਚਲਾਈ ਜਾ ਰਹੀ ਹੈ, ਜਿਸਦੇ ਤਹਿਤ ਵਿਸ਼ੇਸ਼ ਰੇਲਗੱਡੀ 09098 ਲੁਧਿਆਣਾ ਤੋਂ ਬਾਂਦਰਾ ਟਰਮੀਨਸ ਲਈ ਹਰ ਮੰਗਲਵਾਰ 07.10.2025 ਤੋਂ 02.12.2025 ਤੱਕ ਚੱਲੇਗੀ। ਇਹ ਤਿਉਹਾਰ ਵਿਸ਼ੇਸ਼ ਰੇਲਗੱਡੀ ਲੁਧਿਆਣਾ ਤੋਂ ਸਵੇਰੇ 04:00 ਵਜੇ ਰਵਾਨਾ ਹੋਵੇਗੀ ਅਤੇ 30 ਘੰਟਿਆਂ ਬਾਅਦ ਸਵੇਰੇ 10:20 ਵਜੇ ਬਾਂਦਰਾ ਟਰਮੀਨਸ ਪਹੁੰਚੇਗੀ। ਤਿਉਹਾਰ ਵਿਸ਼ੇਸ਼ ਰੇਲਗੱਡੀ 09097 ਹਰ ਐਤਵਾਰ 05.10.2025 ਤੋਂ 30.11.2025 ਤੱਕ ਬਾਂਦਰਾ ਟਰਮੀਨਸ ਤੋਂ ਲੁਧਿਆਣਾ ਲਈ ਚੱਲੇਗੀ। ਇਹ ਵਿਸ਼ੇਸ਼ ਰੇਲਗੱਡੀ 09097 ਬਾਂਦਰਾ ਟਰਮੀਨਸ ਤੋਂ 21:50 ਵਜੇ ਰਵਾਨਾ ਹੋਵੇਗੀ ਅਤੇ 26 ਘੰਟਿਆਂ ਬਾਅਦ ਸਵੇਰੇ 00:30 ਵਜੇ ਲੁਧਿਆਣਾ ਪਹੁੰਚੇਗੀ। ਇਹ ਜਾਣਕਾਰੀ ਦਿੰਦੇ ਹੋਏ ਡੀਆਰਐਮ ਦਫ਼ਤਰ ਫਿਰੋਜ਼ਪੁਰ ਦੇ ਅਧਿਕਾਰੀਆਂ ਨੇ ਦੱਸਿਆ ਕਿ ਯਾਤਰੀਆਂ ਦੀ ਸਹੂਲਤ ਲਈ, ਇਹ ਵਿਸ਼ੇਸ਼ ਰੇਲਗੱਡੀ ਅੰਬਾਲਾ ਕੈਂਟ, ਪਾਣੀਪਤ, ਨਵੀਂ ਦਿੱਲੀ, ਮਥੁਰਾ, ਹਿੰਡੌਨ ਸਿਟੀ, ਗੰਗਾਪੁਰ ਸਿਟੀ, ਸਵਾਈ ਮਾਧੋਪੁਰ, ਕੋਟਾ, ਰਤਲਾਮ, ਵਡੋਦਰਾ, ਭਰੂਚ, ਸੂਰਤ, ਵਲਸਾਡ, ਵਾਪੀ, ਪਾਲਘਰ ਅਤੇ ਬੋਰੀਵਲੀ ਰੇਲਵੇ ਸਟੇਸ਼ਨਾਂ ''ਤੇ ਦੋਵਾਂ ਦਿਸ਼ਾਵਾਂ ਵਿੱਚ ਰੁਕੇਗੀ।

## ਜਲੰਧਰ 'ਚ ਭਾਜਪਾ ਆਗੂ ਮਨੋਰੰਜਨ ਕਾਲੀਆ ਦੇ ਘਰ ਬਾਹਰ ਵਾਪਰਿਆ ਹਾਦਸਾ

ਜਲੰਧਰ 4 ਅਕਤੂਬਰ। ਜਲੰਧਰ ਵਿੱਚ ਸਾਬਕਾ ਮੰਤਰੀ ਅਤੇ ਸੀਨੀਅਰ ਭਾਜਪਾ ਆਗੂ ਮਨੋਰੰਜਨ ਕਾਲੀਆ ਦੇ ਘਰ ਦੇ ਬਾਹਰ ਕਾਰ ਚਲਾਉਣਾ ਸਿੱਖ ਰਹੀ ਇਕ ਨੌਜਵਾਨ ਕੁੜੀ ਕਾਰਨ ਹਾਦਸਾ ਵਾਪਰ ਗਿਆ, ਜਿਸ ਕਾਰਨ ਇਕ ਅਖ਼ਬਾਰ ਵੇਚਣ ਵਾਲਾ ਗੰਭੀਰ ਰੂਪ ਨਾਲ ਜ਼ਖਮੀ ਹੋ ਗਿਆ। ਕੁੜੀ ਵੱਲੋਂ ਕਾਰ ਬੈਕ ਕਰਦੇ ਸਮੇਂ ਹਾਦਸਾ ਵਾਪਰਿਆ। ਘਟਨਾ ਵਿਚ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਦੀ ਨਿੱਜੀ ਗੱਡੀ ਅਤੇ ਉਨ੍ਹਾਂ ਦਾ ਘਰ ਦਾ ਇਕ ਹਿੱਸਾ ਨੁਕਸਾਨਿਆ ਗਿਆ ਹੈ। ਥਾਣਾ ਡਿਵੀਜ਼ਨ ਨੰਬਰ 3 ਦੀ ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਪੀੜਤ ਹਾਕਰ ਦਾ ਸਿਵਲ ਹਸਪਤਾਲ ਜਲੰਧਰ ਵਿੱਚ ਇਲਾਜ ਕੀਤਾ ਗਿਆ। ਰਸਤਾ ਮੁਹੱਲਾ ਦੇ ਵਸਨੀਕ ਦੀਪਕ ਨੇ ਕਿਹਾ ਕਿ ਇਹ ਹਾਦਸਾ ਸਵੇਰੇ ਸਵਾ 7 ਵਜੇ ਦੇ ਕਰੀਬ ਵਾਪਰਿਆ। ਮੈਂ ਆਪਣੀ ਸਾਈਕਲ 'ਤੇ ਅਖ਼ਬਾਰ ਵੰਡ ਰਿਹਾ ਸੀ। ਇਸੇ ਦੌਰਾਨ ਪਿੱਛੇ ਤੋਂ ਆ ਰਹੀ ਇਕ ਕਾਰ ਨੇ ਮੈਨੂੰ ਟੱਕਰ ਮਾਰ ਦਿੱਤੀ। ਇਹ ਘਟਨਾ ਸ਼ਾਸਤਰੀ ਮਾਰਕੀਟ ਚੌਂਕ ਦੇ ਨੇੜੇ ਵਾਪਰੀ। ਮੈਂ ਇਕੱਲਾ ਹੀ ਜ਼ਖ਼ਮੀ ਸੀ। ਦੂਜਿਆਂ ਦੀ ਮਦਦ ਨਾਲ ਮੈਨੂੰ ਸਿਵਲ ਹਸਪਤਾਲ ਜਲੰਧਰ ਵਿੱਚ ਦਾਖ਼ਲ ਕਰਵਾਇਆ ਗਿਆ।

## ਸਿਹਤ ਵਿਭਾਗ ਵੱਲੋਂ ਜ਼ਿਲ੍ਹਾ ਵਾਸੀਆਂ ਨੂੰ ਡੇਂਗੂ ਤੋਂ ਬਚਾਅ ਦੀ ਅਪੀਲ

**ਕੌਮੀ ਪਤ੍ਰਿਕਾ**

ਦੀਨਾਨਗਰ 4 ਅਕਤੂਬਰ। ਸਿਹਤ ਵਿਭਾਗ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਘਰਾਂ ਅਤੇ ਆਲੇ-ਦੁਆਲੇ, ਕਿਤੇ ਵੀ ਪਾਣੀ ਜਮ?ਹਾ ਨਾ ਹੋਣ ਦੇਣ ਅਤੇ ਸਰੀਰ ਨੂੰ ਪੂਰੀ ਤਰ੍ਹਾਂ ਢੱਕਣ ਵਾਲੇ ਕੱਪੜੇ ਪਾਉਣ। ਪੀ.ਐੱਚ.ਸੀ. ਬਹਿਰਾਮਪੁਰ ਦੇ ਐੱਸ.ਐੱਮ.ਓ. ਡਾ. ਰਵਿੰਦਰ ਸਿੰਘ ਮਠਾਰੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੇਂਗੂ ਜਿਹੇ ਮਾਰੂ ਬੁਖ਼ਾਰ ਤੋਂ ਬਚਾਅ ਲਈ ਸਾਰਿਆਂ ਨੂੰ ਜਾਗਰੂਕ ਹੋਣ ਅਤੇ ਸਾਵਧਾਨੀਆਂ ਵਰਤਣ ਦੀ ਲੋੜ ਹੈ। ਉਨ੍ਹਾਂ ਡੇਂਗੂ ਦੀ ਰੋਕਥਾਮ ਲਈ ਆਮ ਪਬਲਿਕ ਨੂੰ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਲੋਕਾਂ ਦੀ ਮਦਦ ਨਾਲ ਹੀ ਆਪਣੇ ਜ਼ਿਲ੍ਹੇ ਨੂੰ ਡੇਂਗੂ ਮੁਕਤ ਬਣਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸਿਹਤ ਵਿਭਾਗ ਡੇਂਗੂ ਦੀ ਰੋਕਥਾਮ ਲਈ ਲਈ ਆਪਣੀ ਪੂਰੀ ਵਾਹ ਲਾ ਰਿਹਾ ਹੈ ਪਰ ਲੋਕਾਂ ਨੂੰ ਵੀ ਇਸ ਮੁਹਿੰਮ ਵਿਚ ਵਿਭਾਗ ਦਾ ਸਾਥ ਦੇਣ ਦੀ ਲੋੜ ਹੈ। ਕਿਸੇ ਤਰ੍ਹਾਂ ਦੀ ਜਾਣਕਾਰੀ ਲਈ ਸਿਹਤ ਵਿਭਾਗ ਦੇ ਹੈਲਪ-ਲਾਈਨ ਨੰਬਰ 104 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਡਾ. ਰਵਿੰਦਰ ਸਿੰਘ ਮਠਾਰੂ ਨੇ ਕਿਹਾ ਕਿ ਜੇ ਕਿਸੇ ਕਾਰਨ ਡੇਂਗੂ ਬੁਖ਼ਾਰ ਹੋ ਜਾਂਦਾ ਹੈ ਤਾਂ ਘਬਰਾਉਣ ਦੀ ਲੋੜ ਨਹੀਂ। ਮਰੀਜ਼ ਨੂੰ ਸਰਕਾਰੀ ਸਿਹਤ ਸੰਸਥਾ ਵਿਚ ਲਿਆਂਦਾ ਜਾਵੇ ਜਿੱਥੇ ਡੇਂਗੂ ਦਾ ਟੈਸਟ ਅਤੇ ਇਲਾਜ ਬਿਲਕੁਲ ਮੁਫ਼ਤ ਹੈ। ਉਨ੍ਹਾਂ ਆਖਿਆ ਕਿ ਆਮ ਤੌਰ 'ਤੇ ਹਰ ਕਿਸਮ ਦੇ ਬੁਖ਼ਾਰ ਦੌਰਾਨ ਸਰੀਰ ਵਿਚਲੇ ਪਲੇਟਲੈੱਟਸ ਘੱਟ ਜਾਂਦੇ ਹਨ। ਬੱਕਰੀ ਦਾ ਦੁੱਧ, ਕੀਵੀ ਫਲ ਜਾਂ



ਨਾਰੀਅਲ ਦਾ ਪਾਣੀ ਵਿਸ਼ੇਸ਼ ਤੌਰ 'ਤੇ ਪਲੇਟਲੈੱਟਸ ਵਧਾਉਣ ਵਿਚ ਸਹਾਈ ਨਹੀਂ ਹੁੰਦੇ। ਮਰੀਜ਼ ਤਰਲ ਪਦਾਰਥਾਂ ਜਿਵੇਂ ਪਾਣੀ, ਜੂਸ, ਨਿੰਬੂ ਪਾਣੀ, ਨਾਰੀਅਲ ਪਾਣੀ ਆਦਿ ਦਾ ਵੱਧ ਤੋਂ ਵੱਧ ਸੇਵਨ ਕਰੇ ਅਤੇ ਆਰਾਮ ਕਰੇ। ਰੋਜ਼ਾਨਾ ਘੱਟੋ-ਘੱਟ ਦੋ ਲੀਟਰ ਪਾਣੀ ਦਾ ਸੇਵਨ ਕੀਤਾ ਜਾਵੇ ਜੋ ਆਮ ਤੰਦਰੁਸਤ ਵਿਅਕਤੀ ਲਈ ਵੀ ਫ਼ਾਇਦੇਮੰਦ ਹੁੰਦਾ ਹੈ। ਤਰਲ ਪਦਾਰਥ ਜਿੱਥੇ ਸਰੀਰ ਵਿਚ ਪਾਣੀ ਦੀ ਕਮੀ ਨਹੀਂ ਹੋਣ ਦਿੰਦੇ, ਉੱਥੇ ਸਰੀਰ ਨੂੰ ਜ਼ਰੂਰੀ ਪੋਸ਼ਕ ਵੀ ਦਿੰਦੇ ਹਨ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਲੋਕਾਂ ਨੂੰ ਇਸ ਬਿਮਾਰੀ ਤੋਂ ਬਚਾਉਣ ਅਤੇ ਇਸ ਦੇ ਫੈਲਾਅ ਨੂੰ ਰੋਕਣ ਲਈ ਪੂਰੀ ਤਰ੍ਹਾਂ ਡਟੀਆਂ ਹੋਈਆਂ ਹਨ। ਇਹ ਟੀਮਾਂ ਉੱਚ ਜੋਖ਼ਮ ਵਾਲੇ ਖੇਤਰਾਂ ਅਤੇ ਹੋਰ ਖੇਤਰਾਂ ਵਿਚ ਜਾ ਕੇ ਜਾਂਚ ਦਾ ਕੰਮ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਪਿੰਡਾਂ ਅਤੇ ਸ਼ਹਿਰਾਂ ਵਿਚ ਜਾਂਚ ਤੇ ਜਾਗਰੂਕਤਾ ਮੁਹਿੰਮ ਜੰਗੀ ਪੱਧਰ 'ਤੇ ਚੱਲ ਰਹੀ ਹੈ। ਡਾ. ਰਵਿੰਦਰ ਸਿੰਘ ਨੇ ਦੱਸਿਆ ਕਿ ਡੇਂਗੂ ਇਕ ਬੁਖ਼ਾਰ ਹੈ ਜੋ ਏਡੀਜ਼ ਅਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਡੇਂਗੂ ਦੇ ਆਮ ਲੱਛਣਾਂ ਵਿਚ ਤੇਜ਼ ਸਿਰਦਰਦ ਅਤੇ ਤੇਜ਼ ਬੁਖ਼ਾਰ, ਮਾਸਪੇਸ਼ੀਆਂ ਅਤੇ ਜੋੜਾਂ ਵਿਚ ਦਰਦ, ਅੱਖ ਦੇ ਪਿਛਲੇ ਹਿੱਸੇ ਵਿਚ ਦਰਦ, ਹਾਲਤ ਖ਼ਰਾਬ ਹੋਣ 'ਤੇ ਨੱਕ, ਮੂੰਹ ਅਤੇ ਮਸੂੜ੍ਹਿਆਂ ਵਿਚੋਂ ਖ਼ੂਨ ਵਗਣਾ, ਜੀ ਕੱਚਾ ਹੋਣਾ ਅਤੇ ਉਲਟੀਆਂ ਆਉਣਾ ਆਦਿ ਸ਼ਾਮਲ ਹਨ। ਡੇਂਗੂ ਫੈਲਾਉਣ ਵਾਲੇ ਮੱਛਰ ਖੜ੍ਹੇ ਸਾਫ਼ ਪਾਣੀ ਵਿਚ ਪਲਦੇ ਹਨ ਜਿਵੇਂ ਕੂਲਰਾਂ, ਪਾਣੀ ਦੀਆਂ ਟੈਂਕੀਆਂ, ਫੁੱਲਾਂ ਦੇ ਗਮਲਿਆਂ, ਫ਼ਰਿਜਾਂ ਪਿੱਛੇ ਲੱਗੀ ਟਰੇਅ, ਟੁੱਟੇ-ਭੱਜੇ ਸੁੱਟੇ ਭਾਂਡਿਆਂ ਅਤੇ ਖ਼ਾਲੀ ਪਏ ਟਾਇਰਾਂ ਅਤੇ ਪਾਣੀ ਵਾਲੇ ਢੋਲਾਂ ਆਦਿ ਵਿਚ। ਇਨ੍ਹਾਂ ਵਿਚ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ।

## ਕੇਂਦਰੀ ਜੇਲ੍ਹ 'ਚ ਮਚਿਆ ਹੜਕੰਪ, ਜਿਊਂਦਾ ਮੁੰਡਾ ਬੈਰਕ 'ਚ, ਪਰਿਵਾਰ ਨੇ ਕਿਸੇ ਹੋਰ ਦੀ ਲਾਸ਼ ਦਾ ਕਰ'ਤਾ ਸਸਕਾਰ

**ਕੌਮੀ ਪਤ੍ਰਿਕਾ**

ਤਰਨਤਾਰਨ 4 ਅਕਤੂਬਰ। ਮਾਨਵ ਅਧਿਕਾਰਾਂ ਦੀਆਂ ਧੱਜੀਆਂ ਉਡਣ ਵਾਲਾ ਇੱਕ ਹੈਰਾਨੀਜਨਕ ਮਾਮਲਾ ਕੇਂਦਰੀ ਜੇਲ੍ਹ ਗੋਇੰਦਵਾਲ ਸਾਹਿਬ ਤੋਂ ਸਾਹਮਣੇ ਆਇਆ ਹੈ। ਜੇਲ੍ਹ ਅਧਿਕਾਰੀਆਂ ਵੱਲੋਂ ਲਾਪਰਵਾਹੀ ਕਰਦਿਆਂ ਇੱਕੋ ਨਾਮ ਵਾਲੇ ਦੋ ਹਵਾਲਾਤੀਆਂ 'ਚੋਂ ਇੱਕ ਦੀ ਮੌਤ ਹੋਣ 'ਤੇ ਉਸਦੀ ਲਾਸ਼ ਗਲਤੀ ਨਾਲ ਦੂਜੇ ਗੁਰਪ੍ਰੀਤ ਸਿੰਘ ਦੇ ਪਰਿਵਾਰ ਨੂੰ ਸੌਂਪ ਦਿੱਤੀ ਗਈ। ਪਰਿਵਾਰਕ ਮੈਂਬਰਾਂ ਨੇ ਉਸਨੂੰ ਆਪਣਾ ਪਰਿਵਾਰਕ ਮੈਂਬਰ ਸਮਝਦਿਆਂ ਅੰਤਿਮ ਸਸਕਾਰ ਕਰ ਦਿੱਤਾ ਤੇ ਅਸਥੀਆਂ ਤੱਕ ਜਲ ਪ੍ਰਵਾਹ ਕਰ ਦਿੱਤੀਆਂ। ਜਾਣਕਾਰੀ ਮੁਤਾਬਕ ਵਿਧਾਨ ਸਭਾ ਹਲਕਾ ਖੇਮਕਰਨ ਦੇ ਪਿੰਡ ਅਲਗੋ ਕੋਠੀ ਦਾ ਨਿਵਾਸੀ ਗੁਰਪ੍ਰੀਤ ਸਿੰਘ ਪੁੱਤਰ ਸੁਖਦੇਵ ਸਿੰਘ ਪਿਛਲੇ 8 ਮਹੀਨਿਆਂ ਤੋਂ ਕੇਂਦਰੀ ਜੇਲ੍ਹ ਗੋਇੰਦਵਾਲ ਸਾਹਿਬ 'ਚ ਕਣਕ ਚੋਰੀ ਦੇ ਮਾਮਲੇ ਹੇਠ ਬੰਦ ਸੀ। ਕੁਝ ਦਿਨ ਪਹਿਲਾਂ ਉਸਦੇ ਪਰਿਵਾਰ ਨੂੰ ਸੂਚਿਤ ਕੀਤਾ ਗਿਆ ਕਿ ਗੁਰਪ੍ਰੀਤ ਸਿੰਘ ਦੀ ਜੇਲ੍ਹ ਵਿੱਚ ਬਿਮਾਰੀ ਕਾਰਨ ਮੌਤ ਹੋ ਗਈ ਹੈ। ਪੋਸਟਮਾਰਟਮ ਤੋਂ ਬਾਅਦ ਲਾਸ਼ ਪਰਿਵਾਰ ਨੂੰ ਸੌਂਪੀ ਗਈ ਅਤੇ ਉਨ੍ਹਾਂ ਨੇ ਸਸਕਾਰ ਕਰਕੇ ਅਸਥੀਆਂ ਵੀ ਜਲ ਵਿੱਚ ਪ੍ਰਵਾਹ ਕਰ ਦਿੱਤੀਆਂ। ਪਰ, ਅਗਲੇ ਦਿਨ ਜਦੋਂ ਪਰਿਵਾਰਕ ਮੈਂਬਰ ਜੇਲ੍ਹ 'ਚ ਉਸਦੇ ਚਾਚੇ ਨੂੰ ਮਿਲਣ ਪਹੁੰਚੇ ਤਾਂ ਪਤਾ ਲੱਗਾ ਕਿ ਗੁਰਪ੍ਰੀਤ ਸਿੰਘ ਪੁੱਤਰ ਸੁਖਦੇਵ ਸਿੰਘ ਤਾਂ ਹਾਲੇ ਵੀ ਜੇਲ੍ਹ ਵਿੱਚ ਜੀਵਤ



ਹੈ। ਇਸ ਖੁਲਾਸੇ ਨਾਲ ਪਰਿਵਾਰ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਅਤੇ ਜੇਲ੍ਹ ਪ੍ਰਸ਼ਾਸਨ ਵਿੱਚ ਹੜਕੰਪ ਮਚ ਗਿਆ। ਦਰਅਸਲ, ਮਰਨ ਵਾਲਾ ਹੋਰ ਗੁਰਪ੍ਰੀਤ ਸਿੰਘ ਵੀ ਅੰਮ੍ਰਿਤਸਰ ਦੇ ਇੱਕ ਪਿੰਡ ਦਾ ਨਿਵਾਸੀ ਸੀ ਜਿਸਦੇ ਪਿਤਾ ਦਾ ਨਾਮ ਵੀ ਸੁਖਦੇਵ ਸਿੰਘ ਹੀ ਹੈ। ਉਹ ਨਸ਼ੇ ਦੇ ਮਾਮਲੇ ਵਿੱਚ ਜੇਲ੍ਹ ਵਿੱਚ ਬੰਦ ਸੀ ਅਤੇ ਉਸਦੀ ਮੌਤ ਹੋਈ ਸੀ। ਪਰਿਵਾਰ ਦਾ ਕਹਿਣਾ ਹੈ ਕਿ ਜੇਲ੍ਹ ਪ੍ਰਸ਼ਾਸਨ ਦੀ ਲਾਪਰਵਾਹੀ ਕਾਰਨ ਉਹ ਆਪਣੇ ਬੱਚੇ ਦੇ ਆਖਰੀ ਦਰਸ਼ਨ ਵੀ ਨਹੀਂ ਕਰ ਸਕੇ। ਦੁਖੀ ਪਰਿਵਾਰ ਨੇ ਜੇਲ ਅਧਿਕਾਰੀਆਂ ਖ਼?ਲਾਫ਼ ਸਖ਼ਤ ਕਾਰਵਾਈ ਦੀ ਮੰਗ ਕਰਦਿਆਂ ਇਨਸਾਫ ਦੀ ਗੁਹਾਰ ਲਗਾਈ ਹੈ।

## ਪਿੰਡ ਕਰਮਗੜ ਵਿਖੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਕੈਂਪ, ਲੋਕਾਂ ਨੇ ਕਰਵਾਇਆ ਰਜਿਸਟਰੇਸ਼ਨ

ਮਹਿਲ ਕਲਾਂ 4 ਅਕਤੂਬਰ। ਪਿੰਡ ਕਰਮਗੜ ਵਿਚ ਪੰਜਾਬ ਸਰਕਾਰ ਦੇ ਹੁਕਮਾਂ ਅਤੇ ਡਿਪਟੀ ਕਮਿਸ਼ਨਰ ਬਰਨਾਲਾ ਟੀ. ਬੈਨਿਥ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਹੇਠ 10 ਲੱਖ ਰੁਪਏ ਤੱਕ ਦੇ ਸਿਹਤ ਕਵਰੇਜ ਲਈ ਰਜਿਸਟਰੇਸ਼ਨ ਕੈਂਪ ਦਾ ਆਯੋਜਨ ਕੀਤਾ ਗਿਆ। ਇਹ ਕੈਂਪ ਮੁਢਲੇ ਸਿਹਤ ਕੇਂਦਰ ਧਨੌਲਾ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵੰਤ ਸਿੰਘ ਔਜਲਾ ਦੀ ਦੇਖ-ਰੇਖ ਹੇਠ ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਮੌਕੇ ਗੁਰਮੀਤ ਸਿੰਘ ਕਰਮਗੜ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਲੋਕਾਂ ਦੀ ਸਿਹਤ ਸੁਰੱਖਿਆ ਲਈ ਗੰਭੀਰ ਹੈ ਅਤੇ ਇਸ ਯੋਜਨਾ ਰਾਹੀਂ ਹਰੇਕ ਯੋਗ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਬੀਮਾ ਸੁਰੱਖਿਆ ਕਵਚ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਕੈਂਪਾਂ ਰਾਹੀਂ ਰਜਿਸਟਰੇਸ਼ਨ ਦੀ ਪ੍ਰਕਿਰਿਆ ਤੇਜ਼ੀ ਨਾਲ ਚੱਲ ਰਹੀ ਹੈ ਅਤੇ ਕੋਈ ਵੀ ਯੋਗ ਪਰਿਵਾਰ ਇਸ ਲਾਭ ਤੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ। ਇਸ ਮੌਕੇ ਸਰਪੰਚ ਹਰਪ੍ਰੀਤ ਕੌਰ ਕਰਮਗੜ, ਪੰਚ ਗੁਰਦੀਪ ਸਿੰਘ ਕਰਮਗੜ, ਗੁਰਬਖਸ਼ ਸਿੰਘ ਅਤੇ ਹਰਕੇਸ਼ ਸਿੰਘ ਨੇ ਸਰਕਾਰ ਵੱਲੋਂ ਪਿੰਡਾਂ ਵਿੱਚ ਸਿੱਧੇ ਤੌਰ 'ਤੇ ਲੋਕਾਂ ਤੱਕ ਯੋਜਨਾ ਦੇ ਲਾਭ ਪਹੁੰਚਾਉਣ ਦੀ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਅਜਿਹੀਆਂ ਸਕੀਮਾਂ ਲੋਕਾਂ ਲਈ ਆਸਰੇ ਦੀ ਕੜੀ ਸਾਬਤ ਹੋ ਰਹੀਆਂ ਹਨ ਅਤੇ ਪਿੰਡ ਵਾਸੀਆਂ ਨੂੰ ਸਰਗਰਮ ਹੋ ਕੇ ਇਨ੍ਹਾਂ ਦਾ ਫ਼ਾਇਦਾ ਲੈਣਾ ਚਾਹੀਦਾ ਹੈ।ਇਸ ਮੌਕੇ ਸੀ.ਐਚ.ਓ. ਮੈਡਮ ਕਿਰਨਦੀਪ ਕੌਰ, ਮੈਡਮ ਕਰਮਜੀਤ ਕੌਰ, ਦਵਿੰਦਰ ਕੌਰ, ਪ੍ਰਿਤਪਾਲ ਕੌਰ, ਪਰਮਜੀਤ ਕੌਰ ਅਤੇ ਆਸਾ ਵਰਕਰਾਂ ਵੀ ਹਾਜ਼ਰ ਰਹੇ।

## ਅੰਮ੍ਰਿਤਸਰ ਪ੍ਰਸ਼ਾਸਨ ਨੇ ਚਾਈਨਾ ਡੋਰ ਦੀ ਵਰਤੋਂ ਤੇ ਵਿਕਰੀ 'ਤੇ ਲਗਾਈ ਪਾਬੰਦੀ

**ਏਜੰਸੀਆਂ**

ਅੰਮ੍ਰਿਤਸਰ 4 ਅਕਤੂਬਰ। ਜ਼ਿਲਾ ਪ੍ਰਸ਼ਾਸਨ ਨੇ ਨਾਈਲੋਨ, ਪਲਾਸਟਿਕ ਜਾਂ ਕਿਸੇ ਹੋਰ ਸਿੰਥੈਟਿਕ ਸਮੱਗਰੀ ਤੋਂ ਬਣੇ ਪਤੰਗ ਉਡਾਉਣ ਵਾਲੇ ਧਾਗੇ ਦੀ ਦਰਾਮਦ ਅਤੇ ਵਰਤੋਂ ਜਿਸ ਨੂੰ ਚੀਨੀ ਡੋਰ ਵਜੋਂ



ਜਾਣਿਆ ਜਾਂਦਾ ਹੈ, ਦੀ ਵਰਤੋਂ ਅਤੇ ਵਿਕਰੀ 'ਤੇ ਪਾਬੰਦੀ ਲਗਾ ਦਿੱਤੀ ਹੈ। ਵਧੀਕ ਜ਼ਿਲਾ ਮੈਜਿਸਟ?ਰੇਟ ਰੋਹਿਤ ਗੁਪਤਾ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਜ਼ਿਲਾ ਅੰਮ੍ਰਿਤਸਰ ਵਿੱਚ ਸਿੰਥੈਟਿਕ ਪਤੰਗ ਉਡਾਉਣ ਵਾਲਾ ਧਾਗਾ ਜੋ ਗੈਰ-ਬਾਇਓਡੀਗ੍ਰੇਡੇਬਲ ਹੋਵੇ ਜਾਂ ਸ਼ੀਸ਼ੇ, ਧਾਤ ਆਦਿ ਦੀ ਵਰਤੋਂ ਕਰਕੇ ਤਿੱਖਾ ਬਣਾਇਆ ਹੋਵੇ, ਦੇ ਨਿਰਮਾਣ, ਵਿਕਰੀ, ਸਟੋਰੇਜ, ਖਰੀਦ, ਸਪਲਾਈ, ਆਵਾਜਾਈ 'ਤੇ ਪੂਰਨ ਪਾਬੰਦੀ ਹੋਵੇਗੀ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਪਤੰਗ ਉਡਾਉਣ ਦੀ ਇਜਾਜ਼ਤ ਸਿਰਫ਼ ਸੂਤੀ ਧਾਗੇ ਨਾਲ ਹੀ ਹੋਵੇਗੀ ਜੋ ਕਿਸੇ ਵੀ ਤਿੱਖੇ/ਧਾਤੂ ਸ਼ੀਸ਼ੇ ਦੇ ਹਿੱਸੇ/ਚਿਪਕਣ ਵਾਲੇ/ਧਾਗੇ ਨੂੰ ਮਜ਼ਬੂਤ ਕਰਨ ਵਾਲੀ ਸਮੱਗਰੀ ਤੋਂ ਮੁਕਤ ਹੋਵੇ। ਉਨ੍ਹਾਂ ਦੱਸਿਆ ਕਿ ਆਪਣੇ ਹੁਕਮਾਂ ਵਿਚ ਉਪ ਮੰਡਲ ਮੈਜਿਸਟ?ਰੇਟ ਅਤੇ ਜ਼ਿਲਾ ਸਿੱਖਿਆ ਅਧਿਕਾਰੀ ਐਲੀਮੈਂਟਰੀ ਅਤੇ ਸੈਕੰਡਰੀ ਨੂੰ ਆਦੇਸ਼ ਦਿੱਤੇ ਹਨ ਕਿ ਆਪਣੇ ਆਪਣੇ ਅਧਿਕਾਰ ਖੇਤਰਾਂ ਵਿਚ ਜਨਤਕ ਜਾਗਰੂਕਤਾ ਮੁਹਿੰਮ ਚਲਾਉਣ ਤਾਂ ਜੋ ਨਾਗਰਿਕਾਂ, ਖਾਸ ਤੌਰ ਤੇ ਬੱਚਿਆਂ ਨੂੰ ਪਲਾਸਟਿਕ, ਨਾਇਲਨ ਜਾਂ ਇਸ ਤਰ੍ਹਾਂ ਦੇ ਸੰਥੈਟਿਕ ਪਦਾਰਥਾਂ ਤੋਂ ਬਣੇ ਧਾਗੇ/ਮਾਂਜ਼ਾ ਜਾਂ ਜਿਸ ਵਿਚ ਚੀਨੀ ਧਾਗਾ ਜਾਂ ਪਤੰਗ ਉਡਾਉਣ ਲਈ, ਕਿਸੇ ਹੋਰ ਧਾਗੇ ਨਾਲ ਲੇਪ ਵਾਲੇ ਕੱਚ, ਧਾਤੂ ਦੇ ਹਿੱਸਿਆਂ ਦੀ ਵਰਤੋਂ ਦੇ ਖਤਰਿਆਂ ਬਾਰੇ ਜਾਗਰੂਕ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪਤੰਗ ਉਡਾਉਣ ਦੌਰਾਨ ਲੋਕਾਂ ਅਤੇ ਪੰਛੀਆਂ ਨੂੰ ਪਲਾਸਟਿਕ, ਨਾਈਲੋਨ ਜਾਂ ਇਸ ਤਰ੍ਹਾਂ ਦੀ ਸਿੰਥੈਟਿਕ ਸਮੱਗਰੀ ਤੋਂ ਬਣੇ ਧਾਗੇ ਨਾਲ ਬਹੁਤ ਜ਼ਿਆਦਾ ਸੱਟਾਂ ਲੱਗਦੀਆਂ ਹਨ। ਬਹੁਤ ਸਾਰੇ ਪੰਛੀਆਂ ਦੀ ਮੌਤ ਦਾ ਕਾਰਨ ਬਣਦਾ ਹੈ, ਇਸ ਲਈ ਲੋਕਾਂ ਨੂੰ ਇਸ ਦੇ ਘਾਤਕ ਪ੍ਰਭਾਵਾਂ ਤੋਂ ਬਚਾਉਣਾ ਜ਼ਰੂਰੀ ਹੈ।

## ਤਿਉਹਾਰੀ ਸੀਜ਼ਨ ਦੇ ਚੱਲਦੇ ਅਲਰਟ 'ਤੇ ਪੁਲਸ, ਲੱਗ ਗਏ ਸਪੈਸ਼ਲ ਨਾਕੇ, ਮੁਲਾਜ਼ਮਾਂ ਨੇ ਜਾਰੀ ਹੋਏ ਹੁਕਮ

**ਕੌਮੀ ਪਤ੍ਰਿਕਾ**

ਸ੍ਰੀ ਮੁਕਤਸਰ ਸਾਹਿਬ 4 ਅਕਤੂਬਰ। ਤਿਉਹਾਰ ਸੀਜ਼ਨ ਨੂੰ ਧਿਆਨ ਵਿਚ ਰੱਖਦਿਆਂ ਸ੍ਰੀ ਮੁਕਤਸਰ ਸਾਹਿਬ ਦੇ ਐੱਸ.ਐੱਸ.ਪੀ ਡਾ. ਅਖਿਲ ਚੌਧਰੀ ਆਈ.ਪੀ.ਐੱਸ ਵਲੋਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਚ ਕਾਨੂੰਨ-ਵਿਵਸਥਾ ਨੂੰ ਬਣਾਈ ਰੱਖਣ ਅਤੇ ਸ਼ਹਿਰ ਵਾਸੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਜਿੱਥੇ ਉਨ੍ਹਾਂ ਵਲੋਂ ਖੁਦ ਰਾਤ ਸਮੇਂ ਰਾਮ ਲੀਲਾ ਗਰਾਊਂਡ ਅਤੇ ਸ਼ਹਿਰ ਦੇ ਵੱਖ-ਵੱਖ ਨਾਕਿਆਂ ਤੇ ਚੈਕਿੰਗ ਕੀਤੀ ਗਈ ਅਤੇ ਪੁਲਸ ਮੁਲਾਜ਼ਮਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ। ਐੱਸ.ਐੱਸ.ਪੀ ਡਾ. ਅਖਿਲ ਚੌਧਰੀ ਨੇ ਦੱਸਿਆ ਕਿ ਤਿਉਹਾਰੀ ਸੀਜ਼ਨ ਦੌਰਾਨ ਸ੍ਰੀ ਮੁਕਤਸਰ ਸਾਹਿਬ ਵਿਚ ਵਧੇਰੇ ਸੁਰੱਖਿਆ ਪ੍ਰਬੰਧਾਂ ਲਈ 500 ਤੋਂ ਵੱਧ ਪੁਲਸ ਮੁਲਾਜ਼ਮਾਂ ਨੂੰ ਸੜਕਾਂ ਅਤੇ ਭੀੜ ਵਾਲੇ ਇਲਾਕਿਆਂ 'ਚ ਤਾਇਨਾਤ ਕੀਤਾ ਗਿਆ ਹੈ। ਸ਼ਹਿਰ ਦੇ ਮੁੱਖ ਚੌਰਾਹਿਆਂ, ਅੰਦਰੂਨੀ ਬਾਜ਼ਾਰਾਂ ਅਤੇ ਸੰਵੇਦਨਸ਼ੀਲ ਸਥਾਨਾਂ 'ਤੇ ਵੱਧ ਸੁਰੱਖਿਆ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਇਸ ਤੋਂ ਇਲਾਵਾ ਚਾਰੇ ਸਬ ਡਿਵੀਜ਼ਨਾਂ ਸ੍ਰੀ ਮੁਕਤਸਰ ਸਾਹਿਬ, ਮਲੋਟ, ਗਿੱਦੜਬਾਹਾ ਅਤੇ ਲੰਬੀ ਵਿਚ ਵੱਖ-ਵੱਖ ਨਾਕੇ ਲਗਾਏ ਗਏ ਹਨ ਅਤੇ ਹਰ ਨਾਕੇ ਤੇ 24 ਘੰਟੇ ਪੁਲਸ ਮੁਲਾਜ਼ਮ ਤਾਇਨਾਤ ਕੀਤੇ ਗਏ ਹਨ। ਪੀ.ਸੀ.ਆਰ ਮੋਟਰਸਾਈਕਲ ਅਤੇ ਗਸ਼ਤ ਟੀਮਾਂ ਵੀ ਤਿਆਰ ਕੀਤੀਆਂ ਗਈਆਂ ਹਨ ਜਿਨ੍ਹਾਂ ਵਲੋਂ ਲਗਾਤਾਰ ਸ਼ਰਾਰਤੀ ਅਨਸਰਾਂ ਤੇ ਨਿਗਹਾ ਰੱਖੀ ਜਾ ਰਹੀ ਹੈ। ਐੱਸ.ਐੱਸ.ਪੀ ਨੇ ਕਿਹਾ ਕਿ ਰਾਤ ਦੇ ਸਮੇਂ ਨਾਈਟ ਡੋਮੀਨੇਸ਼ਨ ਪੈਟਰੋਲਿੰਗ ਨੂੰ ਹੋਰ ਮਜ਼ਬੂਤ ਕੀਤਾ ਗਿਆ ਹੈ। ਰਾਤ ਸਮੇਂ



ਸੁਰੱਖਿਆ ਦੇ ਪੱਖੋਂ ਬੱਸ ਅੱਡੇ ਦੇ ਨਜ਼ਦੀਕ ਲੰਬੇ ਸਮੇਂ ਤੋਂ ਲਵਾਰਸ ਅਵਸਥਾ ਵਿਚ ਖੜ੍ਹੇ ਸ਼ੱਕੀ ਵਾਹਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਦੌਰਾਨ 'ਵਾਹਨ ਐਪ' ਦੀ ਮਦਦ ਨਾਲ ਵਾਹਨਾਂ ਨੂੰ ਵੈਰੀਫਾਈ ਕੀਤਾ ਤੇ ਉਨ੍ਹਾਂ ਦੇ ਪੁਲਸ ਰਿਕਾਰਡ ਨੂੰ ਵੀ ਵੇਰੀਫਾਈ ਕੀਤਾ ਗਿਆ ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਉਨ੍ਹਾਂ ਵਿਚੋਂ ਕੋਈ ਵਾਹਨ ਕਿਸੇ ਨਾਜਾਇਜ਼ ਗਤੀਵਿਧੀ ਜਾਂ ਪੈਂਡਿੰਗ ਕੇਸ ਵਿਚ ਲੋੜੀਂਦਾ ਤਾਂ ਨਹੀਂ ਹੈ। ਇਸ ਤੋਂ ਇਲਾਵਾ ਰਾਤ ਸਮੇਂ ਵੱਖ-ਵੱਖ ਪੁਲਸ ਟੀਮਾਂ ਨਾਲ ਸ਼ਹਿਰ ਦੇ ਵੱਖ-ਵੱਖ ਥਾਵਾਂ ਤੇ ਨਾਕੇ ਲਗਾਏ ਜਾ ਰਹੇ ਹਨ। ਮੁੱਖ ਰੂਟਾਂ, ਕਾਲੋਨੀਆਂ, ਬਜ਼ਾਰਾਂ, ਜਿੱਥੇ ਆਵਾਜਾਈ ਵਧੇਰੇ ਆਉਣ-ਜਾਣ ਰਹਿੰਦੀ ਹੈ - ਉਥੇ ਨਾਕੇ ਲਗਾ ਕੇ ਹਰ ਵਾਹਨ ਅਤੇ ਵਿਅਕਤੀ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਸ ਕੰਟਰੋਲ ਰੂਮ ਨੂੰ ਹਮੇਸ਼ਾ ਐਕਟਿਵ ਰੱਖਣ ਲਈ ਹਦਾਇਤਾਂ ਦਿੱਤੀਆਂ ਗਈਆਂ ਹਨ। ਪੀ.ਸੀ.ਆਰ ਮੁਲਾਜ਼ਮਾਂ ਨੂੰ ਆਪਣੀ ਡਿਊਟੀ ਚੌਕਸੀ ਨਾਲ ਨਿਭਾਉਣ ਅਤੇ ਵਾਇਰਲੈੱਸ ਸੈਟਾਂ ਨੂੰ ਹਮੇਸ਼ਾ ਚਾਰਜ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ ਤਾਂ ਜੋ ਕਿਸੇ ਵੀ ਘਟਨਾ ਦੀ ਸੂਚਨਾ ਮਿਲਣ 'ਤੇ ਤੁਰੰਤ ਕਾਰਵਾਈ ਕੀਤੀ ਜਾ ਸਕੇ। ਜ਼ਿਲ੍ਹੇ ਅੰਦਰ ਦੇ ਪ੍ਰਵੇਸ਼ ਬਿੰਦੂਆਂ, ਬਾਹਰੀ ਰਿੰਗ ਰੋਡ ਅਤੇ ਮੁੱਖ ਮਾਰਗਾਂ ਅਤੇ ਅੰਦਰੂਨੀ ਥਾਵਾਂ 'ਤੇ ਲਗਭਗ 50 ਤੋਂ ਵੱਧ ਨਾਕੇ ਦਿਨ-ਰਾਤ ਲਗਾਏ ਜਾਣਗੇ। ਦੂਜੇ ਸੂਬਿਆਂ ਤੋਂ ਆਉਣ ਵਾਲੇ ਵਾਹਨਾਂ ਅਤੇ ਸ਼ੱਕੀ ਵਿਅਕਤੀਆਂ ਦੀ ਜਾਂਚ ਕੀਤੀ ਜਾ ਰਹੀ ਹੈ ।